ਨਵੰਬਰ 2025

# ਗੁਰਮਤਿ ਵਿਰਸਾ

# GURMAT VIRSA गुरमति विरसा

Year-7, Issue-4, November 2025, Ludhiana gurmatvirsa@gmail.com Multilingual Price 25/-



# 5 ਅਕਤੂਬਰ 2025 ਨੂੰ ਦੁਆਬਾ ਖੇਤਰ ਵਲੋਂ ਕਰਵਾਏ ਗੁਰਮਤਿ ਅਤੇ ਨਰੋਈ ਸਿਹਤ ਮੁਕਾਬਲੇ ਦੀਆਂ ਝਲਕਾਂ ਤਸਵੀਰਾਂ ਦੀ ਜ਼ੁਬਾਨੀ











# ਗੁਰਮਤਿ ਵਿਰਸਾ

ਨਵੰਬਰ 2025 (ਮਾਸਿਕ ਮੈਗਜ਼ੀਨ)

**ਮੁੱਖ ਸੰਪਾਦਕ** : ਰਾਣਾ ਇੰਦਰਜੀਤ ਸਿੰਘ
**ਸੰਪਾਦਕ** : ਪ੍ਰਿੰ. ਗੁਰਬਚਨ ਸਿੰਘ ਪੰਨਵਾਂ
**ਸੰਪਾਦਕ** : ਕੈਪਟਨ ਅਵਤਾਰ ਸਿੰਘ ਪਰਿੰਗੜੀ
**ਪ੍ਰਬੰਧਕ**: ਗੁਰਮਤਿ ਗਿਆਨ ਚੈਰੀਟੇਬਲ ਟਰੱਸਟ (ਰਜਿ:)
**ਪ੍ਰਕਾਸ਼ਕ**: ਗੁਰਮਤਿ ਗਿਆਨ ਮਿਸ਼ਨਰੀ ਕਾਲਜ
ਪੰਜਾਬੀ ਬਾਗ, ਜਵੱਦੀ, ਲੁਧਿਆਣਾ- 141013
**ਫੋਨ:** 98146-35655, 99155-29725, 79733-70542
**Email:** gurmatvirsa@gmail.com
**Website:** www.gurmatgian.org

**ਸੰਪਾਦਕੀ ਬੋਰਡ**: ਸੁਖਵਿੰਦਰ ਸਿੰਘ ਦਦੇਹਰ
ਬੀਬੀ ਗੁਰਪ੍ਰੀਤ ਕੌਰ, ਡਾ. ਸਰਬਜੋਤ ਕੌਰ।
**ਕਾਨੂੰਨੀ ਸਲਾਹਕਾਰ**: ਐਡਵੋਕੇਟ ਜਸਪਾਲ ਸਿੰਘ ਚੁੱਘ


### ਕੱਤਕ-ਮੱਘਰ ਮਹੀਨੇ ਦੇ ਖਾਸ ਦਿਹਾੜੇ

- ਜਨਮ ਦਿਹਾੜਾ ਮਾਤਾ ਸਾਹਿਬ ਕੌਰ ਜੀ : 18 ਕੱਤਕ (1 ਨਵੰਬਰ)
- ਸ਼ਹੀਦੀ ਬਾਬਾ ਦੀਪ ਸਿੰਘ ਜੀ : 30 ਕੱਤਕ (13 ਨਵੰਬਰ)
- ਸ਼ਹੀਦੀ ਭਾਈ ਮਤੀ ਦਾਸ, ਭਾਈ ਸਤੀ ਦਾਸ:11 ਮੱਘਰ (24 ਨਵੰਬਰ)
- ਸ਼ਹੀਦੀ ਪਾਤਸ਼ਾਹੀ ਨੌਵੀਂ : 11 ਮੱਘਰ (24 ਨਵੰਬਰ)
- ਗੁਰਗੱਦੀ ਪਾਤਸ਼ਾਹੀ ਦਸਵੀਂ : 11 ਮੱਘਰ (24 ਨਵੰਬਰ)
- ਜਨਮ ਸਾਹਿਬਜ਼ਾਦਾ ਜ਼ੋਰਾਵਰ ਸਿੰਘ : 15 ਮੱਘਰ (28 ਨਵੰਬਰ)


Printer & Publisher Inderjit Singh on Behalf of (Owner) Gurmat Gian Missionary College, Punjabi Bagh, Jawaddi, Distt. Ludhiana (Punjab) & Printed from Dutta Lamination, 10019, Durga Puri, Aare Wali Gali, Haibowal Kalan, Ludhiana Punjab.

**Editor- Gurbachan Singh Panwa ***
Responsible for collection of all Printed matter as per PRB Act

**Registration Number of the Newspaper**
**PUNMUL/2019/78309**


### ਗੁਰਮਤਿ ਗਿਆਨ ਚੈਰੀਟੇਬਲ ਟਰੱਸਟ ਵਲੋਂ ਚਲਾਏ ਜਾ ਰਹੇ ਪ੍ਰੋਜੈਕਟ

1. ਗੁਰਮਤਿ ਗਿਆਨ ਮਿਸ਼ਨਰੀ ਕਾਲਜ
2. ਗੁਰਮਤਿ ਪ੍ਰਚਾਰ ਕੇਂਦਰ
3. ਸਿੱਖੀ ਲਹਿਰ
4. ਐਜੂ-ਏਡ ਵਿੰਗ
5. ਗੁਰਮਤਿ ਐਲੀਮੈਂਟਰੀ ਕੋਰਸ
6. ਗੁਰਮਤਿ ਟ੍ਰੇਨਿੰਗ ਕੈਂਪ
7. ਗੁਰਮਤਿ ਗਿਆਨ ਲਾਇਬ੍ਰੇਰੀ
8. ਹੋਮਿਓਪੈਥੀ ਡਿਸਪੈਂਸਰੀ
9. ਹਫਤਾਵਾਰੀ ਸਮਾਗਮ
10. ਫਰੀ ਮੈਡੀਕਲ ਚੈੱਕਅੱਪ
11. ਗੁਰਮਤਿ ਵਿਰਸਾ ਮੈਗਜ਼ੀਨ
12. ਗੁਰਮਤਿ ਲਿਟਰੇਚਰ ਹਾਊਸ
13. ਗਰੇਸ ਪਬਲਿਕ ਸਕੂਲ

## ਕੀ ਅਤੇ ਕਿੱਥੇ ?


| | |
|---|---|
| ਸੰਪਾਦਕੀ | 4 |
| ਸਵਾਲ ਜਵਾਬ | 8 |
| ਸ਼ਬਦ ਵਿਚਾਰ | 9 |
| ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ...! | 10 |
| ਭਗਤ ਬਰਾਬਰਿ ਅਉਰੁ ਨ ਕੋਇ | 14 |
| ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਅਤੇ ਪ੍ਰਭਾਵ | 15 |
| ਸ਼ਹੀਦੀ ਸ਼ਤਾਬਦੀ ਦੀ ਅਸ਼ੁੱਭ ਸ਼ੁਰੂਆਤ | 18 |
| ਸਫਲਤਾ ਪ੍ਰਾਪਤੀ ਦੇ ਚੋਣਵੇਂ ਢੰਗ | 20 |
| ਨੰਨੇ ਵਾਰਸ | 22 |
| ਸਿੱਖ ਸੱਭਿਆਚਾਰ | 24 |
| ਮਹਾਨ ਸਿੱਖ ਜਰਨੈਲ ਲੈਫਟੀਨੈਂਟ ਜਨਰਲ ਹਰਬਖਸ਼ ਸਿੰਘ | 28 |
| ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ | 30 |
| ਕਾਵਿ ਕਿਆਰੀ | 32 |
| ਲੜੀਵਾਰ: ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸ਼ੁੱਧ ਛਪਾਈ ਬਾਰੇ... | 33 |
| **ਗੁਰੂ ਤੇਗ ਬਹਾਦਰ ਸਾਹਿਬ ਜੀ** | **35** |
| ਸਿਹਤ ਸੰਭਾਲ | 37 |
| ਸਾਡੀ ਖੇਤੀ | 38 |
| ਗੁਰਮਤਿ ਸੰਜੋਗ | 40 |
| ਖੇਤਰ ਪੱਧਰ ਦੇ ਮੁਕਾਬਲਿਆਂ ਦੀ ਸੰਖੇਪ ਰਿਪੋਰਟ | 41 |





### ਜ਼ਰੂਰੀ ਸੂਚਨਾਵਾਂ

- 'ਗੁਰਮਤਿ ਵਿਰਸਾ' ਮੈਗਜ਼ੀਨ ਵਿਚ ਛਪਣ ਵਾਲੀਆਂ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ। ਜ਼ਰੂਰੀ ਨਹੀਂ ਕਿ ਸੰਪਾਦਕੀ ਬੋਰਡ ਇਨ੍ਹਾਂ ਨਾਲ ਪੂਰੀ ਤਰ੍ਹਾਂ ਸਹਿਮਤ ਹੋਵੇ।
- ਕੋਈ ਵੀ ਵਾਦ-ਵਿਵਾਦ ਲੁਧਿਆਣਾ ਕਚਹਿਰੀਆਂ ਵਿਚ ਹੀ ਨਿਬੇੜੇ ਜਾਣਗੇ।
- ਸੰਪਾਦਕੀ ਬੋਰਡ ਨੂੰ ਕਿਸੇ ਵੀ ਰਚਨਾ ਨੂੰ ਕੱਟਣ ਜਾਂ ਰੱਦ ਕਰਨ ਦਾ ਪੂਰਾ ਹੱਕ ਹੈ।

ਸੰਪਾਦਕੀ

# ਨੌਵੇਂ ਪਾਤਸ਼ਾਹ ਦੀ ਲਾਸਾਨੀ ਸ਼ਹਾਦਤ 'ਤੇ ਸਾਡੇ ਫਰਜ਼



ਮੇਰੇ ਜੀਵਨ ਵਿਚ ਗੁਰੂ ਤੇਗ ਬਹਾਦਰ ਸਾਹਿਬ ਜੀ ਦੀਆਂ ਦੋ ਸ਼ਤਾਬਦੀਆਂ ਆਈਆਂ ਹਨ। ਪਹਿਲੀ ਤਿੰਨ ਸੌ ਸਾਲਾ ਸ਼ਹੀਦੀ ਸ਼ਤਾਬਦੀ 1975 ਈਸਵੀ ਨੂੰ ਆਈ ਸੀ ਜੋ ਬਹੁਤ ਹੀ ਵੱਡੇ ਪੱਧਰ 'ਤੇ ਮਨਾਈ ਗਈ ਸੀ। ਓਦੋਂ ਵਿਦਵਾਨਾਂ ਨੇ ਬੜੀਆਂ ਖੋਜ ਭਰਪੂਰ ਪੁਸਤਕਾਂ ਲਿਖੀਆਂ ਸਨ, ਜਿਨ੍ਹਾਂ ਵਿਚੋਂ ਕੁਝ ਕੁ ਦੇ ਨਾਂ ਇਸ ਤਰ੍ਹਾਂ ਆਏ ਹਨ— 'ਗੁਰੂ ਤੇਗ ਬਹਾਦਰ ਦੀ ਰਚਨਾ ਰਹੱਸ ਤੇ ਰਹਿਸ' ਬੀਬੀ ਪ੍ਰੀਤਮ ਕੌਰ, ਹਰਚਰਨ ਸਿੰਘ ਵਲੋਂ 'ਹਿੰਦ ਦੀ ਚਾਦਰ', 'ਗੁਰੂ ਤੇਗ ਬਹਾਦਰ ਫ਼ਾਰਸੀ ਸਰੋਤ' ਸ੍ਰ. ਪਿਆਰ ਸਿੰਘ, 'ਗੁਰੂ ਤੇਗ ਬਹਾਦਰ ਸ਼ਹੀਦੀ ਅੰਕ' ਡਾ. ਤਾਰਨ ਸਿੰਘ, 'ਤੇਗ ਬਹਾਦਰ ਸਿਮਰੀਐ' ਪ੍ਰੋ. ਪਿਆਰਾ ਸਿੰਘ ਪਦਮ, 'ਗੁਰੂ ਤੇਗ ਬਹਾਦਰ ਹਿੰਦ ਦੀ ਚਾਦਰ' ਏ.ਜੀ. ਗੁਪਤਾ, 'ਗੁਰੂ ਤੇਗ ਬਹਾਦਰ ਜੀਵਨ ਤੇ ਸਿੱਖਿਆ' ਡਾ. ਤਾਰਨ ਸਿੰਘ, 'ਬਚਨ ਗੁਰੂ ਤੇਗ ਬਹਾਦਰ ਜੀ ਦੇ' ਡਾ. ਮਹਿੰਦਰ ਸਿੰਘ ਢਿੱਲੋਂ, 'ਨਉ ਨਿਧਿ' ਪ੍ਰਿੰ. ਸਤਬੀਰ ਸਿੰਘ, 'ਗੁਰੂ ਤੇਗ ਬਹਾਦਰ ਦੀ ਸ਼ਖ਼ਸੀਅਤ ਤੇ ਸ਼ਹਾਦਤ' ਡਾ. ਜੋਗਿੰਦਰ ਸਿੰਘ, 'ਸੰਖੇਪ ਜੀਵਨ' ਡਾ. ਤ੍ਰਿਲੋਚਨ ਸਿੰਘ, 'ਗੁਰੂ ਤੇਗ ਬਹਾਦਰ ਯਾਤਰਾ ਅਸਥਾਨ ਤੇ ਪ੍ਰੰਪਰਾਵਾਂ' ਡਾ. ਫ਼ੌਜਾ ਸਿੰਘ। ਇੰਝ ਵਿਦਵਾਨਾਂ ਨੇ ਆਪਣੀ-ਆਪਣੀ ਸਮਰੱਥਾ ਅਤੇ ਖੋਜ ਅਨੁਸਾਰ ਬਹੁਤ ਹੀ ਪਿਆਰ ਅਤੇ ਸਨੇਹ ਨਾਲ ਲਿਖਣ ਵਾਲੇ ਮਿਸ਼ਨ 'ਤੇ ਕੰਮ ਕੀਤਾ। ਦੂਜੀ ਸ਼ਤਾਬਦੀ ਉਨ੍ਹਾਂ ਦੇ ਆਗਮਨ ਦਿਹਾੜੇ ਦੀ ਅਪ੍ਰੈਲ 2021 ਨੂੰ ਆਈ ਹੈ। ਗੁਰੂ ਸਾਹਿਬ ਦਾ ਜੀਵਨ, ਸ਼ਹਾਦਤ, ਯਾਤਰਾਵਾਂ, ਕਿਰਸਾਨਾਂ ਲਈ ਖੂਹਾਂ ਦੀ ਖੁਦਾਈ, ਗੁਰਿਆਈ, ਨਵੇਂ ਸ਼ਹਿਰਾਂ ਦੀ ਉਸਾਰੀ ਮਹਾਨ ਕਾਰਨਾਮੇ ਕੀਤੇ ਹਨ ਜਿਹੜੇ ਲਿਖਣ ਦੀ ਸ਼ੈਲੀ ਵਿਚ ਛੋਟੇ ਪੈ ਜਾਂਦੇ ਹਨ। ਹੁਣ ਤੀਜੀ ਸ਼ਹੀਦੀ ਸ਼ਤਾਬਦੀ 2025 ਨੂੰ ਸਾਰੇ ਸੰਸਾਰ ਵਿੱਚ ਮਨਾਈ ਜਾ ਰਹੀ ਹੈ।



ਪ੍ਰਿੰ. ਗੁਰਬਚਨ ਸਿੰਘ ਪੰਨਵਾਂ
99155-29725

ਵਿਸ਼ਵ ਇਤਿਹਾਸ ਵਿਚ ਗੁਰੂ ਜੀ ਦੀ ਸ਼ਹੀਦੀ ਵਿਲੱਖਣ ਅਤੇ ਵਿਸ਼ੇਸ਼ ਅਰਥਾਂ ਦੀ ਧਾਰਨੀ ਹੈ। ਵਿਲੱਖਣ ਇਸ ਲਈ ਹੈ ਕਿ ਇਹ ਸ਼ਹਾਦਤ ਆਪਣੇ ਨਿੱਜਤਵ ਲਈ ਨਹੀਂ ਸਗੋਂ ਆਪਣੇ ਭਾਈਚਾਰੇ ਅਤੇ ਸਮੁੱਚੀ ਮਾਨਵਤਾ ਦੇ ਅਧਿਕਾਰਾਂ ਦੀ ਸਲਾਮਤੀ ਲਈ ਸੀ। ਸ਼ਹਾਦਤ ਦਾ ਸੰਕਲਪ ਆਪਣੇ ਗੁਰੂ ਨੂੰ ਤਨ, ਮਨ, ਧਨ ਸੌਂਪ ਦਿੰਦਾ ਹੈ ਤੇ ਜਬਰ ਜ਼ੁਲਮ ਦੇ ਟਾਕਰੇ ਲਈ ਜੂਝ ਮਰਨ ਤੋਂ ਕਦੇ ਝਿਜਕਦਾ ਨਹੀਂ ਹੈ।

ਇਹ ਗੱਲ ਵੀ ਮੰਨੀ ਹੋਈ ਹੈ ਕਿ ਮੁਗਲ ਸ਼ਾਸਨ ਦੇ ਨਾਲ ਨਾਲ ਹਿੰਦੂ ਕੱਟੜਵਾਦੀ ਵੀ ਗੁਰੂ ਨਾਨਕ ਦੇ ਸਿਧਾਂਤ ਦੀ ਵਿਰੋਧਤਾ ਕਰਦੇ ਰਹੇ ਸਨ। ਨਾਨਕਈ ਫਲਸਫਾ ਪੁਜਾਰੀ ਦੀਆਂ ਜੜ੍ਹਾਂ 'ਤੇ ਕੁਹਾੜਾ ਹੈ। ਜਿੱਥੇ ਮੁਗਲ ਸ਼ਾਸ਼ਕ ਨਾਨਕਈ ਸੋਚ ਨੂੰ ਬਾਗੀਅਤ ਮੰਨਦੇ ਸਨ ਉੱਥੇ ਹਿੰਦੂ ਪੁਜਾਰੀ ਇਸ ਫਲਸਫੇ ਨੂੰ ਆਪਣੇ ਰਾਹ ਵਿਚ ਵੱਡੀ ਰੁਕਾਵਟ ਸਮਝਦੇ ਸਨ।

ਗੁਰੂ ਨਾਨਕ ਸਾਹਿਬ ਜੀ ਦਾ ਨੌਂ ਸਾਲ ਦੀ ਉਮਰ ਵਿਚ ਜਨੇਊ ਤੋਂ ਕਿਨਾਰਾ ਕਰਨਾ, ਗੁਰੂ ਅੰਗਦ ਪਾਤਸ਼ਾਹ ਦਾ ਦੇਵੀ ਦੇ ਦੀਦਾਰ ਨੂੰ ਰੱਦ ਕਰਨਾ, ਗੁਰੂ ਅਮਰਦਾਸ ਜੀ ਦਾ ਹਰਿਦੁਆਰ ਦੇ ਇਸ਼ਨਾਨ ਨੂੰ ਨਿਕਾਰਨਾ, ਮਨੁੱਖੀ ਭਾਈਚਾਰੇ ਵਿਚ ਬਰਾਬਰਤਾ ਲਿਆਉਣ ਲਈ ਇਕ ਪੰਗਤ ਭਾਵ ਬਰਾਬਰ ਬੈਠ ਕੇ ਲੰਗਰ ਛਕਣ ਵਾਲੀ ਕ੍ਰਾਂਤੀ ਪ੍ਰਪੱਕ ਹੋ ਚੁੱਕੀ ਸੀ। ਸ਼ਰਈ ਤੇ ਤੰਗ ਦਿਲੀ ਮਾਨਸਿਕਤਾ ਨੇ ਮੁਗਲ ਸ਼ਾਸਨ ਨੂੰ ਭੜਕਾਇਆ ਕਿ ਆਉਣ ਵਾਲੇ ਸਮੇਂ ਵਿਚ ਇਹ ਇਸਲਾਮ ਲਈ ਬਹੁਤ ਵੱਡਾ ਖਤਰਾ ਹੋ ਸਕਦੇ ਹਨ। ਦੂਜੇ ਪਾਸੇ ਹਿੰਦੂ ਕੱਟੜਤਾ ਦੀਆਂ ਸ਼ਿਕਾਇਤਾਂ ਸਨ ਕਿ ਇਹ ਮੂਲਵਾਦੀ ਪ੍ਰੰਪਰਾ ਨੂੰ ਨਹੀਂ ਮੰਨਦੇ। ਗੁਰੂ ਅਮਰਦਾਸ ਜੀ ਦੇ ਸਮੇਂ ਲਾਹੌਰ ਵਿਚ ਉਚੇਚੇ ਤੌਰ 'ਤੇ ਇਸ ਤਰ੍ਹਾਂ ਦੇ ਕੇਸ ਦਰਜ ਕਰਾਏ। ਅਕਬਰ ਬਾਦਸ਼ਾਹ ਦੇ ਸੱਦੇ 'ਤੇ ਭਾਈ ਜੇਠਾ ਜੀ ਲਾਹੌਰ ਗਏ। ਕੇਂਦਰੀ ਸਰਕਾਰ, ਸੂਬਾ ਸਰਕਾਰ ਅਤੇ ਸਾਰੀ ਅਫਸਰਸ਼ਾਹੀ ਇਕੱਠੀ ਹੋਈ ਸੀ। ਧਾਰਮਿਕ ਮਾਮਲੇ ਦੀ ਸੁਣਵਾਈ ਹੋਈ ਤਾਂ ਭਾਈ ਜੇਠਾ ਜੀ ਦੀਆਂ ਦਲੀਲਾਂ ਅੱਗੇ ਸਾਰੇ ਨਿਰੁਤਰ ਹੋਏ।

ਅਕਬਰ ਦੇ ਸਮੇਂ ਵਿਚ ਕੱਟੜਤਾਈ ਦਾਲ ਕਿਸੇ ਦੀ ਨਹੀਂ ਗਲ਼ੀ ਸੀ। ਪਰ ਜਿਉਂ ਹੀ ਜਹਾਂਗੀਰ ਰਾਜ ਗੱਦੀ 'ਤੇ ਬੈਠਾ ਤਾਂ ਮੁਗਲ ਅਤੇ ਕੱਟੜ ਹਿੰਦੂ ਪੁਜਾਰੀਆਂ ਨੇ ਫਿਰ ਸ਼ਿਕਾਇਤਾਂ ਕੀਤੀਆਂ। ਸਰਕਾਰ ਦੀ ਨੀਤੀ ਤੇ ਦੋ ਧਰਮਾਂ ਦੇ ਪੁਜਾਰੀਆਂ ਦੀ ਵਿਰੋਧਤਾ ਕਾਰਨ ਗੁਰੂ ਅਰਜਨ ਪਾਤਸ਼ਾਹ ਜੀ ਨੂੰ ਆਪਣੀ ਸ਼ਹਾਦਤ ਦੇਣੀ ਪਈ। ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਚਾਰ ਲੜਾਈਆਂ ਲੜੀਆਂ ਸਨ। ਜਹਾਂਗੀਰ ਦੇ ਬਾਅਦ ਮੁਗਲੀਆ ਸਲਤਨਤ ਦਾ ਪੰਜਵਾਂ ਬਾਦਸ਼ਾਹ ਸ਼ਾਹਜਹਾਂ ਆਉਂਦਾ ਹੈ। ਇਸ ਦੇ ਵਿਚਾਰ ਲਗਭਗ ਅਕਬਰ ਬਾਦਸ਼ਹ ਵਰਗੇ ਹੀ ਸਨ। ਔਰੰਗਜ਼ੇਬ ਦਾ ਜਦੋਂ ਰਾਜ ਕਾਲ ਸ਼ੁਰੂ ਹੁੰਦਾ ਹੈ ਤਾਂ ਇਸ ਨੇ ਪੂਰੇ ਦੇਸ਼ ਵਿਚ (ਇਸਲਾਮੀ ਕਾਨੂੰਨ ਅਧਾਰਿਤ) ਫਤਵਾ-ਏ-ਆਲਮਗੀਰੀ ਲਾਗੂ ਕੀਤਾ।


**ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦਾ ਮੂਲ ਕਾਰਨ—**

ਔਰੰਗਜ਼ੇਬ ਦਾ ਜੀਵਨ ਨਿਹਾਰਿਆ ਜਾਏ ਤਾਂ ਸਮਝ ਆਉਂਦੀ ਹੈ ਕਿ ਰਾਜਸੀ ਸੱਤਾ ਹਾਸਲ ਕਰਨ ਲਈ ਆਪਣੇ ਪਿਤਾ ਸ਼ਾਹਜਹਾਂ ਨੂੰ ਕੈਦ ਕਰ ਲਿਆ, ਆਪਣੇ ਭਰਾ ਮੁਰਾਦ 'ਤੇ ਇਕ ਸੱਯਦ ਦੇ ਖੂਨ ਦਾ ਅਪਰਾਧ ਥੋਪ ਕੇ ਉਸ ਨੂੰ ਕਤਲ ਕਰ ਦਿੱਤਾ। ਫਿਰ ਦਾਰਾ ਸ਼ਿਕੋਹ ਨੂੰ ਆਪਣੇ ਰਾਹ ਵਿਚੋਂ ਹਟਾਉਣ ਲਈ ਧਾਰਮਿਕ ਆਗੂਆਂ ਦਾ ਸਹਾਰਾ ਲੈਂਦਿਆਂ ਉਸ ਦੇ ਵਿਰੁੱਧ ਫਤਵਾ ਜਾਰੀ ਕਰਕੇ ਸਿਰ ਕਲਮ ਕਰ ਦਿੱਤਾ। ਉਸ ਦੇ ਪੁੱਤਰ ਸੁਲੇਮਾਨ ਸ਼ਿਕੋਹ ਨੂੰ ਵੀ ਕਤਲ ਕਰ ਦਿੱਤਾ। ਔਰੰਗਜ਼ੇਬ ਨੇ ਆਪਣੇ ਇਕ ਪੁੱਤਰ ਨੂੰ ਜੇਲ੍ਹ ਵਿਚ ਪਾ ਕੇ ਮਾਰ ਦਿੱਤਾ ਦੂਜੇ ਨੂੰ ਜੇਲ੍ਹ ਕਰ ਦਿੱਤੀ ਤੇ ਤੀਜਾ ਡਰਦਾ ਹੀ ਭੱਜ ਗਿਆ।

ਔਰੰਗਜ਼ੇਬ ਦੀ ਧਾਰਮਿਕ ਨੀਤੀ ਅਨੁਸਾਰ ਹਿੰਦੂਆਂ ਨੂੰ ਵਧੇਰੇ ਟੈਕਸ ਦੇਣੇ ਪੈਂਦੇ ਸਨ। ਔਰੰਗਜ਼ੇਬ ਦੀ ਧਾਰਮਿਕ ਨੀਤੀ ਤੋਂ ਸਿਰਫ ਹਿੰਦੂ ਅਵਾਜ਼ਾਰ ਨਹੀਂ


ਗੁਰਦੁਆਰਾ ਸੀਸ ਗੰਜ ਸਾਹਿਬ

ਸਨ ਸਗੋਂ ਸ਼ੀਆ ਮੁਸਲਮਾਨ ਵੀ ਉਸ ਦੇ ਤਸ਼ੱਦਦ ਦਾ ਸ਼ਿਕਾਰ ਹੋਏ। ਔਰੰਗਜ਼ੇਬ ਕਾਫੀ ਅਰਸੇ ਤੋਂ ਸਰਹਿੰਦ ਦੇ ਨਕਸ਼ ਬੰਦੀ ਸਿਲਸਿਲਹ ਦੇ ਸ਼ੇਖ਼ ਅਹਿਮਦ ਸਰਹੰਦੀ ਦੇ ਗੱਦੀਦਾਰਾਂ ਦੀ ਰਹਿਨੁਮਾਈ ਹੇਠ ਇਕ ਵਿਸ਼ੇਸ਼ ਵਿਚਾਰਧਾਰਕ ਨਜ਼ਰੀਏ ਨੂੰ ਅਪਨਾ ਕੇ ਸਾਰੇ ਹਿੰਦ ਅੰਦਰ ਮੁਸਲਮਾਨੀ ਰਾਜ ਅਤੇ ਮੁਸਲਮਾਨੀ ਮੱਤ ਦਾ ਬੋਲਬਾਲਾ ਕਰਨਾ ਚਾਹੁੰਦਾ ਸੀ। ਇਸ ਮਨੋਰਥ ਦੀ ਪੂਰਤੀ ਲਈ ਉਸ ਨੇ ਤੰਗ ਦਿਲ, ਕੱਟੜ ਅਤੇ ਜਨੂੰਨੀ ਰਸਤਾ ਅਖ਼ਤਿਆਰ ਕਰ ਰੱਖਿਆ ਸੀ। ਸਾਰੇ ਮੁਲਕ ਨੂੰ ਯੋਜਨਾਬੱਧ ਤਰੀਕੇ ਨਾਲ ਮੁਸਲਮਾਨੀ ਮੱਤ ਦੇ ਪ੍ਰਭਾਵ ਹੇਠ ਲਿਆਉਣ ਦਾ ਯਤਨ ਕੀਤਾ। ਇਸ ਉਦੇਸ਼ ਦੀ ਪੂਰਤੀ ਲਈ ਸਾਮ, ਦਾਮ, ਦੰਡ ਤੇ ਭੇਦ ਸਾਰੀਆਂ ਨੀਤੀਆਂ ਦੀ ਭਰਪੂਰ ਵਰਤੋਂ ਕੀਤੀ। ਹਿੰਦੂ ਜਨਤਾ ਉੱਤੇ ਜਜ਼ੀਆ ਆਦਿ ਲੱਕ ਤੋੜੂ ਟੈਕਸ ਲਗਾਏ, ਧੱਕਾ ਅਤੇ ਅੱਤਿਆਚਾਰ ਕਰ-ਕਰਕੇ ਗੈਰ ਮੁਸਲਮਾਨਾਂ ਨੂੰ ਖਾਸ ਕਰਕੇ ਹਿੰਦੂਆਂ ਨੂੰ ਧਰਮ-ਪਰਿਵਰਤਨ ਲਈ ਮਜ਼ਬੂਰ ਕਰ ਦਿੱਤਾ।



ਹਿੰਦੂਆਂ 'ਤੇ ਲੱਗੇ ਟੈਕਸਾਂ ਦੀ ਗੱਲ ਕਰੀਏ ਤਾਂ ਜਜ਼ੀਆ, ਵਾਧੂ ਵਿਕਰੀ ਟੈਕਸ, ਤੀਰਥ ਯਾਤਰਾ, ਧਾਰਮਿਕ ਮੇਲਾ, ਆਦਿ ਟੈਕਸਾਂ ਦਾ ਪੂਰਾ ਬੋਝ ਪਾਇਆ ਗਿਆ। ਨਵੇਂ ਮੰਦਰ ਬਣਾਉਣੇ ਜਾਂ ਪੁਰਾਣਿਆਂ ਦੀ ਮੁਰੰਮਤ ਕਰਨ ਸਬੰਧ ਪੂਰੀਆਂ ਪਾਬੰਦੀਆਂ ਲਗਾਈਆਂ। ਬਹੁਤ ਸਾਰੇ ਵਿਦਿਆਲੇ ਬੰਦ ਕਰਾ ਦਿੱਤੇ ਗਏ। ਸਭ ਤੋਂ ਅਹਿਮ ਗੱਲ ਕਿ ਹਿੰਦੂ ਪੁਜਾਰੀਆਂ ਵਲੋਂ ਬਹਿਮ-ਭਰਮ ਏਦਾਂ ਦੇ ਬਣਾਏ ਹੋਏ ਸਨ ਕਿ ਲੋਕ ਤਰਾਹ-ਤਰਾਹ ਕਰ ਰਹੇ ਸਨ। ਸ਼ੂਦਰ ਵਿਚਾਰਿਆਂ ਨੂੰ ਮਨੁੱਖੀ ਹੱਕਾਂ ਤੋਂ ਦੂਰ ਹੀ ਰੱਖਿਆ ਹੋਇਆ ਸੀ। ਸਰਦਾਰ ਮਹਿੰਦਰ ਸਿੰਘ ਜੋਸ਼ ਲਿਖਦੇ ਹਨ ਕਿ "ਹਾਲਾਂਕਿ ਮਜ਼ਲੂਮ ਹਿੰਦੂਆਂ ਦੀ ਅਜਿਹੀ ਭ੍ਰਿਸ਼ਟਤਾ ਦਾ ਮੁੱਖ ਕਾਰਨ ਹਿੰਦੂ ਸਮਾਜ ਦੀ ਆਪਣੀ ਕਮਜ਼ੋਰੀ ਅਤੇ ਕਾਇਰਤਾ ਸੀ।" ਆਤਮਿਕ ਬਲ ਏਨਾ ਡਿੱਗ ਚੁਕਿਆ ਸੀ ਕਿ ਨੌਕਰੀਆਂ ਦੀ ਖਾਤਰ ਮੁਗਲ ਹਾਕਮਾਂ ਦੀ ਹਰ ਗੱਲ ਹੱਸ ਕੇ ਪ੍ਰਵਾਨ ਕਰਦੇ ਸਨ। ਉਂਝ ਆਪਣੇ ਭਰਾਵਾਂ ਨੂੰ ਆਖਦੇ ਸਨ ਕਿ ਇਹ ਮਲੇਸ਼ ਹਨ, ਇਨ੍ਹਾਂ ਦਾ ਪਰਛਾਵਾਂ ਵੀ ਖ਼ਤਰਨਾਕ ਹੈ।

ਕਸ਼ਮੀਰ ਦੇ ਸੂਬੇਦਾਰ ਇਫ਼ਤਿਖ਼ਾਰ ਖ਼ਾਂ ਦੇ ਜ਼ੁਲਮਾਂ ਅਤੇ ਅਤਿਆਚਾਰਾਂ ਤੋਂ ਹਿੰਦੂ ਕੌਮ ਦੇ ਬਚਣ ਦਾ ਕੋਈ ਢੰਗ ਉਪਰਾਲਾ ਹੱਥ ਨਾ ਆਉਣ ਦੀ ਸੂਰਤ ਵਿਚ ਪੰਡਤ ਕ੍ਰਿਪਾ ਰਾਮ ਨੇ (ਸ੍ਰ. ਜੋਸ਼ ਦੇ ਕਥਨ ਅਨੁਸਾਰ ਪੰਨਾ 81 ਜੀਵਨ ਗੁਰੂ ਤੇਗ ਬਹਾਦਰ ਜੀ) ਹਰਿਦੁਆਰ, ਕੁਰੂਕਸ਼ੇਤਰ, ਮਥਰਾ ਆਦਿਕ 16 ਪ੍ਰਮੁੱਖ ਨਗਰਾਂ ਦੇ ਪ੍ਰਮੁੱਖ ਪੰਡਤਾਂ ਦਾ ਇਕ ਵਫਦ ਬਣਾਇਆ ਜਿਹੜਾ 25 ਮਈ 1675 ਨੂੰ ਅਨੰਦਪੁਰ ਸਾਹਿਬ ਹਾਜ਼ਰ ਹੋਇਆ। ਕ੍ਰਿਪਾ ਰਾਮ ਭਾਈ ਬ੍ਰਹਮਦਾਸ ਦੇ ਪਰਿਵਾਰ ਨਾਲ ਸਬੰਧ ਰੱਖਦਾ ਸੀ। ਬ੍ਰਹਮਦਾਸ ਨੇ ਗੁਰੂ ਨਾਨਕ ਸਾਹਿਬ ਕੋਲੋਂ ਸਿੱਖੀ ਸਮਝੀ ਤੇ ਧਾਰਨ ਕੀਤੀ ਸੀ। ਬ੍ਰਹਮਦਾਸ ਦਾ ਬੇਟਾ ਨਰਾਇਣ ਦਾਸ, ਇਸ ਦਾ ਬੇਟਾ ਅੜੂਰਾਮ ਦਾ ਬੇਟਾ ਕਿਰਪਾ ਰਾਮ ਹੋਇਆ। ਇਤਿਹਾਸ ਦੱਸਦਾ ਹੈ ਕਿ ਭਾਈ ਕਿਰਪਾ ਰਾਮ ਨਾਲ ਆਏ ਵਫਦ ਨੇ ਗੁਰੂ ਸਾਹਿਬ ਜੀ ਨਾਲ ਉਚੇਚੇ ਤੌਰ 'ਤੇ ਸਮਾਜਿਕ, ਧਾਰਮਿਕ ਅਤੇ ਰਾਜਨੀਤਿਕ ਗੁੰਝਲਾਂ ਦੀਆਂ ਖੁੱਲ੍ਹ ਕੇ ਵਿਚਾਰਾਂ ਕੀਤੀਆਂ। ਹਿੰਦੂ ਧਰਮ ਵਿਚ ਆਈ ਗਿਰਾਵਟ ਸਬੰਧੀ ਵਿਚਾਰਾਂ ਹੋਈਆਂ ਜਿਸ ਨੂੰ ਗੁਰੂ ਨਾਨਕ ਸਾਹਿਬ ਜੀ ਵੀ ਆਪਣੀ ਬਾਣੀ ਵਿਚ ਫੁਰਮਾਉਂਦੇ ਹਨ—"**ਖਤ੍ਰੀਆ ਤ ਧਰਮੁ ਛੋਡਿਆ ਮਲੇਛ ਭਾਖਿਆ ਗਹੀ॥**"(663) ਇਹ ਵੀ ਵਿਚਾਰਾਂ ਹੋਈਆਂ ਕਿ ਔਰੰਗਜ਼ੇਬ ਦੇ ਅਤਿਆਚਾਰਾਂ ਤੋਂ ਸਾਨੂੰ ਹਿੰਦੂ ਸਮਾਜ ਦੇ ਰਾਜਪੂਤ, ਮਰਹੱਟੇ ਆਦਿ ਵਗਦੀ ਹਨ੍ਹੇਰੀ ਵਿਚੋਂ ਨਹੀਂ ਬਚਾ ਸਕਦੇ। ਗੁਰੂ ਸਾਹਿਬ ਜੀ ਨੇ ਵਿਚਾਰਾਂ ਕਰਦਿਆਂ ਕਿਹਾ ਕਿ ਭਾਰਤ ਵਿਚ ਇਸਲਾਮ ਦੀ ਵੱਡੀ ਹਕੂਮਤ ਹੈ। ਦਿੱਲੀ ਦੇ ਮੁਗਲ ਬਾਦਸ਼ਾਹ ਨੇ ਸਾਰੇ ਸੂਬਿਆਂ ਵਿਚ ਜਬਰੀ ਧਰਮ-ਤਬਦੀਲੀ ਦੀ ਲਹਿਰ ਚਲਾ ਕੇ ਜ਼ੁਲਮ ਤੇ ਅਤਿਆਚਾਰਾਂ ਦੀ ਹਨ੍ਹੇਰੀ ਝੁਲਾਈ ਹੋਈ ਹੈ। ਗੁਰੂ ਸਾਹਿਬ ਜੀ ਨੇ ਸਾਰੀਆਂ ਸਮੱਸਿਆਵਾਂ ਨੂੰ ਦੇਖ ਕੇ ਸਮਝ ਲਿਆ ਸੀ ਕਿ ਏਡੀ ਵੱਡੀ ਹਕੂਮਤ ਨਾਲ ਟੱਕਰ ਲਿਆਂ ਹੀ ਲੋਕਾਂ ਨੂੰ ਧਾਰਮਿਕ, ਸਮਾਜਿਕ ਤੇ ਆਰਥਿਕ ਅਜ਼ਾਦੀ ਮਿਲ ਸਕਦੀ ਹੈ।

### ਅਨੰਦਪੁਰ ਗਤੀਵਿਧੀਆਂ ਦਾ ਕੇਂਦਰ

ਅਨੰਦਪੁਰ ਦੀ ਧਰਤੀ 'ਤੇ ਸੁੱਖ ਅਰਾਮ, ਹਰੇਕ ਪ੍ਰਕਾਰ ਦੀ ਸਹੂਲਤ, ਸੰਗਤਾਂ ਦੀ ਆਵਾਜਾਈ ਤੇ ਪਰਿਵਾਰਕ ਜ਼ਿੰਮੇਵਾਰੀਆਂ ਤੋਂ ਗੁਰੂ ਸਾਹਿਬ ਜੀ ਭਲੀ-ਭਾਂਤ ਜਾਣੂ ਸਨ। ਦੇਖਿਆ ਜਾਏ ਤਾਂ ਗੁਰੂ ਨਾਨਕ ਸਾਹਿਬ ਦੇ ਸਮੇਂ ਤੋਂ ਭਾਰਤੀ ਲੋਕ ਰਾਜਸੀ, ਸਮਾਜਿਕ ਅਤੇ ਧਾਰਮਿਕ ਅਤਿਆਚਾਰਾਂ ਦਾ ਸ਼ਿਕਾਰ ਹੋ ਰਹੇ ਸਨ। ਹਿੰਦੂ ਲੋਕਾਂ ਦੀ ਹਾਲਤ ਹੋਰ ਵੀ ਮਾੜੀ ਸੀ ਇਕ ਤਾਂ ਉਹ ਗੈਰ ਮੁਸਲਮਾਨ ਹੋਣ ਕਰਕੇ ਤੰਗੀ ਕੱਟ ਰਹੇ ਸਨ ਤੇ ਦੂਜੇ ਪਾਸੇ ਆਪਣੇ ਪੁਜਾਰੀ ਵਲੋਂ ਦੁਰਕਾਰੇ ਜਾ ਰਹੇ ਸਨ। ਅਜਿਹੀ ਅਵਸਥਾ ਵਿਚ ਗੁਰਦੇਵ ਪਿਤਾ ਜੀ ਨੇ ਸੰਗਤ, ਪਰਿਵਾਰ ਤੇ ਆਏ ਜਥੇ ਨਾਲ ਡੂੰਘੀਆਂ ਵਿਚਾਰਾਂ ਕੀਤੀਆਂ। ਗੁਰਦੇਵ ਪਿਤਾ ਨੇ ਫੈਸਲਾ ਲਿਆ ਕਿ ਅਸੀਂ ਹਕੂਮਤ ਦੇ ਕਿਸੇ ਵੀ ਉਸ ਕਾਨੂੰਨ ਨੂੰ ਮੰਨਣ ਦੇ ਪਾਬੰਦ ਨਹੀਂ ਹੋਵਾਂਗੇ ਜੋ ਲੋਕਾਂ ਨੂੰ ਗੁਲਾਮ ਬਣਾਉਂਦੇ ਹਨ। ਗੁਰੂ ਸਾਹਿਬ ਦਾ ਤਾਂ ਅਦਰਸ਼ ਹੀ ਇਹ ਹੈ ਕਿ

**ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥**
**ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ॥ (1427)**

ਭਾਈ ਕਿਰਪਾ ਰਾਮ ਦੀ ਅਗਵਾਈ ਹੇਠ ਆਏ ਜਥੇ ਨੂੰ ਵਿਦਾ ਕਰਕੇ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਆਪਣੇ ਬੇਟੇ ਗੋਬਿੰਦ ਰਾਏ ਨਾਲ ਆਉਣ ਵਾਲੀਆਂ ਸਾਰੀਆਂ ਪ੍ਰਸਥਿਤੀਆਂ 'ਤੇ ਵੀਚਾਰਾਂ ਕੀਤੀਆਂ। ਇਹ ਵੀ ਦੱਸਿਆ ਕਿ ਜਿਹੜੀ ਦਿੱਲੀ ਵਲੋਂ ਧਰਮ ਪਰਿਵਰਤਨ ਦੀ ਹਨ੍ਹੇਰੀ ਝੁੱਲ੍ਹੀ ਹੋਈ ਹੈ ਉਸ ਵਿਚ ਸਿਰ ਲੱਗ ਸਕਦਾ ਹੈ। ਇਸ ਲਈ ਆਉਣ ਵਾਲੇ ਸਮੇਂ ਦੀਆਂ ਸਾਰੀਆਂ ਜ਼ਿੰਮੇਵਾਰੀਆਂ ਗੋਬਿੰਦ ਰਾਏ ਨੂੰ ਸੌਂਪ ਕੇ ਆਪ ਜੀ ਨੇ ਸਰਕਾਰ ਨਾਲ ਗੱਲਬਾਤ ਕਰਨ ਲਈ ਦਿੱਲੀ ਵਲ ਨੂੰ ਚਾਲੇ ਪਾ ਦਿੱਤੇ।

ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਇਸ ਤੋਂ ਪਹਿਲਾਂ ਦੋ ਗ੍ਰਿਫਤਾਰੀਆਂ ਹੋ ਚੁੱਕੀਆਂ ਸਨ। ਉਹਨਾਂ ਦੀ ਪਹਿਲੀ ਗ੍ਰਿਫ਼ਤਾਰੀ 8 ਨਵੰਬਰ 1665 ਈਸਵੀ ਨੂੰ ਧਮਧਾਣ ਤੋਂ ਹੋਈ ਜਦੋਂ ਸ਼ਾਸਤਰ ਅਭਿਆਸ ਕਰ ਰਹੇ ਸੀ। ਇਸ ਗ੍ਰਿਫਤਾਰੀ ਵਿਚ ਗੁਰੂ ਸਾਹਿਬ ਦੀ ਔਰੰਗਜ਼ੇਬ ਨਾਲ ਵਾਰਤਾਲਾਪ ਦਾ ਵੀ ਜ਼ਿਕਰ ਆਉਂਦਾ ਹੈ। ਇਹ ਥੋੜ੍ਹ ਚਿਰੀ ਗ੍ਰਿਫ਼ਤਾਰੀ ਸੀ ਜਿਹੜੀ 13 ਦਸੰਬਰ 1665 ਨੂੰ ਰਿਹਾਈ ਇਤਿਹਾਸ ਵਿਚ ਦਰਜ ਹੈ। ਦੂਸਰੀ ਗ੍ਰਿਫ਼ਤਾਰੀ 1670 ਈਸਵੀ ਨੂੰ ਆਗਰੇ ਤੋਂ ਹੋਈ ਜਿਹੜੀ ਕੇਵਲ ਦੋ ਮਹੀਨੇ ਅਤੇ 13 ਦਿਨ ਦੀ ਮੰਨੀ ਗਈ ਹੈ। ਇਹ ਕੁਦਰਤੀ ਵਰਤਾਰਾ ਹੈ ਕਿ ਦੁਨੀਆਂ ਦੀ ਕੋਈ ਵੀ ਹਕੂਮਤ ਆਪਣੇ ਵਿਰੋਧ ਵਿਚ ਚਲ ਰਹੀ ਹਵਾ 'ਤੇ ਪੂਰੀ ਨਜ਼ਰ ਰੱਖਦੀ ਹੋਈ ਉਸ ਨੂੰ ਰੋਕਣ ਦਾ ਯਤਨ ਕਰਦੀ ਹੈ। ਸੂਬਾ ਸਰਹੰਦ ਨੂੰ ਜਿੱਥੇ ਆਪਣੇ ਮੁਖ਼ਬਰ ਰਾਹੀਂ ਖ਼ਬਰਾਂ ਮਿਲ ਰਹੀਆਂ ਸਨ ਉੱਥੇ ਹਕੂਮਤ ਨਾਲ ਸਹਿਮਤੀ ਰੱਖਣ ਵਾਲੇ ਪਹਾੜੀ ਰਾਜੇ ਵੀ ਅਨੰਦਪੁਰ ਦੀ ਹਰ ਸਰਗਰਮੀ ਸੂਬਾ ਸਰਹੰਦ ਨੂੰ ਭੇਜਦੇ ਸਨ। ਇਸ ਦਾ ਅਰਥ ਹੈ ਕਿ ਅਨੰਦਪੁਰ ਦੀਆਂ ਸਾਰੀਆਂ ਗਤੀਵਧੀਆਂ ਦਿੱਲੀ ਸਰਕਾਰ ਤਕ ਪਹੁੰਚਦੀਆਂ ਸਨ। ਇਹ ਵੀ ਜ਼ਰੂਰੀ ਹੋਏਗਾ ਕਿ ਸਰਕਾਰੀ ਕਰਿੰਦੇ ਅਨੰਦਪੁਰ ਦੀ ਹਰ ਸੂਹ ਰੱਖਦੇ ਹੋਣਗੇ। ਉਹਨਾਂ ਨੂੰ ਕਿਰਪਾ ਰਾਮ ਦੇ ਆਉਣ ਦੀ ਸਾਰੀ ਜਾਣਕਾਰੀ ਜਾਂ ਜੋ

ਕੁਝ ਵੀ ਅਨੰਦਪੁਰ ਵਿਚ ਮਤਾ ਹੋਇਆ ਉਹ ਸਰਕਾਰ ਤਕ ਪਹੁੰਚਾਇਆ ਗਿਆ ਹੋਵੇਗਾ। ਔਰੰਗਜ਼ੇਬ ਨੇ ਸੂਬਾ ਸਰਹੰਦ ਨੂੰ ਕਿਹਾ ਕਿ ਅਨੰਦਪੁਰ ਦੀਆਂ ਸਾਰੀਆਂ ਸਰਗਰਮੀਆਂ 'ਤੇ ਨਿਗਾਹ ਰੱਖੋ ਕਿਉਂਕਿ ਔਰੰਗਜ਼ੇਬ ਉਦੋਂ ਫਰੰਟੀਅਰ ਨੂੰ ਜਾ ਰਿਹਾ ਸੀ।

**ਗੁਰੂ ਸਾਹਿਬ ਦੀ ਗ੍ਰਿਫਤਾਰੀ**

11 ਜੁਲਾਈ 1675 ਈਸਵੀ ਨੂੰ ਜਦੋਂ ਗੁਰਦੇਵ ਪਿਤਾ ਜੀ ਮਲਕਪੁਰ ਰੰਗੜਾਂ (ਪਰਗਣਾ ਘਨੌਲਾ) ਵਿਖੇ ਪੁੱਜੇ ਤਾਂ ਥਾਣੇਦਾਰ ਮਿਰਜ਼ਾ ਨੂਰ ਮੁਹੰਮਦ ਖ਼ਾਂ ਰੋਪੜ ਵਾਲੇ ਨੇ ਆਪਣੇ ਪੁਲਿਸ ਦਸਤੇ ਦੇ ਜ਼ਰੀਏ ਸਤਿਗੁਰਾਂ ਨੂੰ ਭਾਈ ਮਤੀਦਾਸ, ਭਾਈ ਸਤੀ ਦਾਸ ਤੇ ਭਾਈ ਦਿਆਲਾ ਜੀ ਨਾਲ ਗ੍ਰਿਫਤਾਰ ਕਰ ਲਿਆ। ਬੱਸੀ ਪਠਾਣਾ ਦੇ ਕੈਦਖਾਨੇ ਵਿਚ ਪੌਣੇ ਚਾਰ ਕੁ ਮਹੀਨੇ ਰਹੇ ਸਨ। ਇਥੇ ਦਿਲ ਕੰਬਾਊ ਤਸੀਹੇ ਦਿੱਤੇ ਗਏ ਸਨ।

ਭੱਟ ਵਹੀਆਂ ਦੇ ਅਨੁਸਾਰ ਗੁਰਦੇਵ ਪਿਤਾ ਜੀ ਦੀ ਗ੍ਰਿਫਤਾਰੀ ਦੀ ਖਬਰ ਔਰੰਗਜ਼ੇਬ ਨੂੰ ਭੇਜ ਦਿੱਤੀ ਗਈ ਸੀ। ਉਸ ਨੇ ਹਸਨ ਅਬਦਾਲ ਤੋਂ ਹੀ ਫੈਸਲਾਕੁੰਨ ਹੁਕਮ ਭੇਜ ਦਿੱਤਾ। ਬੱਸੀ ਪਠਾਣਾ ਤੋਂ ਗੁਰੂ ਸਾਹਿਬ ਤੇ ਤਿੰਨ ਸਿੱਖਾਂ ਨੂੰ ਲੋਹੇ ਦੇ ਪਿੰਜਰੇ ਵਿਚ ਕੈਦ ਕਰਕੇ 3 ਨਵੰਬਰ 1675 ਈਸਵੀ ਨੂੰ ਦਿੱਲੀ ਲਿਜਾਇਆ ਗਿਆ ਅਤੇ ਚਾਂਦਨੀ ਚੌਂਕ ਵਾਲੀ ਕੋਤਵਾਲੀ ਵਿਚ ਬੰਦ ਕਰ ਦਿੱਤਾ। ਔਰੰਗਜ਼ੇਬ ਦੀ ਗੈਰਹਾਜ਼ਰੀ ਵਿਚ ਸਾਰਾ ਸਰਕਾਰੀ ਕੰਮ ਸਾਫ਼ੀ ਖ਼ਾਂ ਦੇਖਦਾ ਸੀ।

**ਦਿੱਲੀ ਵਿਚ ਨਿਆਂ ਪ੍ਰਣਾਲੀ ਦੀ ਪ੍ਰਕਿਰਿਆ**

ਅਗਲੇ ਦਿਨ ਗੁਰਦੇਵ ਪਿਤਾ ਜੀ ਨੂੰ ਸਾਫ਼ੀ ਖ਼ਾਂ ਸੂਬੇਦਾਰ ਦੇ ਸਾਹਮਣੇ ਪੇਸ਼ ਕੀਤਾ ਗਿਆ। ਪਹਿਲਾਂ ਤਾਂ ਸਰਕਾਰ ਨਰਮਾਈ ਨਾਲ ਹੀ ਪੇਸ਼ ਆਈ ਕਿਉਂਕਿ ਉਹ ਸੋਚਦੇ ਸਨ ਕਿ ਸ਼ਾਇਦ ਗੁਰੂ ਸਾਹਿਬ ਜੀ ਸਾਡੀਆਂ ਸ਼ਰਤਾਂ ਮੰਨ ਲੈਣਗੇ। ਇਹ ਉਹਨਾਂ ਦੀ ਸਮਝ ਵਿਚੋਂ ਬਾਹਰ ਸੀ ਕਿ ਜਿਹੜਾ ਮਾਰਗ ਗੁਰੂ ਨਾਨਕ ਸਾਹਿਬ ਜੀ ਨਿਰਧਾਰਤ ਕਰ ਗਏ ਹਨ ਉਸ 'ਤੇ ਚਲਦਿਆਂ ਤਾਂ ਪਹਿਲਾਂ ਗੁਰੂ ਅਰਜਨ ਪਾਤਸ਼ਾਹ ਜੀ ਆਪਣੀ ਸ਼ਹਾਦਤ ਦੇ ਚੁੱਕੇ ਹਨ। ਗੁਰੂ ਸਾਹਿਬ ਜੀ ਤਾਂ ਜ਼ੁਲਮ ਦੇ ਰਾਜ ਨੂੰ ਜੜ੍ਹੋਂ ਖਤਮ ਕਰਕੇ ਹਲੇਮੀ ਰਾਜ ਸਥਾਪਤ ਕਰਨ ਦੀ ਗੱਲ ਕਰਦੇ ਹਨ। ਰਾਜਨੀਤਿਕ ਤਾਕਤ ਵਿਚ ਹਾਕਮ ਹੰਕਾਰੀ ਹੋ ਕੇ ਅਖੌਤੀ ਧਾਰਮਿਕ ਆਗੂਆਂ ਦੀ ਸਲਾਹ ਲੈਂਦੇ ਹਨ। ਹਾਕਮ ਤੇ ਪੁਜਾਰੀ ਅਜਿਹੇ ਕਰਮ ਨੂੰ ਧਰਮ ਦੀ ਰੰਗਤ ਦੇ ਕੇ ਇਹ ਸਾਬਤ ਕਰਦੇ ਹਨ ਕਿ ਅਸਾਂ ਧਰਮ ਦਾ ਬਹੁਤ ਵੱਡਾ ਕਰਮ ਕੀਤਾ ਹੈ। ਧਰਮ ਦਾ ਬੁਰਕਾ ਇਸ ਲਈ ਪਾਇਆ ਜਾਂਦਾ ਹੈ ਕਿ ਲੋਕ ਸਾਨੂੰ ਧਰਮੀ ਕਹਿਣ। ਇਹ ਧਰਮੀ ਬਾਦਸ਼ਾਹਾਂ ਨਾਲ ਰਲ਼ ਕੇ ਅਜਿਹੇ ਖ਼ੌਫ਼ਨਾਕ ਕਾਰੇ ਕਰਦੇ ਹਨ ਕਿ ਹਕੂਮਤ ਦੇ ਵਿਰੁੱਧ ਕੋਈ ਬਗਾਵਤ ਨਾ ਕਰ ਸਕੇ। ਗੁਰੂ ਸਾਹਿਬ ਜੀ ਦੇ ਸਾਹਮਣੇ ਮੁੱਖ ਮੁੱਦਾ ਧਾਰਮਿਕ ਅਤੇ ਰਾਜਨੀਤੀ ਤੋਂ ਪ੍ਰੇਰਤ ਸੀ। ਉਸ ਵੇਲੇ ਦੀ ਕੇਂਦਰੀ ਸਰਕਾਰ ਸਾਰੇ ਭਾਰਤ ਨੂੰ ਇਸਲਾਮੀ ਰਾਜ ਅਧੀਨ ਲਿਆਉਣ ਦਾ ਤਹੱਈਆ ਕਰਦੀ ਹੈ ਪਰ ਗੁਰੂ ਨਾਨਕ ਸਾਹਿਬ ਦਾ ਫਲਸਫ਼ਾ ਹਰ ਇਨਸਾਨ ਨੂੰ ਅਜ਼ਾਦੀ ਵਾਲਾ ਜੀਵਨ ਦਿੰਦਾ ਹੈ।

ਗੁਰੂ ਸਾਹਿਬਾਂ ਦੀ ਫਿਲਾਸਫੀ ਵਿਚ ਇਹ ਕਿਤੇ ਵੀ ਨਹੀਂ ਲਿਖਿਆ ਹੋਇਆ ਕਿ ਤੁਸੀਂ ਆਪਣਾ ਧਰਮ ਤਬਦੀਲ ਕਰਕੇ ਮੇਰੇ ਪਿੱਛੇ ਲਗ ਜਾਓ ਸਗੋਂ ਉਨ੍ਹਾਂ ਦਾ ਤਾਂ ਸਿਧਾਂਤ ਇਹ ਆਖਦਾ ਹੈ ਕਿ ਜੇ ਤੂੰ ਮੁਸਲਮਾਨ ਏਂ ਤਾਂ ਅਸਲੀ ਮੁਸਲਮਾਨ ਬਣਨ ਦਾ ਯਤਨ ਕਰ—

**ਮੁਸਲਮਾਣੁ ਕਹਾਵਣੁ ਮੁਸਕਲੁ ਜਾ ਹੋਇ ਤਾ ਮੁਸਲਮਾਣੁ ਕਹਾਵੈ॥**


**(141)**

ਧਰਮ ਦੀ ਦੁਨੀਆਂ ਵਿਚ ਇਹ ਵੀ ਖ਼ਿਆਲ ਕੀਤਾ ਜਾਂਦਾ ਹੈ ਕਿ ਸ਼ਾਇਦ ਧਰਮੀ ਲੋਕ ਕਰਾਮਾਤਾਂ ਦੁਆਰਾ ਅਣਹੋਣੀਆਂ ਨੂੰ ਹੋਣੀਆਂ ਵਿਚ ਤਬਦੀਲ ਕਰ ਦਿੰਦੇ ਹਨ। ਗੁਰੂ ਸਾਹਿਬ ਦੇ ਸਾਹਮਣੇ ਵੀ ਇਹ ਮੁੱਦਾ ਰੱਖਿਆ ਕਿ ਕੋਈ ਕਰਾਮਾਤ ਦਿਖਾਓ। ਗੁਰੂ ਸਾਹਿਬ ਜੀ ਨੇ ਕਿਹਾ ਕਿ ਜ਼ੁਲਮ ਦੇ ਅੱਗੇ ਡਟ ਜਾਣਾ, ਸੱਚਾਈ 'ਤੇ ਪਹਿਰਾ ਦੇਣਾ, ਲੋਕਾਂ ਦਿਆਂ ਹੱਕਾਂ ਲਈ ਆਪਾ ਨਿਛਾਵਰ ਕਰ ਦੇਣਾ ਹੀ ਆਪਣੇ-ਆਪ ਵਿਚ ਕਰਾਮਾਤ ਹੈ। ਹਾਕਮ ਸ਼੍ਰੇਣੀ ਅਣਖ਼ ਵਾਲੀ ਸ਼ਖ਼ਸ਼ੀਅਤ ਨੂੰ ਕਦੇ ਵੀ ਬਰਦਾਸ਼ਤ ਨਹੀਂ ਕਰਦੀ। ਕਮਜ਼ੋਰ ਹਾਕਮ ਆਪਣਾ ਆਤਮਿਕ ਬਲ ਵਧਾਉਣ ਲਈ ਧਾਰਮਿਕ ਆਗੂਆਂ ਦੀ ਸਲਾਹ ਲੈਂਦਾ ਹੈ।

ਸੂਬੇਦਾਰ ਦੇ ਡਿੱਗ ਰਹੇ ਆਤਮਿਕ ਬਲ ਨੂੰ ਤਕੜਿਆਂ ਕਰਦਿਆਂ ਕਾਜ਼ੀ ਅਬਦੁਲ ਵਹਾਬ ਵਹੁਰੇ ਨੇ ਸਾਫ਼ੀ ਖ਼ਾਂ ਨੂੰ ਪੂਰੀ ਚੁੱਕਣਾ ਦਿੱਤੀ ਕਿ ਜਨਾਬ ਜੇ ਅੱਜ ਹਕੂਮਤ ਨਾਲ ਇਹਨਾਂ ਨੇ ਟੱਕਰ ਲਈ ਅਗਾਂਹ ਤਾਂ ਫਿਰ ਕਿਸੇ ਨੇ ਵੀ ਮੁਸਲਮਾਨ ਨਹੀਂ ਬਣਨਾ। ਸ਼ਰ੍ਹਾ ਅਨੁਸਾਰ ਅਜਿਹੇ ਵਿਚਾਰਾਂ ਨੂੰ ਸਦਾ ਲਈ ਖਤਮ ਕਰ ਦੇਣਾ ਚਾਹੀਦਾ ਹੈ ਜਿਹੜੇ ਹਕੂਮਤ ਅਤੇ ਇਸਲਾਮ ਲਈ ਖਤਰਾ ਪੈਦਾ ਕਰਦੇ ਹੋਣ।

**ਤਸੀਹਿਆਂ ਦਾ ਦੌਰ**

ਕਾਜ਼ੀ ਦੀ ਕਚਹਿਰੀ ਲੱਗਦੀ ਹੈ। ਨਿਆਂ ਪ੍ਰਣਾਲੀ ਦਾ ਕਾਲਾ ਦੌਰ ਸ਼ੁਰੂ ਹੁੰਦਾ ਹੈ। ਮੌਤ ਦੇ ਡਰਾਵਿਆਂ ਦਾ ਦੌਰ ਸ਼ੁਰੂ ਹੁੰਦਾ ਹੈ। ਲਾਲਚ ਦੇ ਦਰਵਾਜ਼ੇ ਖੋਲ੍ਹ ਦਿੱਤੇ ਜਾਂਦੇ ਹਨ। ਨਿਆਂ ਪ੍ਰਣਾਲੀ ਲੋਕ ਇਨਸਾਫ਼ ਨਹੀਂ ਹੈ ਸਿਰਫ ਈਨ ਮਨਾਉਣ ਲਈ ਹਰ ਤਰੀਕਾ ਵਰਤਿਆ ਜਾ ਰਿਹਾ ਹੈ।



ਕਾਜ਼ੀ ਖ਼ੁਦ ਕੋਤਵਾਲੀ ਵਿਚ ਪਹੁੰਚ ਕੇ ਦਰੋਗੇ ਨੂੰ ਹੁਕਮ ਕਰਦਾ ਹੈ ਕਿ ਇਹਨਾਂ ਨੂੰ ਇਸਲਾਮ ਦੇ ਘੇਰੇ ਵਿਚ ਲਿਆਉਣ ਲਈ ਹਰ ਪ੍ਰਕਾਰ ਦਾ ਤਸੀਹਾ ਦਿੱਤਾ ਜਾਏ। ਇਹ ਕਾਜ਼ੀ ਉਸ ਵੇਲੇ ਦੀ ਨਿਆਂ ਪ੍ਰਣਾਲੀ ਦਾ ਮੁਖੀਆ ਹੈ। ਕਾਜ਼ੀ ਦਾ ਖ਼ਿਆਲ ਸੀ ਕਿ ਗੁਰੂ ਸਾਹਿਬ ਨੂੰ ਤਸੀਹੇ ਦਿੱਤੇ ਜਾਣ ਤੋਂ ਪਹਿਲਾਂ, ਸਿੱਖਾਂ ਵਿਚ ਵੀ ਡਰ ਪੈਦਾ ਕਰਨ ਲਈ ਇਹਨਾਂ ਨੂੰ ਤਸੀਹੇ ਦਿੱਤੇ ਜਾਣ। ਹਾਕਮ ਕੋਈ ਵੀ ਹੋਵੇ ਉਹ ਆਪਣੇ ਵਿਰੋਧੀਆਂ ਨੂੰ ਖ਼ੁਦਮੁਖਤਿਆਰੀ ਅਨੁਸਾਰ ਜਿਉਣ ਦਾ ਹੱਕ ਨਹੀਂ ਦਿੰਦਾ। 11 ਨਵੰਬਰ 1675 ਈਸਵੀ ਨੂੰ ਨਿਆਂਇਕ ਮੁਖੀ ਕਾਜ਼ੀ ਨੇ ਤਿੰਨ ਸਿੱਖਾਂ ਨੂੰ ਦਿਲ ਕੰਬਾਊ ਤਸੀਹਿਆਂ ਨਾਲ ਸ਼ਹੀਦ ਕਰਨ ਦਾ ਹੁਕਮ ਦਿੱਤਾ। ਗੁਰੂ ਸਾਹਿਬ ਨੂੰ ਡਰਾਉਣ ਅਤੇ ਸਮਾਜ ਵਿਚ ਦਹਿਸ਼ਤ ਪੈਦਾ ਕਰਨ ਲਈ ਤਿੰਨਾਂ ਸਿੱਖਾਂ ਨੂੰ ਪਹਿਲਾਂ ਸ਼ਹੀਦ ਕਰਨ ਦਾ ਹੁਕਮ ਦਿੱਤਾ। ਤਿੰਨਾਂ ਸਿੱਖਾਂ ਨੂੰ ਵੱਖ ਵੱਖ ਘਿਨਾਉਣੇ ਤੇ ਦਿਲ ਕੰਬਾਊ ਤਰੀਕਿਆਂ ਨਾਲ ਸ਼ਹੀਦ ਕੀਤਾ ਗਿਆ। ਭਾਈ ਦਿਆਲਾ ਜੀ ਨੂੰ ਉਬਲਦੀ ਦੇਗ ਵਿਚ ਬਿਠਾ ਕੇ ਸ਼ਹੀਦ ਕੀਤਾ ਗਿਆ।

ਭਾਈ ਮਤੀ ਦਾਸ ਜੀ ਨੂੰ ਆਰੇ ਨਾਲ ਚੀਰਿਆ ਗਿਆ ਜਦਕਿ ਭਾਈ ਸਤੀ ਦਾਸ ਜੀ ਨੂੰ ਰੂੰ ਵਿਚ ਵਲੇਟ-ਬੰਨ੍ਹ ਕੇ ਜ਼ਿੰਦਾ ਸਾੜਨ ਦਾ ਹੁਕਮ ਦਿੱਤਾ।

ਸਿੱਖ ਫਲਸਫੇ ਨੂੰ ਪਰਨਾਏ ਹੋਏ ਸਿੱਖਾਂ ਨੇ ਦਲੇਰੀ ਤੇ ਸੂਰਮਗਤੀ ਨਾਲ ਆਪਣੀਆਂ ਸ਼ਹਾਦਤਾਂ ਦੇ ਕੇ ਅਜ਼ਾਦੀ ਦਾ ਇਕ ਨਵਾਂ ਅਧਿਆਏ ਲਿਖਿਆ। ਨਿਆਂ ਪ੍ਰਨਾਲ਼ੀ ਦਾ ਰਿਸ਼ਵਤਖੋਰ ਕਾਜ਼ੀ ਇਕ ਵਾਰ ਫਿਰ ਗੁਰੂ ਸਾਹਿਬ ਦੇ ਸਾਹਮਣੇ ਕਈ ਤਜ਼ਵੀਜਾਂ ਰੱਖਦਾ ਹੈ। ਕਾਜ਼ੀ ਸੰਤੋਖ ਦੇ ਸਾਹਮਣੇ ਲਾਲਚ ਨੂੰ ਵੱਡਾ ਕਰਕੇ ਦੱਸ ਰਿਹਾ ਹੈ। ਆਪਣੀ ਈਨ ਮਨਾਉਣ ਲਈ ਹਰ ਪ੍ਰਕਾਰ ਦਾ ਹਰਬਾ ਵਰਤਿਆ ਜਾ ਰਿਹਾ ਹੈ। ਕਾਜ਼ੀ ਕਹਿੰਦਾ ਹੈ ਕਿ ਅਸਾਂ ਤੁਹਾਡੇ ਸਿੱਖਾਂ ਨੂੰ ਸਦਾ ਲਈ ਖਤਮ ਕਰ ਦਿੱਤਾ ਹੈ। ਜੇ ਤੁਸਾਂ ਸਾਡੀ ਗੱਲ ਨਾ ਮੰਨੀ ਤਾਂ ਤੁਹਾਨੂੰ ਇਸ ਤੋਂ ਵੀ ਭਿਆਨਕ ਤਸੀਹੇ ਦਿੱਤੇ ਜਾਣਗੇ। ਗੁਰਦੇਵ ਪਿਤਾ ਜੀ ਨੇ ਕਿਹਾ ਕਿ ਕਾਜ਼ੀ ਮੈਨੂੰ ਖੁਸ਼ੀ ਹੋਈ ਹੈ ਕਿ ਗੁਰੂ ਨਾਨਕ ਸਾਹਿਬ ਜੀ ਦੇ ਘਰ ਦੇ ਪੜ੍ਹੇ ਹੋਏ ਵਿਦਿਆਰਥੀ ਅੱਜ ਪੂਰੇ ਨੰਬਰ ਲੈ ਕੇ ਪਾਸ ਹੋਏ ਹਨ।

ਹਕੂਮਤ ਦਾ ਖ਼ਿਆਲ ਸੀ ਕਿ ਅਜਿਹੀ ਦਹਿਸ਼ਤ ਪੈਦਾ ਕੀਤੀ ਜਾਏ ਜਿਸ ਨਾਲ ਲੋਕ ਡਰਦੇ ਹੀ ਇਸਲਾਮੀ ਦਾਇਰੇ ਵਿਚ ਆ ਜਾਣ। ਦਹਿਸ਼ਤ ਨੂੰ ਵਧਾਉਣ ਲਈ ਸਰਕਾਰੀ ਕਰਿੰਦਿਆਂ ਨੇ ਗੁਰੂ ਸਾਹਿਬ ਜੀ ਦੇ ਸਰੀਰ ਦੇ ਚਾਰ ਟੁਕੜੇ ਕਰਕੇ ਦਿੱਲੀ, ਲਾਹੌਰੀ, ਕਸ਼ਮੀਰੀ ਤੇ ਅਜਮੇਰੀ ਦਰਵਾਜ਼ਿਆਂ ’ਤੇ ਟੰਗਣ ਲਈ ਵਿਉਂਤਬੰਦੀ ਕੀਤੀ।

**ਲਾਸਾਨੀ ਸ਼ਹਾਦਤ**

ਇਹ ਸ਼ਹਾਦਤ ਲਾਸਾਨੀ ਹੈ ਕਿਉਂਕਿ ਜਿਸ ਜਨੇਊ ਨੂੰ ਗੁਰੂ ਨਾਨਕ ਸਾਹਿਬ ਜੀ ਨੇ ਨੌਂ ਸਾਲ ਦੀ ਉਮਰ ਵਿਚ ਹੀ ਰੱਦ ਕੀਤਾ ਸੀ ਅੱਜ ਓਸੇ ਜਨੇਊ ਦੀ ਰੱਖਿਆ ਖਾਤਰ ਸ਼ਹਾਦਤ ਦਿੱਤੀ ਹੈ। ਮੁੱਦੇ ਨੂੰ ਸਮਝਣ ਦੀ ਜ਼ਰੂਰਤ ਹੈ। ਬ੍ਰਾਹਮਣ ਧੱਕੇ ਨਾਲ ਜਨੇਊ ਪਾਉਣਾ ਚਾਹੁੰਦਾ ਹੈ ਜਦਕਿ ਔਰੰਗਜ਼ੇਬ ਧੱਕੇ ਨਾਲ ਉਤਾਰਨਾ ਚਾਹੁੰਦਾ ਹੈ। ਸਿੱਖੀ ਦਾ ਨਿਆਰਾਪਨ ਹੀ ਇਸ ਵਿਚ ਹੈ ਕਿ ਇਹ ਲੜਾਈ ਸਰਕਾਰੀ ਧੱਕੇ, ਧਾਰਮਿਕ ਕੱਟੜਤਾ, ਜ਼ੁਲਮ, ਬੇ-ਇਨਸਾਫ਼ੀ ਵਿਰੁੱਧ ਤੇ ਮਨੁੱਖੀ ਹੱਕਾਂ ਦੀ ਰਾਖੀ ਲਈ ਹੈ।

ਗੁਰੂ ਨਾਨਕ ਸਾਹਿਬ ਜੀ ਦੇ ਦੱਸੇ ਸਿਧਾਂਤ ਨੂੰ ਜਿਸ ਨੇ ਵੀ ਸਮਝ ਲਿਆ ਹੈ ਉਹ ਜ਼ੋਰ-ਜ਼ੁਲਮ ਦੇ ਵਿਰੁੱਧ ਖੜ੍ਹਾ ਹੋ ਗਿਆ। ਸ਼ਹਾਦਤ ਵਾਲੇ ਦਿਨ ਭਾਈ ਜੈਤਾ ਜੀ ਅਤੇ ਭਾਈ ਗੁਰਬਖਸ਼ ਸਿੰਘ ਸਾਰਾ ਦਿਨ ਚਾਂਦਨੀ ਚੌਂਕ ਵਿਚਰਦੇ ਰਹੇ ਤੇ ਸਾਰੀ ਸਥਿਤੀ ’ਤੇ ਨਿਗਾਹ ਰੱਖੀ ਹੋਈ ਸੀ।

ਦਿੱਲੀ ਵਿਚ ਭਾਈ ਕਲਿਆਣਾ ਜੀ ਦੀ ਧਰਮਸਾਲ ਵਿਚ ਅਕਸਰ ਗੁਰਮਤਿ ਦੀਆਂ ਵਿਚਾਰਾਂ ਚੱਲਦੀਆਂ ਰਹਿੰਦੀਆਂ ਸਨ। ਗੁਰੂ ਸਾਹਿਬ ਅਤੇ ਤਿੰਨ ਸਿੱਖਾਂ ਦੀ ਸ਼ਹਾਦਤ ਉਪਰੰਤ ਵਿਚਾਰ ਵੀ ਇਸੇ ਧਰਮਸਾਲ ਵਿਚ ਹੋਈ। ਫਿਰ ਭਾਈ ਨਾਨੂੰ ਜੀ ਦੇ ਘਰ ਚਲੇ ਗਏ। ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿੰਨਾ ਜ਼ੋਖ਼ਮ ਭਰਿਆ ਸਮਾਂ ਸੀ ਜਦੋਂ ਭਾਈ ਨਾਨੂੰ, ਭਾਈ ਜੈਤਾ, ਭਾਈ ਗੁਰਦਿੱਤਾ, ਭਾਈ ਊਦਾ ਤੇ ਭਾਈ ਤੁਲਸਾ ਨੇ ਆਪਣੇ ਗੁਰੂ ਸਾਹਿਬ ਦਾ ਸੀਸ ਅਤੇ ਧੜ ਉਠਾਉਣ ਦੀ ਪੂਰੀ ਯੋਜਨਾ ਬਣਾਈ। ਭਾਈ ਨਾਨੂੰ ਜੀ ਨੂੰ ਖਬਰ ਮਿਲੀ ਕਿ ਭਾਈ ਲੱਖੀ ਸ਼ਾਹ ਵਣਜਾਰਾ ਦੇ ਨੌਜਵਾਨ ਸਪੁੱਤਰ ਭਾਈ ਨਿਗਾਹੀਆ, ਭਾਈ ਹੇਮਾ ਤੇ ਭਾਈ ਹਾੜੀ ਨਾਰਨੋਲ ਵਲੋਂ ਆਪਣੇ ਟਾਂਡੇ (ਢੋਆ-ਢੁਆਈ ਲਈ ਵਰਤਿਆ ਜਾਣ ਤੇ ਗੱਡਿਆਂ ਦਾ ਵੱਡਾ ਕਾਫ਼ਲਾ) ਵਾਪਸ ਆ ਗਿਆ ਹੈ ਤੇ ਹੁਣ ਦਰਿਆ ਜਮਨਾ ਕੰਢੇ ਅਰਾਮ ਕਰ ਰਹੇ ਹਨ। ਰਾਤ ਦੇ ਹਨ੍ਹੇਰਿਆਂ ਦੀ ਪ੍ਰਵਾਹ ਨਾ ਕਰਦਿਆਂ ਇਹ ਸਾਰੇ ਟਾਂਡੇ ਪਾਸ ਗਏ ਤੇ ਭਾਈ ਲੱਖੀ ਸ਼ਾਹ ਵਣਜਾਰੇ ਦੀ ਵੀ ਸਲਾਹ ਲਈ। ਬਣਾਈ ਸਕੀਮ ਨਾਲ ਜਦੋਂ ਕਾਫਲਾ ਓਧਰ ਦੀ ਲੰਘਿਆ ਤਾਂ ਭਾਈ ਜੈਤਾ, ਊਦਾ, ਅਤੇ ਆਗਿਆ ਰਾਮ ਨਾਲ ਚੱਲ ਰਹੇ ਸਨ। ਬਿਜਲੀ ਦੀ ਫੁਰਤੀ ਨਾਲ ਸੀਸ ਅਤੇ ਧੜ ਨੂੰ ਉਠਾਇਆ ਗਿਆ। ਗੁਰੂ ਸਾਹਿਬ ਦੇ ਸੀਸ ਨੂੰ ਭਾਈ ਜੈਤਾ ਜੀ ਨੇ ਲੈ ਕੇ ਅਨੰਦਪੁਰ ਨੂੰ ਚਾਲੇ ਪਾ ਦਿੱਤੇ ਜਦਕਿ ਧੜ ਦਾ ਸਸਕਾਰ ਭਾਈ ਲੱਖੀ ਸ਼ਾਹ ਦੇ ਘਰ ਕੀਤਾ ਗਿਆ। ਕਿਸੇ ਨੇ ਬੜਾ ਵਧੀਆ ਕਿਹਾ ਹੈ ਕਿ “ਜਦੋਂ ਲੱਖੀ ਸ਼ਾਹ ਵਣਜਾਰੇ ਨੇ ਗੁਰਦੇਵ ਪਿਤਾ ਦੇ ਧੜ ਨੂੰ ਸੰਭਾਲਣ ਲਈ ਆਪਣੇ ਘਰ ਨੂੰ ਹੀ ਅੱਗ ਲਗਾ ਦਿੱਤੀ। ਲੋਕਾਂ ਨੂੰ ਕਹਿੰਦਾ ਲੋਕੋ ਮੇਰਾ ਘਰ ਸੜ ਗਿਆ,” ਕੋਲ ਖੜ੍ਹੇ ਸਿੱਖ ਨੇ ਕਿਹਾ “ਲੱਖੀ ਸ਼ਾਹ ਤੇਰਾ ਘਰ ਨਹੀਂ ਸੜ ਰਿਹਾ ਇੱਥੇ ਤਾਂ ਰਕਾਬ ਗੰਜ ਗੁਰਦੁਆਰਾ ਉਸਰ ਗਿਆ ਈ। ਤੇਰਾ ਘਰ ਗੁਰਦੁਆਰੇ ਵਿਚ ਤਬਦੀਲ ਹੋ ਗਿਆ ਹੈ।”

**ਸਾਡੇ ਫ਼ਰਜ਼ ਕੀ ਹਨ**

1. ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਭਾਰਤ ਤੇ ਸਮੁੱਚੇ ਸੰਸਾਰ ਵਿਚੋਂ ਚੋਣਵੇਂ ਵਿਦਵਾਨ ਦੀ ਕਮੇਟੀ ਗਠਿਤ ਕਰੇ। ਉਨ੍ਹਾਂ ਦੀਆਂ ਵਿਧੀ-ਵਿਧਾਨ ਦੁਆਰਾ ਇਕੱਤ੍ਰਤਾਵਾਂ ਕੀਤੀਆਂ ਜਾਣ ਤੇ ਠੋਸ ਫੈਸਲੇ ਲਏ ਜਾਣ।

2. ਸਭ ਕੋਲੋਂ ਇੱਕ ਪ੍ਰਣ ਪੱਤਰ ਲਿਆ ਜਾਏ ਕਿ ਮੈਂ ਕੇਵਲ ਗੁਰੂ ਗ੍ਰੰਥ ਸਾਹਿਬ ਤੋਂ ਹੋਰ ਕਿਸੇ ਡੇਰੇ ਆਦਿ ਨੂੰ ਨਹੀਂ ਮੰਨਦਾ।

3. ਸਾਉਣ-ਭਾਦਰੋਂ ਦੀਆਂ ਖੁੰਭਾਂ ਵਾਂਙ ਸਿੱਖੀ ਭੇਸ ਵਿੱਚ ਵਧੇ ਡੇਰਿਆਂ ਨੂੰ ਠੱਲ ਪਾਈ ਜਾਏ। ਇਸ ਦੇ ਨਾਲ ਹੀ ਆਪੂੰ ਬਣੀਆਂ ਸਤਿਕਾਰ ਕਮੇਟੀਆਂ ਦਾ ਪੂਰਾ ਨਿਰੀਖਣ ਕੀਤਾ ਜਾਏ।

4. ਸ਼੍ਰੋਮਣੀ ਕਮੇਟੀ ਕੋਲ ਬਹੁਤ ਵੱਡਾ ਬਜਟ ਹੈ ਇਸ ਲਈ ਇਹ ਦਸਤਾਰਾਂ, ਸਿਰਪਾਓ ਤੇ ਦੇਸੀ ਘਿਓ ਦੀਆਂ ਵੱਡੀਆਂ ਫੈਕਟਰੀਆਂ ਲਗਾਵੇ।

5. ਸ਼੍ਰੋਮਣੀ ਕਮੇਟੀ, ਰਿਟਾਇਰ ਹੋ ਚੁੱਕੇ ਸਕੱਤਰ, ਮਿਸ਼ਨਰੀ ਕਾਲਜਾਂ ਦੇ ਪ੍ਰਿੰਸੀਪਲ ਤੇ ਗੁਰਮਤਿ ’ਤੇ ਪਹਿਰਾ ਦੇਣ ਵਾਲੇ ਗ੍ਰੰਥੀਆਂ ਦੀਆਂ ਸੇਵਾਵਾਂ ਲਏ।

6. ਸੇਵਾ ਮੁਕਤ ਜੱਜ, ਡੀ.ਸੀ, ਕਰਨਲ, ਬ੍ਰਿਗੇਡੀਅਰ, ਵਕੀਲ, ਡਾਕਟਰ, ਸਾਹਿਤਕਾਰ, ਪੱਤ੍ਰਕਾਰ ਆਦਿ ਹਰ ਖੇਤਰ ਦੀਆਂ ਕਮੇਟੀਆਂ ਬਣਾਈਆਂ ਜਾਣ।

7. ਸਮੁੱਚੇ ਤੌਰ ’ਤੇ ਸ਼੍ਰੋਮਣੀ ਕਮੇਟੀ ਨੂੰ ਰਾਜਨੀਤਿਕ ਨੇਤਾਵਾਂ ਦਾ ਗਲਬਾ ਖਤਮ ਕਰਨਾ ਚਾਹੀਦਾ ਹੈ।

8. ਇਤਿਹਾਸ ਸਬੰਧੀ ਉਨ੍ਹਾਂ ਸਿੱਖ ਵਿਦਵਾਨਾਂ ਦੀਆਂ ਸੇਵਾਵਾਂ ਲਏ ਜਿਹੜੇ ਬਿਪਰਵਾਦ ਤੋਂ ਮੁਕਤ ਹੋਣ।

9. ਨਾਨਕਸ਼ਾਹੀ ਕੈਲੰਡਰ ਲਾਗੂ ਕੀਤਾ ਜਾਏ।

10. ਆਧੁਨਿਕ ਯੁੱਗ ਵਿੱਚ ਮਜ਼ਬੂਤ ਮੀਡੀਆ ਬਣਾਇਆ ਜਾਏ, ਜਿਹੜਾ ਹਰ ਚੁਣੌਤੀ ਲਈ ਉੱਤਰ ਦੇਣ ਦੇ ਸਮਰੱਥ ਹੋਵੇ।

11. ਮੰਜੀ ਸਾਹਿਬ ਤੋਂ ਕੇਵਲ ਉਨ੍ਹਾਂ ਪ੍ਰਚਾਰਕਾਂ ਨੂੰ ਹੀ ਸਮਾਂ ਮਿਲੇ ਜਿਹੜੇ ਕੇਵਲ ਗੁਰੂ ਗ੍ਰੰਥ ਸਾਹਿਬ ਨੂੰ ਪ੍ਰਣਾਏ ਹੋਏ ਹਨ।

12. ਥਾਂ-ਪਰ-ਥਾਂ ਦੀਵਾਨ, ਸੈਮੀਨਾਰ ਲਗਾਏ ਜਾਣ।

13. ਉਨ੍ਹਾਂ ਤਮਾਮ ਸਿੱਖ ਬੱਚਿਆਂ ਦੀ ਸ਼ਨਾਖਤ ਜਵਾਹਰ ਨਵੋਦਿਆ ਸਕੂਲ ਵਾਂਙ ਪਹਿਲੀ ਤੋਂ ਲੈ ਕੇ ਐਮ.ਏ., ਪੀ.ਐੱਚ.ਡੀ ਤੇ ਹੋਰ ਉੱਚ ਅਹੁਦਿਆਂ ਵਾਲੀ ਪੜ੍ਹਾਈ ਵੱਲ ਉਚੇਚਾ ਧਿਆਨ ਦਿੱਤਾ ਜਾਏ।

14. ਸਿੰਘ ਸਾਹਿਬਾਨਾਂ ਨੂੰ ਸੁਰੱਖਿਆ ਘੇਰੇ ਵਿਚੋਂ ਬਾਹਰ ਆ ਕੇ ਲੋਕਾਂ ਨਾਲ ਜੁੜ ਕੇ ਪ੍ਰਚਾਰ ਖੇਤਰ ਦੀ ਜ਼ਿੰਮੇਵਾਰੀ ਸੰਭਾਲਣੀ ਚਾਹੀਦੀ ਹੈ।

15. ਅਕਾਲ ਤਖਤ ਦੇ ਜਥੇਦਾਰਾਂ ਨੂੰ ਸਿੱਧੇ ਫੈਸਲੇ ਕਰਨ ਦੀ ਥਾਂ ’ਤੇ ਵਿਸ਼ਾ ਮਾਹਰ ਕਮੇਟੀਆਂ ਬਣਾਈਆਂ ਜਾਣ ਤੇ ਉਨ੍ਹਾਂ ਦੀ ਸਲਾਹ ਲਈ ਜਾਏ।

16. ਕਿੜ੍ਹਾਂ ਕੱਢਣ ਵਾਲੇ ਤਮਾਮ ਹੁਕਮਨਾਮਿਆਂ ਦੀ ਦੁਬਾਰਾ ਵਿਚਾਰ ਹੋਣੀ ਚਾਹੀਦੀ ਹੈ।

17. ਹਰ ਦੇਸ਼ ਵਿੱਚ ਸਿੱਖ ਨੁਮਾਇੰਦਿਆਂ ਦੀਆਂ ਕਮੇਟੀਆਂ ਬਣਾ ਕੇ ਕੌਮੀ ਕਾਰਜ ਕਰਨੇ ਚਾਹੀਦੇ ਹਨ।

18. ਸਭ ਆਪੂੰ ਬਣੇ ਪ੍ਰਚਾਰਕ, ਰਾਗੀਆਂ, ਢਾਡੀਆਂ ’ਤੇ ਸਿਧਾਂਤਕ ਕੁੰਡਾ ਹੋਣਾ ਚਾਹੀਦਾ ਹੈ।

-0-

# ਪਾਠਕਾਂ ਦੇ ਸਵਾਲਾਂ ਦੇ ਜਵਾਬ

**1. ਸਵਾਲ— ਨੀਤੀ ਤੋਂ ਕੀ ਭਾਵ ਹੈ ਜਾਂ ਨੀਤੀ ਕੀ ਹੁੰਦੀ ਹੈ?**

**ਜਵਾਬ—** ਜਿਸ ਵਿਦਿਆ ਤੋਂ ਹਿਤ-ਅਹਿਤ, ਯੋਗ-ਅਯੋਗ ਅਤੇ ਹਾਨ-ਲਾਭ ਦਾ ਗਿਆਨ ਹੋਵੇ ਅਰ ਸਭਸ ਨਾਲ ਨਿਆਏਂ ਅਨੁਸਾਰ ਵਰਤਾਓ ਕੀਤਾ ਜਾਏ ਅਤੇ ਮਨ ਬਾਂਛਤ ਫਲ਼ ਪ੍ਰਾਪਤ ਕਰ ਸਕੀਏ—ਉਸ ਦਾ ਨਾਂ ਨੀਤੀ ਹੈ। 2 ਉਹ ਰੀਤੀ, ਜਿਸ ਦੁਆਰਾ ਆਦਮੀ ਸੁਮਾਰਗ ਚਲ ਸਕੇ। ਧਰਮ ਅਤੇ ਸਮਾਜ ਦੇ ਚਲਾਉਣ ਦੇ ਨਿਯਮ ਦਾ ਨਾਉਂ ਨੀਤੀ ਹੈ—

**ਰਈਅਤਿ ਰਾਜੇ ਦੁਰਮਤਿ ਦੋਈ॥**
**ਬਿਨੁ ਸਤਿਗੁਰ ਸੇਵੇ ਏਕੁ ਨ ਹੋਈ॥**
**ਏਕੁ ਧਿਆਇਨਿ ਸਦਾ ਸੁਖੁ ਪਾਇਨਿ ਨਿਹਚਲੁ ਰਾਜੁ ਤਿਨਾਹਾ ਹੇ॥**
**(1057)**

ਇਸ ਪ੍ਰਥਾਏ ਮਾਰੂ ਰਾਗ ਵਿਚ ਗੁਰੂ ਨਾਨਕ ਸਾਹਿਬ ਦਾ ਵਾਕ ਬੜਾ ਪਿਆਰਾ ਹੈ—

**ਰਾਜਾ ਤਖਤਿ ਟਿਕੈ ਗੁਣੀ ਭੈ ਪੰਚਾਇਣ ਰਤੁ॥ (992)**

**ਭਾਵ ਅਰਥ**—ਉਹ ਰਾਜਾ ਅਖੰਡ ਰਾਜ ਭੋਗ ਸਕਦਾ ਹੈ ਜੋ ਵਿਦਿਆ ਅਰ ਗੁਣਾਂ ਵਿੱਚ ਪੂਰਨ ਹੈ ਅਤੇ ਪੰਚਾਇਤ ਦੇ ਭੈ ਵਿਚ ਰਹਿੰਦਾ ਹੈ। ਭਾਵ ਇਹ ਹੈ ਜੋ ਖ਼ੁਦਰਵੀ (ਆਪਣੀ ਮਰਜ਼ੀ ਨਾਲ ਚੱਲਣ ਵਾਲਾ) ਨਹੀਂ ਕਰਦਾ ਹੈ। ਚੁਣੇ ਹੋਏ ਨੀਤੀਵੇਤਾ ਲੋਕਾਂ ਦੀ ਸੰਮਤੀ ਨਾਲ ਕੰਮ ਕਰਦਾ ਹੈ। ਪਰ ਇਸ ਦੇ ਵਿਰੁੱਧ ਜਿਹੜਾ ਆਪਣੀ ਮਰਜ਼ੀ ਕਰਦਾ ਹੈ ਉਸ ਸਬੰਧੀ ਵੀ ਗੁਰਦੇਵ ਜੀ ਦਾ ਮਿੱਠਾ ਵਾਕ ਹੈ—

**ਹੁਕਮ ਕੀਏ ਮਨਿ ਭਾਵਦੇ ਰਾਹਿ ਭੀੜੈ ਅਗੇ ਜਾਵਣਾ॥ (470)**

**2. ਸਵਾਲ— ਸਫ਼ਲ ਨੀਤੀਵੇਤਾ ਕੌਣ ਹੈ?**

**ਜਵਾਬ**— ਜੋ ਲੋਕਾਂ ਦਾ ਮਨ ਜਿੱਤ ਲੈਂਦਾ ਹੈ, ਉਹ ਸੰਸਾਰ ਵਿਚ ਪੂਰੀ ਫਤਹਿ ਪਾਉਂਦਾ ਹੈ। ਤਲਵਾਰ ਨਾਲ ਜਿੱਤਣ ਨਾਲੋਂ ਪਰਜਾ ਦਾ ਮਨ ਜਿੱਤ ਕੇ ਵੱਸ ਕਰਨਾ ਰਾਜਾ ਦੀ ਮੁੱਖ ਨੀਤੀ ਕਰਮ ਹੈ। ਉਹ ਰਾਜਾ ਜਗਤ ਜਿੱਤਚ ਵਾਲਾ ਹੁੰਦਾ ਹੈ। ਜੋ ਆਪਣੇ ਮਨ ਨੂੰ ਕਾਬੂ ਵਿਚ ਰੱਖਦਾ ਹੈ, ਵਿਸ਼ੇ-ਵਾਸ਼ਨਾ ਦੇ ਅਧੀਨ ਹੋ ਕੇ ਮਨ ਇੱਛਤ ਕਰਮਾਂ ਵਿਚ ਨਹੀਂ ਡਿਗਦਾ, ਸਗੋਂ ਇਸ ਦੇ ਵਿਰੁੱਧ ਚਕਦਾ ਹੈ, ਉਹ ਬੱਲ ਅਤੇ ਸੈਨਾ ਨਾਲ ਜਗਤ ਨੂੰ ਜਿੱਤ ਕੇ ਵੀ ਅੰਤ ਨੂੰ ਹਾਰਦਾ ਹੈ। ਜਿਸ ਨੇ ਆਪਣੇ ਮਨ ਨੂੰ ਹੀ ਨਹੀਂ ਜਿੱਤਿਆ, ਉਹ ਦੂਜਿਆਂ ਨੂੰ ਕਿਵੇਂ ਜਿੱਤ ਸਕਦਾ ਹੈ ਗੁਰਬਾਣੀ ਵਾਕ ਹੈ—

**ਮਨਿ ਜੀਤੈ ਜਗੁ ਜੀਤੁ॥ (6)** ਅਤੇ
**ਕਿਆ ਸੁਲਤਾਨੁ ਸਲਾਮ ਵਿਹੂਣਾ॥ (354)**

**3. ਸਵਾਲ— ਨੀਤੀ ਸ਼ਾਸਤਰ ਤੋਂ ਕੀ ਭਾਵ ਹੈ?**

**ਜਵਾਬ**— ਨੀਤੀ ਵਿਗਿਆਨ ਜਾਂ ਨੀਤੀ ਸ਼ਾਸ਼ਤਰ ਜਾਂ ਅਚਾਰ ਸ਼ਾਸਤਰ ਫ਼ਸਫ਼ਸੇ ਦੀ ਇਕ ਸਾਖ਼ ਹੈ ਜਿਸ ਵਿਚ ਸਹੀ ਅਤੇ ਗ਼ਲਤ ਵਤੀਰੇ ਦੇ ਸਿਧਾਂਤਾਂ ਨੂੰ ਉਲੀਕਣਾ ਬਚਾਉਣਾ ਅਤੇ ਉਚਿਆਉਣਾ ਸ਼ਾਮਿਲ ਹੈ। ਜਿਸ ਵਿਚ ਆਮ ਕਰਕੇ ਸਦਾਚਾਰੀ ਭਿੰਨਤਾ ਦੇ ਬਖੇੜਿਆਂ ਦਾ ਨਿਪਟਾਰਾ ਕਰਨਾ ਹੁੰਦਾ ਹੈ। ਨੀਤੀ ਵਿਗਿਆਨ ਇਸ ਗੱਲ ਦਾ ਪਤਾ ਲਗਾਉਂਦਾ ਹੈ ਕਿ ਮਨੁੱਖਾਂ ਵਾਸਤੇ ਰਹਿਣ ਦਾ ਕਿਹੜਾ ਤਰੀਕਾ ਸਭ ਤੋਂ ਵੱਧ ਲਾਭਦਾਇਕ ਹੈ।

**4. ਸਵਾਲ— ਮਸਤ ਤੋਂ ਕੀ ਭਾਵ ਹੈ?**

**ਜਵਾਬ**— ਰੱਬੀ ਪ੍ਰੇਮ ਦੇ ਨਸ਼ੇ ਦੀ ਖ਼ੁਮਾਰੀ ਵਿੱਚ ਮਸਤ ਹਨ। ਜਿਨ੍ਹਾਂ ਨੇ ਲੋਕਾਂ ਦੀ ਕਾਣ ਤਿਆਗ ਕੇ ਨਿਸ਼ੰਕ ਆਪਣੇ ਸ਼ੁਭ ਨਿਯਮ ਧਾਰਨ ਕੀਤੇ ਹਨ, ਉਹ ਯਥਾਰਥ ਮਸਤ ਸੱਦੀਦੇ ਹਨ, ਉਹਨਾ ਨੇ ਦਿਖਾਵੇ ਦੀ ਮਸਤੀ ਨਿੰਦਿਤ ਸਮਝੀ ਹੈ।

**ਜਿਨ੍ ਪੀਆ ਸੇ ਮਸਤ ਭਏ ਹੈ ਤੂਟੇ ਬੰਧਨ ਫਾਹੇ ॥**
**ਜੋਤੀ ਜੋਤਿ ਸਮਾਣੀ ਭੀਤਰਿ ਤਾ ਛੋਡੇ ਮਾਇਆ ਕੇ ਲਾਹੇ ॥ (351)**

**ਅੱਖਰੀਂ ਅਰਥ**- ਜਿਨ੍ਹਾਂ ਜਿਨ੍ਹਾਂ ਜੀਵਾਂ ਨੇ ਉਹ ਨਾਮ-ਰਸ ਪੀਤਾ, ਉਹ ਮਸਤ ਹੋ ਗਏ। (ਉਹਨਾਂ) ਦੇ (ਮਾਇਆ ਵਾਲੇ) ਬੰਧਨ ਤੇ ਫਾਹੇ ਟੁੱਟ ਗਏ, ਉਹਨਾਂ ਦੇ ਅੰਦਰ ਪਰਮਾਤਮਾ ਦੀ ਜੋਤਿ ਟਿਕ ਗਈ, ਉਹਨਾਂ ਨੇ ਮਾਇਆ ਦੀ ਖ਼ਾਤਰ (ਦਿਨ ਰਾਤ ਦੀ) ਦੌੜ-ਭੱਜ ਛੱਡ ਦਿੱਤੀ (ਭਾਵ, ਉਹ ਮਾਇਆ ਦੇ ਮੋਹ-ਜਾਲ ਵਿਚੋਂ ਬਚ ਗਏ)।2।

**5. ਸਵਾਲ— ਮਸੰਦ ਕਿਸ ਨੂੰ ਕਿਹਾ ਜਾਂਦਾ ਹੈ?**

**ਜਵਾਬ**— ਗੁਰਮਤਿ ਮਾਰਤੰਡ ਦੇ ਪੰਨਾ 743 'ਤੇ ਲਿਖਿਆ ਹੈ, ਸਤਿਗੁਰਾਂ ਦੀ ਮਨਸਦ (ਗੱਦੀ) ਨਾਲ ਸੰਬੰਧ ਰੱਖਣ ਵਾਲੇ ਪ੍ਰਚਾਰਕਾਂ ਦੀ ਇਹ ਸੰਗਿਆ ਸੀ (ਭਾਵ ਇਹ ਨਾਮ ਸੀ) ਦਬਿਸਤਾਨ ਦੀ ਦੂਜੀ ਫਸਲ ਦੀ ਬਾਰ੍ਹਵੀਂ ਨਜ਼ਰ ਵਿੱਚ ਮੁਹਸਨਫ਼ਾਨੀ ਲਿਖਦਾ ਹੈ ਕਿ ਅਫ਼ਗ਼ਾਨ ਬਾਦਸ਼ਾਹ ਵੇਲੇ ਅਮੀਰਾਂ ਨੂੰ ਮਸਨਦੇ ਆਲੀ ਲਿਖਿਆ ਜਾਂਦਾ ਸੀ।, ਜਿਸ ਤੋਂ ਮਸੰਦ ਸ਼ਬਦ ਬਣ ਗਿਆ, ਚੂੰਕਿ ਸਿੱਖ ਗੁਰੂਆਂ ਨੂੰ ਸੱਚਾ ਪਾਤਸ਼ਾਹ ਜਾਣਦੇ ਹਨ ਇਸ ਵਾਸਤੇ ਉਹਨਾਂ ਦੇ ਗ਼ੁਮਸ਼ਤਿਆਂ (ਮੁਕਰਰ ਜਾਂ ਨਿਯੁਕਤ) ਨੂੰ ਮਸੰਦ ਆਖਦੇ ਹਨ। 'ਮਸੰਦ' ਨੂੰ ਰਾਮਦਾਸ ਭੀ ਸੱਦੀਦਾ ਹੈ। ਰਾਮਦਾਸ ਦੇ ਮਹਾਨ ਕੋਸ਼ ਵਿਚ ਰਾਮਦਾਸ ਜੀ ਦੇ ਅੱਠ ਪ੍ਰਕਾਰ ਦੇ ਅਰਥ ਹਨ ਇਹਨਾਂ ਵਿਚੋਂ ਦਬਿਸਤਾਨੇ ਮਜਾਹਬ ਅਨੁਸਾਰ ਗੁਰੂ ਦੇ ਮਸੰਦ ਦੀ ਪਦਵੀ ਭੀ ਰਾਮਦਾਸ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਜਦ ਦੇਖਿਆ ਕਿ ਮਸੰਦ ਸਵਾਰਥ ਵੱਸ ਹੋ ਕੇ ਸੰਗਤਿ ਨੂੰ ਦੁੱਖ ਦਿੰਦੇ ਹਨ, ਤਦ ਇਹ ਅਹੁਦਾ ਮਨਸੂਖ਼ ਕਰ ਦਿੱਤਾ, ਅਰ ਅੰਮ੍ਰਿਤ ਸੰਸਕਾਰ ਵੇਲੇ ਮਸੰਦਾਂ ਦੀ ਸੰਗਤਿ ਤੋਂ ਪ੍ਰਹੇਜ਼ ਕਰਨ ਦਾ ਉਪਦੇਸ਼ ਦਿੱਤਾ।

**6. ਸਵਾਲ— ਸਿੱਖੀ ਵਿਚ ਕੋਈ ਵਿਸ਼ੇਸ਼ ਮਹਾਂਪੁਰਖ ਵੀ ਹੁੰਦਾ ਹੈ?**

**ਜਵਾਬ**— ਸਿੱਖ ਧਰਮ ਵਿਚ ਕੋਈ ਵਿਸ਼ੇਸ਼ ਮਹਾਂਪੁਰਖ ਨਹੀਂ ਹੁੰਦਾ। ਸਿੱਕ ਧਰਮ ਵਿਚ ਭਾਈ, ਬਾਬਾ, ਸ਼ਬਦ ਆਮ ਵਰਤਿਆ ਜਾਂਦਾ ਹੈ। ਅੱਜ ਕਲ੍ਹ ਜ਼ਿਆਦਾ ਤਰ ਸਿੱਖੀ ਪਹਿਰਾਵੇ ਵਿਚ ਡੇਰੇ ਵਾਲਿਆਂ ਦੇ ਬਾਬੇ ਨੂੰ ਮਹਾਂਪਰਸ਼ ਕਿਹਾ ਜਾਂਦਾ ਹੈ। ਗੁਰਬਾਣੀ ਅਨੁਸਾਰ ਨੇਕ ਪੁਰਸ਼, ਰੱਬੀ ਭਾਵਨਾ ਵਿਚ ਵਿਚਰਨ ਵਾਲੇ ਨੂੰ ਮਹਾਂਪੁਰਸ਼ ਕਿਹਾ ਜਾਂਦਾ ਹੈ—

**ਸਤਿਗੁਰੁ ਸੇਵਹਿ ਸੇ ਮਹਾਪੁਰਖ ਸੰਸਾਰੇ ॥ ਆਪਿ ਉਧਰੇ ਕੁਲ ਸਗਲ ਨਿਸਤਾਰੇ ॥ ਹਰਿ ਕਾ ਨਾਮੁ ਰਖਹਿ ਉਰ ਧਾਰੇ ॥ ਨਾਮਿ ਰਤੇ ਭਉਜਲ ਉਤਰਹਿ ਪਾਰੇ ॥ (161)**

**ਅੱਖਰੀਂ ਅਰਥ**- ਜਿਹੜੇ ਮਨੁੱਖ ਗੁਰੂ ਦੀ ਸਰਨ ਪੈਂਦੇ ਹਨ, ਉਹ ਸੰਸਾਰ ਵਿਚ ਮਹਾ ਪੁਰਖ ਮੰਨੇ ਜਾਂਦੇ ਹਨ, ਉਹ ਸੰਸਾਰ-ਸਮੁੰਦਰ ਤੋਂ ਆਪ ਪਾਰ ਲੰਘ ਜਾਂਦੇ ਹਨ, ਆਪਣੀਆਂ ਸਾਰੀਆਂ ਕੁਲਾਂ ਨੂੰ ਭੀ ਪਾਰ ਲੰਘਾ ਲੈਂਦੇ ਹਨ, ਉਹ ਪਰਮਾਤਮਾ ਦਾ ਨਾਮ ਸਦਾ ਆਪਣੇ ਹਿਰਦੇ ਵਿਚ ਸੰਭਾਲ ਰੱਖਦੇ ਹਨ। ਪ੍ਰਭੂ-ਨਾਮ (ਦੇ ਰੰਗ) ਵਿਚ ਰੰਗੇ ਹੋਏ ਉਹ ਮਨੁੱਖ ਸੰਸਾਰ-ਸਮੁੰਦਰ ਤੋਂ ਪਾਰ ਲੰਘ ਜਾਂਦੇ ਹਨ।2।

**7. ਸਵਾਲ— ਮਹਾ ਰਸ ਤੋਂ ਕੀ ਭਾਵ ਹੈ?**

**ਜਵਾਬ—** ਅੱਖਰੀਂ ਅਰਥ ਹਨ ਉਤਮ ਰਸ— ਭਾਵ ਕਿ ਜੀਵਨ ਜਾਚ ਆ ਜਾਣੀ। ਜਦੋਂ ਮਨੁੱਖ ਦੇ ਮਨ ਵਿਚੋਂ ਈਰਖਾ, ਲੋਭ ਲਾਲਚ, ਕਾਮ, ਕ੍ਰੋਧ, ਤ੍ਰਿਸ਼ਨਾ ਵਰਗੀਆਂ ਬਿਮਾਰੀਆਂ ਮਨ ਵਿਚੋਂ ਚਲੀਆਂ ਜਾਣ ਤੇ ਸਤਿ-ਸੰਤੋਖ, ਹਲੇਮੀ, ਸਹਿਜ ਵਿਚਾਰ ਵਰਗੀਆਂ ਭਲੀਆਂ ਸੋਚਾਂ ਜਨਮ ਲੈਂਦੀਆਂ ਰਹਿਣ ਤਾਂ ਓਦੋਂ ਸਦਾ ਮਹਾਂਰਸ ਬਣਿਆ ਰਹਿੰਦਾ ਹੈ—

**ਆਨ ਰਸਾ ਜੇਤੇ ਤੈ ਚਾਖੇ ॥ ਨਿਮਖ ਨ ਤ੍ਰਿਸਨਾ ਤੇਰੀ ਲਾਥੇ ॥**
**ਹਰਿ ਰਸ ਕਾ ਤੂੰ ਚਾਖਹਿ ਸਾਦੁ ॥ ਚਾਖਤ ਹੋਇ ਰਹਹਿ ਬਿਸਮਾਦੁ ॥**
**ਅੰਮ੍ਰਿਤੁ ਰਸਨਾ ਪੀਉ ਪਿਆਰੀ॥ ਇਹ ਰਸ ਰਾਤੀ ਹੋਇ ਤ੍ਰਿਪਤਾਰੀ॥**
**(180)**

(ਹੇ ਮੇਰੀ ਜੀਭ! ਪਰਮਾਤਮਾ ਦੇ ਨਾਮ-ਰਸ ਤੋਂ ਬਿਨਾਂ) ਹੋਰ ਜਿਤਨੇ ਭੀ ਰਸ ਤੂੰ ਚੱਖਦੀ ਰਹਿੰਦੀ ਹੈ, (ਉਹਨਾਂ ਨਾਲ) ਤੇਰੀ ਤ੍ਰਿਸ਼ਨਾ ਅੱਖ ਦੇ ਝਮਕਣ ਸਮੇਂ ਤਕ ਵੀ ਨਹੀਂ ਦੂਰ ਹੁੰਦੀ। ਜੇ ਤੂੰ ਪਰਮਾਤਮਾ ਦੇ ਨਾਮ-ਰਸ ਦਾ ਸੁਆਦ ਚੱਖੇਂ, ਚੱਖਦਿਆਂ ਹੀ ਤੂੰ (ਉਸ ਵਿਚ) ਮਸਤ ਹੋ ਜਾਏਂ।1

ਹੇ (ਮੇਰੀ) ਪਿਆਰੀ ਜੀਭ! ਤੂੰ ਆਤਮਕ ਜੀਵਨ ਦੇਣ ਵਾਲਾ ਨਾਮ-ਰਸ ਪੀ। ਜਿਹੜੀ ਜੀਭ ਇਸ ਨਾਮ-ਰਸ ਵਿਚ ਮਸਤ ਹੋ ਜਾਂਦੀ ਹੈ, ਉਹ (ਹੋਰ ਰਸਾਂ ਵਲੋਂ) ਸੰਤੁਸ਼ਟ ਹੋ ਜਾਂਦੀ ਹੈ।1। ਰਹਾਉ।




# ਬਿਖਿਆਨ ਸਿਉ ਕਾਹੇ ਰਚਿਓ...

## ਸਲੋਕ ੨
## ਵਿਕਾਰਾਂ ਵਿਚ ਕਿਉਂ ਫਸਦਾ ਏਂ

**ਭੂਮਿਕਾ—** ਮਨੁੱਖ ਦਾ ਮਨ ਭੈੜੀ ਬਿਰਤੀ ਨੂੰ ਛੇਤੀ ਗ੍ਰਹਿਣ ਕਰਦਾ ਹੈ, ਜਦ ਕਿ ਚੰਗੀ ਮਤ ਲੈਣ ਲਈ ਉਦਮ ਵਲੋਂ ਪਾਸਾ ਵੱਟ ਜਾਂਦਾ ਹੈ।

ਦੁਨੀਆਂ ਤੇ ਕੋਈ ਐਸਾ ਮਨੁੱਖ ਨਹੀਂ ਹੈ, ਜਿਸ ਨੂੰ ਕਿਸੇ ਮੁਸ਼ਕਲ ਦਾ ਸਾਹਮਣਾ ਨਾ ਕਰਨਾ ਪਿਆ ਹੋਵੇ। ਕੋਈ ਆਈਆਂ ਮੁਸ਼ਕਲਾਂ ਦਾ ਹੱਲ ਲੱਭ ਲੈਂਦਾ ਹੈ ਤੇ ਕੋਈ ਮੁਸ਼ਕਲਾਂ ਵਿੱਚ ਉਲਝ ਕੇ ਰਹਿ ਜਾਂਦਾ ਹੈ। ਇਕ ਮੁਸ਼ਕਲ ਜਵਾਨੀ ਵਿੱਚ ਪੈਰ ਰੱਖਦਿਆਂ ਆਉਂਦੀ ਹੈ, ਜਦੋਂ ਜਵਾਨੀ ਦਾ ਰੂਪ ਚੜ੍ਹਦਾ ਹੈ—ਕਾਮਕ ਸੋਚ ਦਾ ਅਹਿਸਾਸ ਹੁੰਦਾ ਹੈ। ਅਜਿਹੀ ਸੋਚ ਪੂਰੀ ਨਾ ਹੋਵੇ ਤੇ ਕ੍ਰੋਧ ਆਪਣੇ ਆਪ ਆ ਜਾਂਦਾ ਹੈ। ਏਦਾਂ ਹੀ ਬੰਦਾ ਵਿਸ਼ੇ ਵਿਕਾਰਾਂ ਵਿੱਚ ਫਸਦਾ ਜਾਂਦਾ ਹੈ। ਇੱਕ ਵਾਰ ਬੰਦੇ ਨੂੰ ਅੰਦਰੋਂ ਅਹਿਸਾਸ ਹੁੰਦਾ ਹੈ ਕਿ ਜੋ ਮੈਂ ਕਰਨ ਜਾ ਰਿਹਾ ਹਾਂ ਇਹ ਗਲਤ ਹੈ ਪਰ ਮਨ ਨੂੰ ਸਮਝਾ ਲੈਂਦਾ ਹੈ, ਕਿ ਕਿਹੜਾ ਕਿਸੇ ਨੂੰ ਪਤਾ ਲੱਗਣਾ ਹੈ। ਵਿਕਾਰਾਂ ਵਿੱਚ ਜਾਣ ਲਈ ਪਹਿਲਾ ਕਦਮ ਹੀ ਔਖਾ ਹੁੰਦਾ ਹੈ, ਜਦੋਂ ਕਦਮ ਪੁੱਟਿਆ ਜਾਂਦਾ ਹੈ ਤਾਂ ਫਿਰ ਆਪਣੇ ਆਪ ਹੀ ਤੁਰਿਆ ਰਹਿੰਦਾ ਹੈ।

ਵਿਸ਼ਿਆਂ ਦਾ ਖੇਤਰ ਬਹੁਤ ਵਿਸ਼ਾਲ ਤੇ ਬਰੀਕ ਹੈ। ਮਨ ਦਾ ਸੰਤੁਲਨ ਵਿਗਾੜਨ ਵਾਲੀਆਂ ਵ੍ਰਿਤੀਆਂ ਨੂੰ ਵਿਕਾਰ ਕਿਹਾ ਜਾਂਦਾ ਹੈ। ਇਨ੍ਹਾਂ ਦੀ ਗਿਣਤੀ ਮੋਟੇ ਤੌਰ 'ਤੇ ਪੰਜ ਹੈ। ਇਹ ਪੰਜੇ ਵਿਕਾਰ ਮਾਇਆ ਦੇ ਪ੍ਰਮੁੱਖ ਮੈਂਬਰ ਹਨ। ਮਾਇਆ ਦਾ ਪਰਵਾਰ ਬਹੁਤ ਵੱਡਾ ਹੈ, ਉਸ ਵਿੱਚ ਅਨੇਕ ਪ੍ਰਕਾਰ ਦੇ ਵਿਕਾਰ, ਵਾਸ਼ਨਾਵਾਂ, ਕੁਰੁਚੀਆਂ ਆਦਿ ਸ਼ਾਮਿਲ ਹਨ। ਇਨ੍ਹਾਂ ਕਰਕੇ ਮਨ ਸਦਾ ਵਕਾਰੀ ਬਣਿਆ ਰਹਿੰਦਾ ਹੈ। ਏਦਾਂ ਦੇ ਮਨ ਵਿੱਚ ਸਥਿਰਤਾ ਨਹੀਂ ਆ ਸਕਦੀ--




ਪ੍ਰਿੰ. ਗੁਰਬਚਨ ਸਿੰਘ ਪੰਨਵਾਂ
99155-29725


**ਸਲੋਕ—**

*ਬਿਖਿਅਨ ਸਿਉ ਕਾਹੇ ਰਚਿਓ ਨਿਮਖ ਨ ਹੋਹਿ ਉਦਾਸੁ ॥*

*ਕਹੁ ਨਾਨਕ ਭਜੁ ਹਰਿ ਮਨਾ ਪਰੈ ਨ ਜਮ ਕੀ ਫਾਸ ॥੨॥*

**ਪਦ ਅਰਥ—** ਬਿਖਿਅਨ ਸਿਉ-ਵਿਸ਼ਿਆਂ ਨਾਲ। ਕਾਹੇ-ਕਿਉਂ। ਨਿਮਖ-ਅੱਖ ਝਮਕਣ ਜਿਤਨੇ ਸਮੇਂ ਲਈ। ਨ ਹੋਹਿ-ਤੂੰ ਨਹੀਂ ਹੁੰਦਾ। ਉਦਾਸ-ਉਪਰਾਮ, ਵੱਖਰਾ, ਨਿਰਲੇਪ। ਪਰੈ ਨ-ਨਹੀਂ ਪੈਂਦੀ। ਫਾਸ-ਫਾਹੀ।

**ਅੱਖਰੀ ਅਰਥ—** ਤੂੰ ਵਿਸ਼ਿਆਂ ਨਾਲ ਕਿਉਂ ਇਤਨਾ ਮਸਤ ਰਹਿੰਦਾ ਹੈਂ? ਤੂੰ ਅੱਖ ਦੇ ਝਮਕਣ ਜਿਤਨੇ ਸਮੇਂ ਲਈ ਭੀ ਵਿਸ਼ਿਆਂ ਤੋਂ ਚਿੱਤ ਨਹੀਂ ਹਟਾਉਂਦਾ। ਨਾਨਕ ਆਖਦਾ ਹੈ-ਹੇ ਮਨ! ਪ੍ਰਮਾਤਮਾ ਦਾ ਭਜਨ ਕਰਿਆ ਕਰ। ਭਜਨ ਦੀ ਬਰਕਤ ਨਾਲ ਜਮਾਂ ਦੀ ਫਾਹੀ, ਗਲ਼ ਵਿੱਚ ਨਹੀਂ ਪੈਂਦੀ॥੨॥

**ਵਿਚਾਰ ਚਰਚਾ ਤੇ ਵਿਹਾਰਕ ਪੱਖ—**

ਜਦੋਂ ਕੋਈ ਇੱਕ ਵਿਕਾਰ ਜਨਮ ਲੈਂਦਾ ਹੈ ਤਾਂ ਬਾਕੀ ਦੇ ਵਿਕਾਰ ਆਪਣੇ ਆਪ ਹੀ ਤੁਰੇ ਆਉਂਦੇ ਹਨ ਤੇ ਇਨ੍ਹਾਂ ਦੀ ਨਵੀਂ ਤੋਂ ਨਵੀਂ ਉਤਪਤੀ ਹੁੰਦੀ ਰਹਿੰਦੀ ਹੈ। ਇਹ ਨਾ ਮੁੱਕਣ ਵਾਲਾ ਸਿਲਸਿਲਾ ਚਲਦਾ ਰਹਿੰਦਾ ਹੈ। ਇਨ੍ਹਾਂ 'ਤੇ ਕਾਬੂ ਪਉਣਾ ਸੌਖਾ ਨਹੀਂ ਹੈ, ਗੁਰੂ ਨਾਨਕ ਸਾਹਿਬ ਜੀ ਨੇ ਤੱਤ ਸਮਮਝਾਇਆ ਹੈ—

*ਅਵਰਿ ਪੰਚ ਹਮ ਏਕ ਜਨਾ ਕਿਉ ਰਾਖਉ ਘਰ ਬਾਰੁ ਮਨਾ ॥*

*ਮਾਰਹਿ ਲੂਟਹਿ ਨੀਤ ਨੀਤ ਕਿਸੁ ਆਗੈ ਕਰੀ ਪੁਕਾਰ ਜਨਾ ॥੧॥ (੧੫੫)*

ਇਹ ਵਿਕਾਰ ਸਦਾ ਮਨ ਵਿੱਚ ਜਗ੍ਹਾ ਮੱਲ ਕੇ ਬੈਠੇ ਰਹਿੰਦੇ ਹਨ। ਅਸਲ ਵਿੱਚ ਇਹ ਮਾਇਆ ਦੇ ਦੂਤ ਹਨ, ਜੋ ਮਾਇਆ ਦੇ ਪ੍ਰਭਾਵ ਅਤੇ ਮਹੱਤਵ ਦਾ ਵਿਸਥਾਰ ਕਰਦੇ ਹਨ। ਇਨ੍ਹਾਂ ਤੋਂ ਖਲਾਸੀ ਗੁਰ-ਗਿਆਨ ਵਿੱਚ ਦੱਸੀ ਹੈ—

*ਪੰਚ ਬਿਕਾਰ ਮਨ ਮਹਿ ਬਸੇ ਰਾਚੇ ਮਾਇਆ ਸੰਗਿ ॥*

*ਸਾਧਸੰਗਿ ਹੋਇ ਨਿਰਮਲਾ ਨਾਨਕ ਪ੍ਰਭ ਕੈ ਰੰਗਿ ॥੫॥ (੨੯੭)*

ਜਿਸ ਤਰ੍ਹਾਂ ਪਹਿਲੇ ਸਲੋਕ ਵਿੱਚ ਇੱਕ ਵਿਦਿਆਰਥੀ ਦੀ ਮਿਸਾਲ ਦਿੱਤੀ ਹੈ। ਇਸ ਨੂੰ ਹੋਰ ਅੱਗੇ ਲੈ ਕੇ ਜਾਂਦੇ ਹਾਂ। ਵਿਦਿਆਰਥੀ ਨੂੰ ਜ਼ਿੰਦਗੀ ਪੜ੍ਹਨ ਲਈ ਮਿਲੀ ਹੈ ਪਰ ਜੇ ਉਹ ਵਿਸ਼ੇ ਵਿਕਾਰਾਂ ਵਿੱਚ ਪੈ ਜਾਏ ਤਾਂ ਉਹ ਬਰਬਾਦੀ ਵਲ ਨੂੰ ਵੱਧ ਜਾਂਦਾ ਹੈ। ਮੇਰੇ ਇਕ ਬਹੁਤ ਹੀ ਨਜ਼ਦੀਕੀ ਵਿਦਵਾਨ ਵੀਰ ਨੇ ਆਪਣੇ ਬੱਚੇ ਨੂੰ ਅੰਦਰਲੀ ਗੱਲ ਦਸਦਿਆਂ ਕਿਹਾ, ਕਿ "ਬੇਟਾ ਹੁਣ ਤੂੰ ਜਵਾਨ ਹੋ ਰਿਹਾ ਏਂ। ਤੂੰ ਸੋਹਣਾ ਸੁਨੱਖਾ ਵੀ ਬਹੁਤ ਏਂ। ਤੇਰਾ ਬਾਪ ਵੀ ਡਾਕਟਰ ਹੈ। ਤੇਰੇ ਕੋਲ ਪੈਸੇ ਦੀ ਕੋਈ ਮੁਸ਼ਕਲ ਨਹੀਂ ਹੈ। ਤੂੰ ਪੜ੍ਹਾਈ ਕਰਨ ਵਿੱਚ ਵੀ ਬਹੁਤ ਸਿਆਣਾ ਏਂ। ਹੁਣ ਤੇਰੇ ਸਰੀਰ ਦਾ ਮੁਕੰਮਲ ਵਿਕਾਸ ਹੋਣ ਜਾ ਰਿਹਾ ਹੈ। ਇੱਥੇ ਤੈਨੂੰ ਥੋੜ੍ਹਾ ਸੋਚ ਸਮਝ ਕੇ ਪੈਰ ਪੁੱਟਣਾ ਪਏਗਾ। ਤੇਰੇ ਲੜਕੀਆਂ ਲੜਕੇ ਦੋਸਤ ਵੀ ਬਣਨਗੇ। ਇੱਥੇ ਫਿਰ ਸੰਗਤ ਵੀ ਦੋ ਤਰ੍ਹਾਂ ਦੀ ਹੋਏਗੀ। ਇਕ ਚੰਗੇ ਪਾਸੇ ਲਿਜਾਏਗੀ, ਦੂਸਰੀ ਭੈੜੇ ਪਾਸੇ ਧੱਕੇਗੀ। ਤੇਰੇ ਅੰਦਰ ਨਵੀਂ ਤਾਕਤ ਅੰਗੜਾਈ ਵੀ ਲੈ ਰਹੀ ਹੈ। ਬੱਸ ਇੱਥੇ ਧਿਆਨ ਰੱਖਣਾ ਹੈ ਕਿ ਕੁਦਰਤ ਵਲੋਂ ਜੋ ਤੈਨੂੰ ਅੰਦਰੂਨੀ ਤਾਕਤ ਮਿਲੀ ਹੈ, ਉਸ ਦੀ ਵਰਤੋਂ ਸਹੀ ਤਰੀਕੇ ਨਾਲ ਕਰਨੀ ਹੈ। ਜੇ ਅਸਲ ਮਕਸਦ ਵਲ ਚਲਿਆ ਗਿਆ ਤਾਂ ਮੇਰੇ ਵਾਂਗ ਨਾਮੀ ਡਾਕਟਰ ਬਣ ਜਾਏਂਗਾ ਜੇ ਮਾੜਾ ਜੇਹਾ ਖਿਸਕ ਗਿਆ ਤਾਂ ਲੰਘਿਆ ਵਕਤ ਹੱਥ ਨਹੀਂ ਆਏਗਾ"। *"ਬਿਖਿਅਨ ਸਿਉ ਕਾਹੇ ਰਚਿਓ"* ਇਸ ਦਾ ਅਰਥ ਹੈ ਹੇ ਬੰਦੇ! ਤੂੰ ਕਿਉਂ ਵਿਸ਼ਿਆਂ ਵਿਕਾਰਾਂ ਵਾਲਾ ਰਸਤਾ ਚੁਣ ਰਿਹਾ ਏਂ, ਤੂੰ ਕਿਉਂ ਗੈਰ-ਜ਼ਿੰਮੇਵਾਰੀ ਵਿੱਚ ਪੈਰ ਰੱਖਿਆ? ਇਹ ਬਹੁਤ ਡੂੰਘਾ ਸਵਾਲ ਹੈ। ਜਦੋਂ ਬੰਦਾ ਲੀਹ ਤੋਂ ਲਹਿ ਜਾਂਦਾ ਹੈ ਤਾਂ ਵਿਕਾਰੀ ਬਿਰਤੀ ਨੂੰ ਆਪਣੇ ਨਾਲੋਂ ਵੱਖਰੀ ਨਹੀਂ ਹੋਣ ਦਿੰਦਾ। *"ਨਿਖਮ ਨ ਹੋਹਿ ਉਦਾਸ"* ਵਿਕਾਰ ਏਨੇ ਚੰਗੇ ਲੱਗਦੇ ਹਨ ਕਿ ਉਨ੍ਹਾਂ ਵਿਚੋਂ ਬਾਹਰ ਨਿਕਲਣ ਲਈ ਕੋਈ ਯਤਨ ਨਹੀਂ ਕਰਦਾ?

ਸਲੋਕ ਦੀ ਦੂਸਰੀ ਤੁਕ ਵਿੱਚ ਮਨ ਨੂੰ ਸੰਬੋਧਨ ਹੁੰਦਿਆਂ ਗੁਰਦੇਵ ਪਿਤਾ ਜੀ ਫਰਮਾਉਂਦੇ ਹਨ ਕਿ *"ਕਹੁ ਨਾਨਕ ਭਜੁ ਹਰਿ ਮਨਾ"* ਦੇ ਅੱਖਰੀਂ ਅਰਥ ਤਾਂ ਸਮਝ ਲਏ ਹਨ ਕਿ ਰੱਬ ਦਾ ਭਜਨ ਕੀਤਾ ਜਾਏ। ਭਾਵ ਅਰਥ ਸੱਚ ਦੇ ਰਸਤੇ 'ਤੇ ਚੱਲਣ ਤੋਂ ਆਉਂਦਾ ਹੈ। ਸਮੁੱਚਾ ਅਰਥ ਹੈ ਕਿ ਵਿਦਿਆਰਥੀ ਆਪਣੀ ਜ਼ਿੰਮੇਵਾਰੀ ਸਮਝਦਿਆਂ ਆਪਣੀ ਮਿਥੀ ਮੰਜ਼ਲ ਵਲ ਧਿਆਨ ਦੇਵੇ, ਮਨ ਮਾਰ ਕੇ ਪੜ੍ਹਾਈ ਕਰੇ ਤਾਂ ਇਹ ਉਸ ਦਾ ਸਿਮਰਨ ਹੈ। ਅਜਿਹਾ

**ਬਾਕੀ ਸਫਾ 42 'ਤੇ**

# ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ...!



-ਪਰਮਜੀਤ ਸਿੰਘ 'ਸੁਚਿੰਤਨ'
ਲੁਧਿਆਣਾ (ਪੰਜਾਬ)
97791-24500

ਔਰੰਗਜ਼ੇਬ ਬਹੁਤ ਜ਼ਾਲਮ ਬਾਦਸ਼ਾਹ ਸੀ, ਉਸ ਨੇ ਧਰਮ ਦੀ ਆੜ੍ਹ ਥੱਲੇ ਸਿਆਸੀ ਤੌਰ 'ਤੇ ਬਹੁਤ ਜ਼ੁਲਮ ਕੀਤੇ। ਤਖ਼ਤ ਹਥਿਆਉਣ ਲਈ, ਆਪਣੇ ਦੋ ਭਰਾਵਾਂ (ਦਾਰਾ ਤੇ ਮੁਰਾਦ) ਦਾ ਕਤਲ ਕਰਵਾ ਦਿੱਤਾ ਤੇ ਇੱਕ ਭਰਾ (ਸ਼ੁਜਾਹ) ਨੂੰ ਦੇਸ਼ ਨਿਕਾਲਾ ਦੇ ਦਿੱਤਾ। ਆਪਣੀ ਭੈਣ ਰੌਸ਼ਨ ਆਰਾ ਨੂੰ ਥੋੜ੍ਹਾ-ਥੋੜ੍ਹਾ ਜ਼ਹਿਰ (Slow Pioisoinng) ਦੇ ਕੇ ਮਾਰ ਦਿੱਤਾ। ਆਪਣੇ ਪਿਤਾ ਸ਼ਾਹਜਹਾਂ ਨੂੰ ਉਸਦੇ ਅੰਤਿਮ ਸਮੇਂ ਤੱਕ ਕੈਦ ਕਰਕੇ ਰੱਖਿਆ ਤੇ ਤਸੀਹੇ ਦਿੰਦਾ ਰਿਹਾ। ਇੱਥੋਂ ਤੱਕ ਕਿ ਉਸ ਨੇ ਸੂਫ਼ੀ ਫ਼ਕੀਰਾਂ ਨੂੰ ਵੀ ਨਹੀਂ ਬਖ਼ਸ਼ਿਆ। ਹਿੰਦੂਆਂ 'ਤੇ ਪੂਰੀ ਸਖ਼ਤੀ ਸ਼ੁਰੂ ਹੋ ਗਈ। ਮੰਦਿਰ ਢਾਹ ਕੇ ਮਸੀਤਾਂ ਬਣਾਉਣੀਆਂ ਸ਼ੁਰੂ ਕਰ ਦਿੱਤੀਆਂ। ਹਿੰਦੂਆਂ 'ਤੇ ਜ਼ਜ਼ੀਆ (ਸਪੈਸ਼ਲ ਟੈਕਸ) ਲਾ ਦਿੱਤਾ ਗਿਆ। ਹਿੰਦੂਆਂ ਦੇ ਧਾਰਮਿਕ ਇਕੱਠਾਂ 'ਤੇ ਪਾਬੰਦੀਆਂ ਲਾ ਦਿੱਤੀਆਂ ਗਈਆਂ। ਹੁਣ ਹਿੰਦੂ ਕੋਈ ਧਾਰਮਿਕ ਇਕੱਠ ਵੀ ਨਹੀਂ ਸਨ ਕਰ ਸਕਦੇ।

ਇਧਰ ਹਿੰਦੂ ਧਰਮ ਦੇ ਆਗੂ ਜਾਂ ਤਾਂ ਬ੍ਰਾਹਮਣ ਸਨ ਜਾਂ ਫਿਰ ਸ਼ਸਤ੍ਰਧਾਰੀ ਰਾਜਪੂਤ ਖੱਤਰੀ। ਇਹ ਰਾਜਪੂਤ ਤਾਂ ਮੁਗਲਾਂ ਦਾ ਹੱਥ ਠੋਕਾ ਬਣ ਕੇ, ਓਹਨਾਂ ਦੇ ਨਾਲ ਹੀ ਰੱਲ ਗਏ ਸਨ ਅਤੇ ਬ੍ਰਾਹਮਣਾਂ ਨੇ ਅਨਪੜ੍ਹ ਤੇ ਭੋਲੇ-ਭਾਲੇ ਹਿੰਦੂਆਂ ਨੂੰ ਫੋਕੇ ਕਰਮਕਾਂਡਾਂ, ਪਾਖੰਡਾਂ ਤੇ ਵਹਿਮਾਂ-ਭਰਮਾਂ ਦੇ ਜਾਲ 'ਚ ਫਸਾ ਕੇ, ਆਪਣੇ ਆਪ ਨੂੰ, ਆਪਣੀ ਰੋਜ਼ੀ-ਰੋਟੀ ਕਮਾਉਣ ਤੱਕ ਹੀ ਸੀਮਿਤ ਕਰ ਲਿਆ ਸੀ। ਇਹਨਾਂ ਹਾਲਾਤਾਂ 'ਚ ਸਮੁੱਚਾ ਹਿੰਦੂ ਸਮਾਜ ਆਗੂ ਹੀਣ ਬਣ ਚੁੱਕਾ ਸੀ।

**ਕਸ਼ਮੀਰੀ ਪੰਡਿਤਾਂ ਦਾ ਸ੍ਰੀ ਅਨੰਦਪੁਰ ਸਾਹਿਬ ਆਉਣਾ:**

ਉਸ ਸਮੇਂ ਕਸ਼ਮੀਰ ਪੰਡਿਤਾਂ ਦਾ ਬੜਾ ਵੱਡਾ ਗੜ੍ਹ ਸੀ। ਇੱਥੇ ਬਹੁਤ ਵਿਦਵਾਨ ਪੰਡਿਤ ਰਹਿੰਦੇ ਸਨ। ਸੰਨ ੧੬੭੪ ਈ. 'ਚ, ਜਦੋਂ ਔਰੰਗਜ਼ੇਬ ਨੇ ਇਹ ਫੈਸਲਾ ਕੀਤਾ ਕਿ ਹਿੰਦੂਆਂ ਨੂੰ ਮੁਸਨਮਾਨ ਬਣਾਉਣਾ ਹੈ ਤਾਂ ਉਸ ਨੇ ਇਸ ਕੰਮ ਲਈ ਕਸ਼ਮੀਰ ਨੂੰ ਹੀ ਚੁਣਿਆ। ਇਸ ਦੇ ਕਈ ਕਾਰਨ ਸਨ। ਪਹਿਲਾ ਇਹ ਕਿ ਉਸ ਨੂੰ ਲੱਗਦਾ ਸੀ ਕਿ ਜੇ ਕਸ਼ਮੀਰੀ ਪੰਡਿਤ ਇਸਲਾਮ ਕਬੂਲ ਕਰ ਲੈਣਗੇ ਤਾਂ ਬਾਕੀ ਹਿੰਦੂਆਂ ਨੂੰ ਮੁਸਲਮਾਨ ਬਣਾਉਣਾ ਸੌਖਾ ਹੋ ਜਾਵੇਗਾ। ਦੂਜਾ ਇਹ ਕਿ ਬ੍ਰਾਹਮਣ ਲੋਕ ਪੂਜਾ ਦਾ ਧਾਨ ਖਾਣ ਵਾਲੇ ਲੋਕ ਹਨ। ਇਹਨਾਂ ਅੰਦਰ ਲੜਨ ਦੀ ਸ਼ਕਤੀ ਨਹੀਂ ਹੁੰਦੀ। ਇਸ ਲਈ ਇਹਨਾਂ ਨੂੰ ਡਰਾ ਧਮਕਾ ਕੇ ਜਾਂ ਲਾਲਚ ਦੇ ਕੇ ਇਸਲਾਮ ਵੱਲ ਜ਼ਲਦੀ ਪ੍ਰੇਰਿਤ ਕੀਤਾ ਜਾ ਸਕਦਾ ਹੈ ਤੇ ਤੀਜਾ ਇਹ ਕਿ ਕਸ਼ਮੀਰ ਦੀਆਂ ਹੱਦਾਂ ਬਹੁਤ ਸਾਰੇ ਦੇਸ਼ਾਂ ਤੇ ਰਾਜਾਂ ਨਾਲ ਲੱਗਦੀਆਂ ਹਨ, ਇਸ ਲਈ ਇੱਥੋਂ ਦੇ ਵਸਨੀਕਾਂ ਨੂੰ ਮੁਸਲਮਾਨ ਬਣਾਉਣ ਨਾਲ ਇਸਲਾਮ ਦਾ ਪ੍ਰਭਾਵ ਸੰਸਾਰ ਪੱਧਰ 'ਤੇ ਤੇਜੀ ਨਾਲ ਵਧੇਗਾ।

ਔਰੰਗਜ਼ੇਬ ਦੇ ਹੁਕਮਾਂ ਦੀ ਪਾਲਣਾ ਕਰਦੇ ਹੋਏ, ਉਸ ਸਮੇਂ ਦੇ ਕਸ਼ਮੀਰ ਦੇ ਗਵਰਨਰ ਇਫ਼ਤਿਖ਼ਾਰ ਖ਼ਾਨ ਨੇ ਕਸ਼ਮੀਰੀ ਪੰਡਿਤਾਂ 'ਤੇ ਬਹੁਤ ਜ਼ੁਲਮ ਢਾਹੇ। ਇਹਨਾਂ ਪੰਡਿਤਾਂ ਨੂੰ ਜ਼ਬਰੀ ਮੁਸਲਮਾਨ ਬਣਾ ਦਿੱਤਾ ਜਾਂਦਾ ਸੀ, ਓਹਨਾਂ ਦੇ ਜੰਞੂ ਲਾਹ ਦਿੱਤੇ ਜਾਂਦੇ ਸਨ ਅਤੇ ਓਹਨਾਂ ਨੂੰ ਹਿੰਦੂ ਪਰੰਪਰਾ ਤੇ ਰੀਤੀ-ਰਿਵਾਜ ਅਨੁਸਾਰ ਪੂਜਾ-ਪਾਠ ਨਹੀਂ ਸੀ ਕਰਨ ਦਿੱਤਾ ਜਾਂਦਾ। ਕਿਹਾ ਜਾਂਦਾ ਹੈ ਕਿ ਰੋਜ਼ਾਨਾ ਇੰਨੇ ਪੰਡਿਤਾਂ ਨੂੰ ਮੁਸਲਮਾਨ ਬਣਾਇਆ ਜਾਂਦਾ ਸੀ ਕਿ ਓਹਨਾਂ ਦੇ ਲੱਥੇ ਜੰਞੂਆਂ ਦਾ ਭਾਰ ਸਵਾ ਮਨ ਹੋ ਜਾਂਦਾ ਸੀ। ਓਹਨਾਂ ਦਿਨਾਂ 'ਚ ਇਹ ਗੱਲਵੀਪ੍ਰਚਲਿਤ ਸੀ ਕਿ ਔਰੰਗਜ਼ੇਬ ਸਵਾ ਮਨ ਜੰਞੂ ਲਾਹ ਕੇ ਹੀ ਭੋਜਨ ਕਰਦਾ ਸੀ। ਜਿਹੜਾ ਪੰਡਿਤ ਔਰੰਗਜ਼ੇਬ ਦਾ ਹੁਕਮ ਨਹੀਂ ਸੀ ਮੰਨਦਾ, ਉਸ ਨੂੰ ਤਸੀਹੇ ਦੇ ਕੇ ਕਤਲ ਕਰ ਦਿੱਤਾ ਜਾਂਦਾ ਸੀ।

ਕਸ਼ਮੀਰੀ ਪੰਡਿਤਾਂ ਨੇ ਔਰੰਗਜ਼ੇਬ ਦੇ ਜ਼ੁਲਮਾਂ ਤੋਂ ਦੁਖੀ ਹੋ ਕੇ, ਇਹਨਾਂ ਹਾਲਾਤਾਂ ਦਾ ਹੱਲ ਲੱਭਣ ਲਈ ਵਿਚਾਰ-ਵਟਾਂਦਰਾ ਕੀਤਾ। ਪੰਡਿਤ ਕਿਰਪਾ ਰਾਮ ਜੀ ਨੇ ਸਲਾਹ ਦਿੱਤੀ ਕਿ ਔਰੰਗਜ਼ੇਬ ਦੇ ਜ਼ੁਲਮਾਂ ਤੋਂ ਸਾਨੂੰ ਜੇ ਕੋਈ ਬਚਾ ਸਕਦਾ ਹੈ ਤਾਂ ਨੌਵੇਂ ਗੁਰੂ ਨਾਨਕ, ਗੁਰੂ ਤੇਗ ਬਹਾਦਰ ਸਾਹਿਬ ਜੀ ਹੀ ਬਚਾ ਸਕਦੇ ਹਨ। ਸਾਰਿਆਂ ਦੇ ਵਿਚਾਰ ਸੁਣ ਕੇ, ਇਹ ਫ਼ੈਸਲਾ ਕੀਤਾ ਗਿਆ ਕਿ ਪੰਡਿਤ ਕਿਰਪਾ ਰਾਮ ਜੀ ਦੀ ਅਗਵਾਈ 'ਚ, ਪੰਡਿਤਾਂ ਦਾ ਇੱਕ ਵਫ਼ਦ (ਜੱਥਾ) ਲੈ ਕੇ, ਸ੍ਰੀ ਅਨੰਦਪੁਰ ਸਾਹਿਬ ਜਾਇਆ ਜਾਵੇ ਅਤੇ ਉੱਥੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਦਰਬਾਰ 'ਚ ਹਾਜ਼ਰ ਹੋ ਕੇ, ਗੁਰੂ ਸਾਹਿਬ ਜੀ ਦੇ ਚਰਨਾਂ 'ਚ ਬੇਨਤੀ ਕੀਤੇ ਜਾਵੇ ਕਿ ਸਤਿਗੁਰੂ ਜੀ ! ਸਾਨੂੰ ਔਰੰਗਜ਼ੇਬ ਦੇ ਜ਼ੁਲਮਾਂ ਤੋਂ ਬਚਾਅ ਲਓ। ਕੀਤੇ ਗਏ ਫ਼ੈਸਲੇ ਅਨੁਸਾਰ, ਪੰਡਿਤ ਕਿਰਪਾ ਰਾਮ ਜੀ ਦੀ ਅਗਵਾਈ 'ਚ, ਕਸ਼ਮੀਰੀ ਪੰਡਿਤਾਂ ਦਾ ਇੱਕ ਵਫ਼ਦ (ਜੱਥਾ) ਸ੍ਰੀ ਅਨੰਦਪੁਰ ਸਾਹਿਬ ਪਹੁੰਚਿਆ।



ਗੁਰਦੁਆਰਾ ਸੀਸ ਗੰਜ ਸਾਹਿਬ

ਮਿਤੀ ੨੫ ਮਈ ਸੰਨ ੧੬੭੫ ਈ. ਨੂੰ, ਪੰਡਿਤ ਕਿਰਪਾ ਰਾਮ ਤੇ ਹੋਰ ਬਹੁਤ ਸਾਰੇ ਕਸ਼ਮੀਰੀ ਪੰਡਿਤ, ਆਪਣੀ ਫ਼ਰਿਆਦ ਲੈ ਕੇ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਦਰਬਾਰ 'ਚ ਹਾਜ਼ਰ ਹੋਏ ਅਤੇ ਆਪਣਾ ਦੁੱਖ ਦੱਸਿਆ। ਗੁਰੂ ਸਾਹਿਬ ਜੀ ਨੇ ਕਸ਼ਮੀਰੀ ਪੰਡਿਤਾਂ ਦਾ ਦੁੱਖ ਬਹੁਤ ਧਿਆਨ ਨਾਲ ਸੁਣਿਆ ਅਤੇ ਓਹਨਾਂ ਨਾਲ ਹਮਦਰਦੀ ਦਾ ਪ੍ਰਗਟਾਵਾ ਕੀਤਾ। ਫਿਰ,ਗੁਰੂ ਸਾਹਿਬ ਜੀ ਕਹਿਣ ਲੱਗੇ ਕਿ ਜੇ ਕੋਈ ਮਹਾਂਪੁਰਖ ਆਪਣੀ ਸ਼ਹਾਦਤ ਦੇਣ ਲਈ ਤਿਆਰ ਹੋ ਜਾਵੇ ਤਾਂ ਇਸ ਸੰਕਟ ਦਾ ਹੱਲਨਿਕਲ ਸਕਦਾ ਹੈ।

ਗੁਰੂ ਸਾਹਿਬ ਜੀ ਦੇ ਇਹ ਬਚਨ ਸੁਣ ਕੇ, ਕੋਲ ਬੈਠੇ ੯ ਸਾਲਾਂ ਦੇ ਬਾਲਕ ਗੋਬਿੰਦ ਰਾਏ ਜੀ ਕਹਿਣ ਲੱਗੇ ਕਿ ਗੁਰੂ ਪਿਤਾ ਜੀ ! ਆਪ ਜੀ ਤੋਂ ਵੱਡਾ ਮਹਾਂਪੁਰਖ ਇਸ ਸੰਸਾਰ 'ਚ ਹੋਰ ਕੌਣ ਹੋ ਸਕਦਾ ਹੈ ? ਇਹ ਗੱਲ ਸੁਣ ਕੇ, ਓਥੇ ਹਾਜ਼ਰ ਸਿੱਖ-ਸੰਗਤਾਂ ਅੰਦਰ ਸੰਨਾਟਾ ਛਾ ਗਿਆ। ਪਰ, ਗੁਰੂ ਤੇਗ ਬਹਾਦਰ ਸਾਹਿਬ ਜੀ ਮੁਸਕੁਰਾ ਪਏ ਅਤੇ ਕਸ਼ਮੀਰੀ ਪੰਡਿਤਾਂ ਨੂੰ ਕਹਿਣ ਲੱਗੇ ਕਿ ਤੁਸੀਂ ਔਰੰਗਜ਼ੇਬ ਬਾਦਸ਼ਾਹ ਤੱਕ ਇਹ ਸੁਨੇਹਾ ਪਹੁੰਚ ਦਿਓ ਕਿ ਗੁਰੂ ਤੇਗ ਬਹਾਦਰ

ਸਾਹਿਬ ਜੀ ਸਾਡੇ ਰਹਿਬਰ ਹਨ, ਜੇ ਉਹ ਇਸਲਾਮ ਕਬੂਲਕਰ ਲੈਣ ਤਾਂ ਅਸੀਂ ਸਾਰੇ ਵੀ ਇਸਲਾਮ ਕਬੂਲ ਕਰ ਲਵਾਂਗੇ। ਇੰਝ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਔਰੰਗਜ਼ੇਬ ਦੇ ਜ਼ੁਲਮਾਂ ਨੂੰ ਠੱਲ੍ਹ ਪਾਉਣ ਲਈ, ਉਸ ਨੂੰ ਵੰਗਾਰਿਆ।

ਕਸ਼ਮੀਰੀ ਪੰਡਿਤਾਂ ਨੇ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਸੁਨੇਹਾ, ਔਰੰਗਜ਼ੇਬ ਤੱਕ ਪਹੁੰਚਾ ਦਿੱਤਾ। ਜਦੋਂ ਔਰੰਗਜ਼ੇਬ ਨੂੰ ਸਾਰੀ ਗੱਲ ਦਾ ਪਤਾ ਲੱਗਾ ਤਾਂ ਉਹ ਬਹੁਤ ਖੁਸ਼ ਹੋਇਆ। ਉਸ ਨੂੰ ਲੱਗਾ ਕਿ ਇਹ ਤਾਂ ਕੰਮ ਹੀ ਬਹੁਤ ਸੌਖਾ ਹੋ ਗਿਆ ਹੈ। ਮੈਂ ਤਾਂ ਸਾਰੇ ਕਸ਼ਮੀਰੀ ਪੰਡਿਤਾਂ ਨੂੰ ਮੁਸਲਮਾਨ ਬਣਾਉਣ ਲਈ ਜ਼ੋਰ ਲਾ ਰਿਹਾ ਸੀ। ਹੁਣ ਤਾਂ ਸਿਰਫ਼ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਹੀ ਮੁਸਲਮਾਨ ਬਣਾਉਣਾ ਹੈ। ਜੇ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਇਸਲਾਮ ਕਬੂਲ ਕਰ ਲਿਆ ਤਾਂ ਕਸ਼ਮੀਰੀ ਪੰਡਿਤ ਤਾਂ ਆਪਣੇ ਆਪ ਹੀ ਮੁਸਲਮਾਨ ਬਣ ਜਾਣਗੇ। ਸਾਰੇ ਕਸ਼ਮੀਰੀ ਪੰਡਿਤਾਂ ਨੂੰ ਮੁਸਲਮਾਨ ਬਣਾਉਣ ਨਾਲੋਂ, ਇਕੱਲੇ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਇਸਲਾਮ ਕਬੂਲ ਕਰਵਾਉਣਾ ਕੀਤੇ ਸੌਖਾ ਹੈ।

ਬੱਸ, ਫਿਰ ਕੀ ਸੀ, ਹੁਕਮ ਜਾਰੀ ਕਰ ਦਿੱਤਾ ਗਿਆ ਕਿ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਗ੍ਰਿਫ਼ਤਾਰ ਕਰਕੇ, ਦਿੱਲੀ ਲਿਆਂਦਾ ਜਾਵੇ। ਇਧਰ ਗੁਰੂ ਤੇਗ ਬਹਾਦਰ ਸਾਹਿਬ ਜੀ, ਆਪਣੀ ਸ਼ਹਾਦਤ ਦੇਣ ਲਈ, ਬਾਲਕ ਗੋਬਿੰਦ ਰਾਇ ਨੂੰ ਸ੍ਰੀ ਅਨੰਦਪੁਰ ਸਾਹਿਬ ਜੀ ਦੀ ਸਮੁੱਚੀ ਜ਼ਿੰਮੇਵਾਰੀ ਸੌਂਪ ਕੇ ਤੇ ਕੁੱਝ-ਕੁ ਸਿੱਖਾਂ ਨੂੰ ਨਾਲ ਲੈ ਕੇ, ੧੧ ਹਾੜ ਸੰਮਤ ੧੭੩੨ (ਸੰਨ ੧੬੭੫ ਈ.) ਨੂੰ ਸ੍ਰੀ ਅਨੰਦਪੁਰ ਸਾਹਿਬ ਤੋਂ ਚੱਲ ਪਏ।

**ਗੁਰੂ ਸਾਹਿਬ ਜੀ ਦੀ ਗ੍ਰਿਫ਼ਤਾਰੀ:**

ਸ੍ਰੀ ਅਨੰਦਪੁਰ ਸਾਹਿਬ ਤੋਂ ਚੱਲ ਕੇ, ਗੁਰੂ ਤੇਗ ਬਹਾਦਰ ਸਾਹਿਬ ਜੀ ਕੀਰਤਪੁਰ ਸਾਹਿਬ, ਭਰਤਗੜ੍ਹ, ਰੋਪੜ, ਸੈਫ਼ਾਬਾਦ (ਹੁਣ ਬਹਾਦਰਗੜ੍ਹ, ਜ਼ਿਲ੍ਹਾ ਪਟਿਆਲਾ), ਪਟਿਆਲਾ, ਸਮਾਣਾ, ਚੀਕਾ, ਕੈਥੱਲ, ਧਮਤਾਨ ਸਾਹਿਬ, ਜੀਂਦ, ਲਾਖਨ ਮਾਜਰਾ ਤੇ ਰੋਹਤਕ ਹੁੰਦੇ ਹੋਏ, ਆਗਰੇ ਪਹੁੰਚੇ। ਇੱਥੇ ਹੀ ਗੁਰੂ ਸਾਹਿਬ ਜੀ ਨੇ ਆਪਣੀ ਗ੍ਰਿਫ਼ਤਾਰੀ ਦਿੱਤੀ। ਗੁਰੂ ਸਾਹਿਬ ਜੀ ਨੂੰ ਆਗਰੇ ਵਿਖੇ ਗ੍ਰਿਫ਼ਤਾਰ ਕਰਕੇ, ਇੱਥੇ ਹੀ ੯ ਦਿਨ ਨਜ਼ਰਬੰਦ ਕਰਕੇ ਰੱਖਿਆ ਗਿਆ। ਜਿਸ ਅਸਥਾਨ 'ਤੇ ਗੁਰੂ ਸਾਹਿਬ ਜੀ ਨੂੰ ਨਜ਼ਰਬੰਦ ਕਰਕੇ ਰੱਖਿਆ ਗਿਆ, ਉਸ ਅਸਥਾਨ 'ਤੇ ਸੁੰਦਰ ਗੁਰਦੁਆਰਾ "ਗੁਰੂ ਕਾ ਤਾਲ"ਸੁਭਾਇਮਾਨ ਹੈ। ਇੱਥੋਂ ਹੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਭਾਰੀ ਫੌਜ ਦੀ ਨਿਗਰਾਨੀ ਹੇਠ, ਦਿੱਲੀ ਵਿਖੇ ਲਿਆਂਦਾ ਗਿਆ।

ਕੁੱਝ ਇਤਿਹਾਸਕਾਰ ਲਿਖਦੇ ਹਨ ਕਿ ਗੁਰੂ ਤੇਗ ਬਹਾਦਰ ਸਾਹਿਬ ਜੀ ਤੇ ਤਿੰਨਾਂ ਸਿੱਖਾਂ (ਭਾਈ ਮਤੀ ਦਾਸ ਜੀ, ਭਾਈ ਦਿਆਲਾ ਜੀ ਤੇ ਭਾਈ ਸਤੀ ਦਾਸ ਜੀ) ਨੂੰ ਰੋਪੜ ਦੇ ਨੇੜੇ ਮਲਕਪੁਰ ਰੰਘੜਾ ਪਿੰਡ ਤੋਂ ਗ੍ਰਿਫ਼ਤਾਰ ਕੀਤਾ ਗਿਆ ਤੇ ਕੁੱਝ ਦਿਨ ਸਰਹੰਦ ਦੇ ਸੂਬੇਦਾਰ ਕੋਲ ਕੈਦ 'ਚ ਰੱਖਣ ਤੋਂ ਬਾਅਦ, ਬੱਸੀ ਪਠਾਣਾਂ ਦੀ ਜੇਲ੍ਹ 'ਚ ਕੈਦ ਕਰ ਦਿੱਤਾ ਗਿਆ। ਚਾਰ ਮਹੀਨੇ ਕੈਦ 'ਚ ਰੱਖਣ ਤੋਂ ਬਾਅਦ, ਗੁਰੂ ਸਾਹਿਬ ਜੀ ਨੂੰ ਲੋਹੇ ਦੇ ਪਿੰਜਰੇ 'ਚ ਬੰਦ ਕਰਕੇ, ਭਾਰੀ ਪਹਿਰੇ ਹੇਠ ਦਿੱਲੀ ਲਿਆਂਦਾ ਗਿਆ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਜਦੋਂ ਦਿੱਲੀ ਲਿਆਂਦਾ ਗਿਆ ਤਾਂ ਔਰੰਗਜ਼ੇਬ ਦਿੱਲੀ 'ਚ ਨਹੀਂ ਸੀ। ਓਹ ਹਸਨ ਅਬਦਾਲ ਦੇ ਇਲਾਕੇ 'ਚ ਗਿਆ ਹੋਇਆ ਸੀ। ਔਰੰਗਜ਼ੇਬ ਦੇ ਹੁਕਮ ਅਨੁਸਾਰ, ਦਿੱਲੀ ਦੇ ਸ਼ਾਹੀ ਕਾਜ਼ੀ ਅਬਦੁੱਲ ਵਹਾਬ ਵੱਲੋਂ ਗੁਰੂ ਸਾਹਿਬ ਜੀ ਸਾਹਮਣੇ ਤਿੰਨ ਸ਼ਰਤਾਂ ਰੱਖੀਆਂ ਗਈਆਂ। ਇਸਲਾਮ ਕਬੂਲ ਕਰ ਲਓ ਜਾਂ ਕਰਾਮਾਤ ਦਿਖਾ ਦਿਓ, ਨਹੀਂ ਤਾਂ ਸ਼ਹੀਦ ਹੋਣ ਲਈ ਤਿਆਰ ਹੋ ਜਾਓ। ਗੁਰੂ ਸਾਹਿਬ ਜੀ ਨੂੰ ਇਹ ਵੀ ਕਿਹਾ ਗਿਆ ਕਿ ਸਿਆਣਪ ਇਸੇ ਵਿੱਚ ਹੁੰਦੀ ਹੈ ਕਿ ਸਮੇਂ ਦੀ ਹਕੂਮਤ ਦੀ "ਹਾਂ"ਵਿੱਚ "ਹਾਂ"ਮਿਲਾ ਕੇ ਸੁੱਖ ਭੋਗੇ ਜਾਣ। ਸਿਆਣੇ ਲੋਕ ਸਮੇਂ ਦੀਆਂ ਹਕੂਮਤਾਂ ਦਾ ਪੱਖ ਲੈਂਦੇ ਹਨ ਅਤੇ ਓਹਨਾਂ ਖ਼ਿਲਾਫ਼ ਨਹੀਂ ਅੜਦੇ। ਤੁਸੀਂ ਵੀ ਔਰੰਗਜ਼ੇਬ ਦੇ ਕਹੇ ਅਨੁਸਾਰ ਚੱਲ ਕੇ ਦੁਨਿਆਵੀ ਸੁੱਖ ਭੋਗ ਸਕਦੇ ਹੋ।

ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਅੱਗੋਂ ਜੁਆਬ ਦਿੱਤਾ ਕਿ ਸਾਡੇ ਲਈ ਆਪਣਾ ਧਰਮ ਪਿਆਰਾ ਹੈ, ਧਰਮ ਤਿਆਗਣਾ ਤਾਂ ਬਹੁਤ ਦੂਰ ਦੀ ਗੱਲ ਹੈ, ਇਸ ਬਾਰੇ ਸੋਚਿਆ ਵੀ ਨਹੀਂ ਜਾ ਸਕਦਾ। ਦੁਨਿਆਵੀ ਸੁੱਖ ਤਾਂ ਸੁਪਨੇ ਦੀ ਨਿਆਈਂ ਹਨ, ਪਲਾਂ ਵਿੱਚ ਹੀ ਖ਼ਤਮ ਹੋ ਜਾਂਦੇ ਹਨ। ਜਿਥੋਂ ਤੱਕ ਕਰਾਮਾਤ ਦਿਖਾਉਣ ਦੀ ਗੱਲ ਹੈ, ਕਰਾਮਾਤ ਤਾਂ ਕਹਿਰ ਦਾ ਨਾਮ ਹੈ। ਕਰਾਮਾਤ ਦਿਖਾਉਣੀ, ਉਸ ਅਕਾਲਪੁਰਖੁ ਦੀ ਰਜ਼ਾ ਤੋਂ ਮੁਨਕਰ ਹੋਣ ਸਮਾਨ ਹੈ ਅਤੇ ਗੁਰਮਤਿ ਆਸ਼ੇ ਦੇ ਉਲਟ ਹੈ। ਸਾਨੂੰ ਰੱਬ ਦੀ ਰਜ਼ਾ 'ਚ ਰਹਿਣ ਦਾ ਹੁਕਮ ਹੈ। ਰਹੀ ਗੱਲ ਮੌਤ ਨੂੰ ਕਬੂਲ ਕਰਨ ਦੀ ਤਾਂ ਮੌਤ ਤੋਂ ਤਾਂ ਅੱਜ ਤੱਕ ਨਾ ਅਸੀਂ ਕਦੇ ਡਰੇ ਹਾਂ ਤੇ ਨਾ ਹੀ ਕਦੇ ਡਰਾਂਗੇ। ਧਰਮ ਦੀ ਰੱਖਿਆ ਕਰਨ ਖ਼ਾਤਰ ਤੇ ਜ਼ੁਲਮ ਨੂੰ ਮਿਟਾਉਣ ਲਈ, ਆਪਣੀ ਸ਼ਹਾਦਤ ਵੀ ਦੇਣੀ ਪਈ ਤਾਂ ਵੀ ਅਸੀਂ ਕਦੇ ਪਿੱਛੇ ਨਹੀਂ ਹਟਾਂਗੇ।

ਗੁਰੂ ਤੇਗ ਬਹਾਦਰ ਜੀ ਪਾਸੋਂ ਇਹ ਗੱਲ ਸੁਣ ਕੇ, ਮੁਗਲ ਹਕੂਮਤ ਨੇ ਕਾਜ਼ੀ ਦੀ ਸਲਾਹ ਨਾਲ ਗੁਰੂ ਸਾਹਿਬ ਜੀ ਨੂੰ ਸ਼ਹੀਦ ਕਰਨ ਦਾ ਹੁਕਮ ਜਾਰੀ ਕਰ ਦਿੱਤਾ। ਗੁਰੂ ਸਾਹਿਬ ਜੀ ਨੂੰ ਪਿੰਜਰੇ 'ਚ ਕੈਦ ਕਰ ਦਿੱਤਾ ਗਿਆ। ਪਿੰਜਰਾ ਵੀ ਇਹੋ ਜਿਹਾ, ਜਿਸ ਵਿੱਚ ਨਾ ਤਾਂ ਖੜ੍ਹਾ ਹੋਇਆ ਜਾ ਸਕਦਾ ਸੀ ਤੇ ਨਾ ਹੀ ਲੇਟਿਆ ਜਾ ਸਕਦਾ ਸੀ। ਸ਼ਹੀਦ ਕਰਨ ਤੋਂ ਪਹਿਲਾਂ ਗੁਰੂ ਸਾਹਿਬ ਜੀ ਨੂੰ ਲਾਲਚ, ਡਰ ਤੇ ਭਾਰੀ ਤਸੀਹੇ ਦਿੱਤੇ ਗਏ ਤਾਂ ਜੋ ਉਹ ਆਪਣਾ ਫੈਸਲਾ ਬਦਲ ਲੈਣ ਤੇ ਇਸਲਾਮ ਕਬੂਲ ਕਰ ਲੈਣ। ਪਰ, ਗੁਰੂ ਸਾਹਿਬ ਜੀ ਆਪਣੇ ਫ਼ੈਸਲੇ 'ਤੇ ਅਡਿੱਗ ਸਨ।

ਮੁਗਲ ਹਕੂਮਤ ਵੱਲੋਂ,ਮਿਤੀ ੧੧ ਨਵੰਬਰ ਸੰਨ ੧੬੭੫ ਵਾਲੇ ਦਿਨ, ਸ੍ਰੀਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ, ਚਾਂਦਨੀ ਚੌਂਕ ਦਿੱਲੀ ਵਿਖੇ ਸ਼ਹੀਦ ਕਰਨ ਦਾ ਫੈਸਲਾ ਕੀਤਾ ਗਿਆ। ਔਰੰਗਜ਼ੇਬ ਵੱਲੋਂ ਆਮ ਲੋਕਾਂ ਅੰਦਰ ਡਰ ਤੇ ਖ਼ੌਫ਼ ਦਾ ਮਾਹੌਲ ਪੈਦਾ ਕਰਨ ਲਈ, ਸਾਰੇ ਸ਼ਹਿਰ ਅੰਦਰ ਗੁਰੂ ਸਾਹਿਬ ਜੀ ਦੀ ਸ਼ਹਾਦਤ ਸੰਬੰਧੀ ਮੁਨਾਦੀ ਕਰਵਾਈ ਗਈ ਤਾਂ ਜੋ ਉਸ ਦਿਨ ਵੱਧ ਤੋਂ ਵੱਧ ਲੋਕ ਆ ਕੇ ਆਪਣੀਆਂ ਅੱਖਾਂ ਨਾਲ ਦੇਖ ਲੈਣ ਕਿ ਇਸਲਾਮ ਕਬੂਲ ਨਾ ਕਰਕੇ, ਔਰੰਗਜ਼ੇਬ ਦੀ ਗੱਲ ਨਾ ਮੰਨਣ ਦਾ ਕੀ ਹਸ਼ਰ ਹੁੰਦਾ ਹੈ। ਹੁਕਮ ਅਦੂਲੀ ਕਰਨ ਵਾਲਿਆਂ ਨੂੰ ਕਿਵੇਂ ਤਸੀਹੇ ਦੇ-ਦੇ ਕੇ ਸ਼ਹੀਦ ਕਰ ਦਿੱਤਾ ਜਾਂਦਾ ਹੈ।

ਉਸ ਦਿਨ ਦਿੱਲੀ ਦੇ ਚਾਂਦਨੀ ਚੌਂਕ ਇਲਾਕੇ 'ਚ, ਦੇਖਣ ਵਾਲਿਆਂ ਦੀ ਭਾਰੀ ਭੀੜ ਜਮ੍ਹਾਂ ਸੀ। ਜਿਸ 'ਚ ਹਿੰਦੂ ਤੇ ਮੁਸਲਮਾਨ ਦੋਵੇਂ ਵੱਡੀ ਗਿਣਤੀ 'ਚ ਮੌਜੂਦ ਸਨ। ਗੁਰੂ ਸਾਹਿਬ ਜੀ ਨੂੰ ਭਿਆਨਕ ਮੌਤ ਦਾ ਡਰਾਵਾ ਦੇਣ ਲਈ, ਇੱਕ ਵਿਉਂਤ ਬਣਾਈ ਗਈ ਸੀ ਤੇ ਫ਼ੈਸਲਾ ਕੀਤਾ ਗਿਆ ਸੀ ਕਿ ਗੁਰੂ ਸਾਹਿਬ ਜੀ ਨੂੰ ਸ਼ਹੀਦ ਕਰਨ ਤੋਂ ਪਹਿਲਾਂ, ਗੁਰੂ ਸਾਹਿਬ ਜੀ ਦੇ ਪਿਆਰੇ ਕੁੱਝ ਸਿੱਖਾਂ ਨੂੰ ਤਸੀਹੇ ਦੇ-ਦੇ ਕੇ, ਗੁਰੂ ਸਾਹਿਬ ਜੀ ਦੇ ਸਾਹਮਣੇ ਸ਼ਹੀਦ ਕਰ ਦਿੱਤਾ ਜਾਵੇ। ਇੰਝ ਗੁਰੂ ਸਾਹਿਬ ਜੀ ਆਪਣੇ ਪਿਆਰੇ ਸਿੱਖਾਂ ਨੂੰ ਆਪਣੇ ਸਾਹਮਣੇ ਸ਼ਹੀਦ ਹੁੰਦਾ ਦੇਖ ਕੇ ਡੋਲ ਜਾਣਗੇ ਤੇ ਮੁਸਲਮਾਨ ਬਣਨਾ ਪ੍ਰਵਾਨ ਕਰ ਲੈਣਗੇ।

ਮਿਤੀ ੧੧ ਨਵੰਬਰ ਸੰਨ ੧੬੭੫ ਈ. ਨੂੰ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਕੋਤਵਾਲੀ ਤੋਂ ਬਾਹਰ ਲਿਆ ਕੇ, ਇੱਕ ਰੁੱਖ ਹੇਠ ਬਿਠਾ ਦਿੱਤਾ ਗਿਆ ਅਤੇ ਆਪ ਜੀ ਦੇ ਸਾਹਮਣੇ ਭਾਈ ਮਤੀ ਦਾਸ ਜੀ ਨੂੰ ਲਿਆਂਦਾ ਗਿਆ। ਭਾਈ ਮਤੀ ਦਾਸ ਜੀ ਨੂੰ ਹੱਥ-ਕੜੀਆਂ ਤੇ ਬੇੜੀਆਂ ਨਾਲ ਬੰਨ੍ਹਿਆ ਹੋਇਆ ਸੀ। ਕਾਜ਼ੀ ਨੇ ਭਾਈ ਮਤੀ ਦਾਸ ਜੀ ਨੂੰ ਕਿਹਾ ਕਿ ਇਸਲਾਮ ਕਬੂਲ ਕਰ ਲਓ, ਨਹੀਂ ਤਾਂ ਆਰੇ ਨਾਲ ਸਰੀਰ ਚੀਰ ਕੇ ਤੁਹਾਨੂੰ ਸ਼ਹੀਦ ਕਰ ਦਿੱਤਾ ਜਾਵੇਗਾ। ਭਾਈ ਮਤੀ ਦਾਸ ਜੀ ਨੇ ਧਰਮ ਤਿਆਗਣ ਦੀ ਥਾਂ ਸ਼ਹੀਦ ਹੋਣਾ ਪ੍ਰਵਾਨ ਕਰ ਲਿਆ। ਭਾਈ ਮਤੀ ਦਾਸ ਜੀ ਪਾਸੋਂ ਆਖ਼ਰੀ ਖਾਹਿਸ਼ ਪੁੱਛੀ ਤਾਂ ਆਪ ਜੀ ਨੇ ਕਿਹਾ ਕਿ ਜਦੋਂ ਮੇਰਾ ਸਰੀਰ ਚੀਰਿਆ ਜਾਵੇ ਤਾਂ ਮੇਰਾ ਮੁੱਖ ਮੇਰੇ ਸਤਿਗੁਰੂ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਵੱਲ ਹੋਵੇ। ਜ਼ਲਾਦਾਂ ਨੇ ਭਾਈ ਮਤੀ ਦਾਸ ਜੀ ਨੂੰ ਲੱਕੜੀ ਦੇ ਮੋਟੇ-ਮੋਟੇ ਫੱਟਿਆਂ 'ਚ ਜਕੜ ਕੇ ਬੰਨ੍ਹ ਦਿੱਤਾ ਤਾਂ ਜੋ ਉਹ ਹਿਲਜੁੱਲ ਨਾ ਸੱਕਣ। ਭਾਈ ਮਤੀ ਦਾਸ ਜੀ ਦਾ ਮੁੱਖ ਗੁਰੂ ਸਾਹਿਬ ਜੀ ਵੱਲ ਕਰ ਦਿੱਤਾ ਗਿਆ। ਜ਼ਲਾਦਾਂ ਨੇ ਭਾਈ ਮਤੀ ਦਾਸ ਜੀ ਦੇ ਸੀਸ 'ਤੇ ਆਰਾ ਰੱਖ ਕੇ ਚਲਾਉਣਾ ਸ਼ੁਰੂ ਕੀਤਾ ਤਾਂ ਭਾਈ ਮਤੀ ਦਾਸ ਜੀ ਨੇ ਜਪੁਜੀ ਸਾਹਿਬ ਜੀ ਦਾ ਪਾਠ ਕਰਨਾ ਸ਼ੁਰੂ ਕਰ ਦਿੱਤਾ। ਦੇਖਦਿਆਂ-ਦੇਖਦਿਆਂ ਹੀ ਭਾਈ ਮਤੀ ਦਾਸ ਜੀ ਦਾ ਸਰੀਰ ਦੋ-ਫਾੜ ਹੋ ਗਿਆ

ਅਤੇ ਭਾਈ ਮਤੀ ਦਾਸ ਜੀ ਨੇ ਜਪੁਜੀ ਸਾਹਿਬ ਜੀ ਦੇ ਪਾਠ ਦੀ ਸੰਪੂਰਨਤਾ ਕਰਕੇ, ਆਪਣੇ ਸੁਆਸ ਤਿਆਗ ਦਿੱਤੇ। ਇਸ ਦੌਰਾਨ, ਗੁਰੂ ਸਾਹਿਬ ਜੀ ਸ਼ਾਂਤ ਚਿੱਤ ਹੋ ਕੇ ਅਡੋਲ ਬੈਠੇ ਰਹੇ।

ਇਸੇ ਤਰ੍ਹਾਂ ਗੁਰੂ ਸਾਹਿਬ ਜੀ ਦੇ ਇੱਕ ਹੋਰ ਪਿਆਰੇ ਸਿੱਖ ਭਾਈ ਦਿਆਲਾ ਜੀ ਨੂੰ ਕਿਹਾ ਗਿਆ ਕਿ ਇਸਲਾਮ ਕਬੂਲ ਕਰ ਲਓ ਜਾਂ ਫਿਰ ਸ਼ਹੀਦ ਹੋਣ ਲਈ ਤਿਆਰ ਹੋ ਜਾਓ। ਭਾਈ ਦਿਆਲਾ ਜੀ ਨੇ ਵੀ ਭਾਈ ਮਤੀ ਦਾਸ ਜੀ ਦੀ ਤਰ੍ਹਾਂ ਹੀ ਧਰਮ ਤਿਆਗਣ ਦੀ ਥਾਂ ਸ਼ਹੀਦ ਹੋਣਾ ਪ੍ਰਵਾਨ ਕਰ ਲਿਆ। ਭਾਈ ਸਾਹਿਬ ਜੀ ਨੂੰ ਉਬਲਦੇ ਪਾਣੀ ਦੀ ਦੇਗ 'ਚ ਬਿਠਾ ਕੇ ਸ਼ਹੀਦ ਕਰ ਦਿੱਤਾ ਗਿਆ। ਗੁਰੂ ਸਾਹਿਬ ਹੁਣ ਵੀ ਓਸੇ ਤਰ੍ਹਾਂ ਹੀ ਸ਼ਾਂਤ ਚਿੱਤ ਤੇ ਅਡੋਲ ਬੈਠੇ ਰਹੇ।

ਭਾਈ ਮਤੀ ਦਾਸ ਜੀ ਤੇ ਭਾਈ ਦਿਆਲਾ ਜੀ ਦੀ ਸ਼ਹਾਦਤ ਤੋਂ ਬਾਅਦ ਭਾਈ ਸਤੀ ਦਾਸ ਜੀ ਦੀ ਵਾਰੀ ਆਈ (ਭਾਈ ਸਤੀ ਦਾਸ ਜੀ, ਭਾਈ ਮਤੀ ਦਾਸ ਜੀ ਦੇ ਭਰਾਤਾ ਸਨ)। ਭਾਈ ਸਤੀ ਦਾਸ ਜੀ ਨੂੰ ਵੀ ਉਹੀ ਕਿਹਾ ਗਿਆ ਕਿ ਇਸਲਾਮ ਕਬੂਲ ਕਰ ਲਓ ਜਾਂ ਫਿਰ ਸ਼ਹੀਦ ਹੋਣ ਲਈ ਤਿਆਰ ਹੋ ਜਾਓ। ਭਾਈ ਸਤੀ ਦਾਸ ਜੀ ਨੇ ਵੀ ਭਾਈ ਮਤੀ ਦਾਸ ਜੀ ਤੇ ਭਾਈ ਦਿਆਲਾ ਜੀ ਦੀ ਤਰ੍ਹਾਂ ਹੀ ਧਰਮ ਤਿਆਗਣ ਦੀ ਥਾਂ ਸ਼ਹੀਦ ਹੋਣਾ ਪ੍ਰਵਾਨ ਕਰ ਲਿਆ। ਕਾਜ਼ੀ ਨੇ ਫ਼ਤਵਾ ਜਾਰੀ ਕਰ ਦਿੱਤਾ ਕਿ ਭਾਈ ਸਤੀ ਦਾਸ ਜੀ ਨੂੰ ਰੂੰ ਵਿੱਚ ਲਪੇਟ ਕੇ, ਅੱਗ ਲਾ ਦਿੱਤੀ ਜਾਵੇ ਅਤੇ ਸਤੀ ਦਾਸ ਜੀ ਨੂੰ ਜਿਉਂਦੇ ਹੀ ਸਾੜ ਕੇ ਸ਼ਹੀਦ ਕਰ ਦਿੱਤਾ ਜਾਵੇ। ਭਾਈ ਸਤੀ ਦਾਸ ਜੀ ਨੂੰ ਰੂੰ 'ਚ ਲਪੇਟ ਕੇ, ਰੂੰ ਨੂੰ ਅੱਗ ਲਾ ਦਿੱਤੀ ਗਈ। ਕੁੱਝ ਹੀ ਪਲਾਂ 'ਚ, ਭਾਈ ਸਤੀ ਦਾਸ ਜੀ ਵੀ ਸ਼ਹੀਦੀ ਪਾ ਗਏ। ਗੁਰੂ ਸਾਹਿਬ ਜੀ ਆਪਣੇ ਪਿਆਰੇ ਸਿੱਖਾਂ ਦੀ,ਆਪਣੀਆਂ ਅੱਖਾਂ ਸਾਹਮਣੇ ਹੋਈ ਸ਼ਹਾਦਤ ਦੇਖ ਕੇ ਵੀ ਨਹੀਂ ਡੋਲੇ।

ਇਹਨਾਂ ਸਿੱਖਾਂ ਦੀ ਸ਼ਹਾਦਤ ਤੋਂ ਬਾਅਦ, ਜਦੋਂ ਮੁਗਲ ਹਕੂਮਤ ਨੇ ਦੇਖਿਆ ਕਿ ਗੁਰੂ ਸਾਹਿਬ ਜੀ ਤਾਂ ਓਸੇ ਤਰ੍ਹਾਂ ਹੀ ਸ਼ਾਂਤ-ਚਿੱਤ ਤੇ ਅਡੋਲ ਬੈਠੇ ਹਨ ਤਾਂ ਇੱਕ ਵਾਰ ਫਿਰ ਕਾਜ਼ੀ ਅਬਦੁੱਲ ਵਹਾਬ ਨੇ ਗੁਰੂ ਸਾਹਿਬ ਜੀ ਨੂੰ ਕਿਹਾ ਕਿ ਹਾਲੇ ਵੀ ਸਮਾਂ ਹੈ, ਇਸਲਾਮ ਕਬੂਲ ਕਰ ਲਓ ਜਾਂ ਕਰਾਮਾਤ ਦਿਖਾ ਦਿਓ, ਜ਼ਿੰਦਗੀ ਬਖ਼ਸ਼ ਦਿੱਤੀ ਜਾਵੇਗੀ। ਗੁਰੂ ਸਾਹਿਬ ਜੀ ਕਹਿਣ ਲੱਗੇ ਕਿ ਜਿਸ ਗੁਰੂ ਕਿਆਂ ਸਿੱਖਾਂ ਅੰਦਰ ਧਰਮ ਪ੍ਰਤੀ ਇੰਨਾ ਪਿਆਰ ਤੇ ਦ੍ਰਿੜ੍ਹਤਾ ਹੈ ਕਿ ਓਹਨਾਂ ਨੇ ਆਪਣਾ ਧਰਮ ਤਿਆਗਣ ਨਾਲੋਂ ਸ਼ਹੀਦ ਹੋਣਾ ਪ੍ਰਵਾਨ ਕਰ ਲਿਆ ਹੈ, ਤੁਸੀਂ ਉਸ ਗੁਰੂ ਨੂੰ ਧਰਮ ਤਿਆਗਣ ਲਈ ਕਹਿ ਰਹੇ ਹੋ? ਦੂਜਾ, ਜਿਥੋਂ ਤੱਕ ਕਰਾਮਾਤ ਦਿਖਾਉਣ ਦੀ ਗੱਲ ਹੈ ਤਾਂ ਗੁਰੂ ਘਰ ਅੰਦਰ ਕਰਾਮਾਤ ਦਿਖਾਉਣੀ ਕਹਿਰ ਹੈ। ਸਾਨੂੰ ਰੱਬ ਦੀ ਰਜ਼ਾ 'ਚ ਰਹਿਣ ਦਾ ਹੁਕਮ ਹੈ।

ਇਹ ਗੱਲ ਸੁਣ ਕੇ,ਕਾਜ਼ੀ ਅਬਦੁੱਲ ਵਹਾਬ ਨੇ ਜ਼ੱਲਾਦ ਜ਼ਲਾਲੁਦੀਨ ਨੂੰ ਹੁਕਮ ਕਰ ਦਿੱਤਾ ਕਿ ਗੁਰੂ ਸਾਹਿਬ ਜੀ ਦਾ ਧੜ ਸੀਸ ਤੋਂ ਅਲੱਗ ਕਰਕੇ,ਗੁਰੂ ਸਾਹਿਬ ਜੀ ਨੂੰ ਸ਼ਹੀਦ ਕਰ ਦਿੱਤਾ ਜਾਵੇ। ਇੰਝ 11 ਨਵੰਬਰ ਸੰਨ 1675 ਈ. ਨੂੰ ਚਾਂਦਨੀ ਚੌਂਕ, ਦਿੱਲੀ ਵਿਖੇ ਹਜ਼ਾਰਾਂ ਲੋਕਾਂ ਦੀ ਭੀੜ ਦੇ ਸਾਹਮਣੇ, ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਸੀਸ ਤਲਵਾਰ ਨਾਲ ਧੜ ਤੋਂ ਅਲੱਗ ਕਰਕੇ, ਗੁਰੂ ਸਾਹਿਬ ਜੀ ਨੂੰ ਸ਼ਹੀਦ ਕਰ ਦਿੱਤਾ ਗਿਆ। ਇਸ ਅਸਥਾਨ 'ਤੇ ਗੁਰਦੁਆਰਾ ਸੀਸ ਗੰਜ ਸਾਹਿਬ ਸੁਭਾਇਮਾਨ ਹੈ।

ਇਸ ਅਦੁੱਤੀ, ਅਨੋਖੀ, ਵਿਲੱਖਣ ਤੇ ਲਾਸਾਨੀ ਸ਼ਹਾਦਤ ਨੂੰ ਦੇਖ ਕੇ, ਦਿੱਲੀ 'ਚ ਹਾ-ਹਾਕਾਰ ਮੱਚ ਗਈ। ਇਸ ਘਟਨਾ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਇੰਝ ਬਿਆਨ ਕੀਤਾ ਹੈ -

**ਦੋਹਰਾ ॥**
**ਠੀਕਰ ਫੋਰਿ ਦਿਲੀਸ ਸਿਰਿ ਪ੍ਰਭ ਪੁਰਿ ਕੀਯਾ ਪਯਾਨ ॥**
**ਤੇਗ ਬਹਾਦਰ ਸੀ ਕ੍ਰਿਆ ਕਰੀ ਨ ਕਿਨਹੂੰ ਆਨ ॥੧੫॥**
**ਤੇਗ ਬਹਾਦਰ ਕੇ ਚਲਤ ਭਯੋ ਜਗਤ ਕੋ ਸੋਕ ॥**
**ਹੈ ਹੈ ਹੈ ਸਭ ਜਗ ਭਯੋ ਜੈ ਜੈ ਜੈ ਸੁਰ ਲੋਕ ॥੧੬॥**

ਚਾਰੇ ਪਾਸੇ ਡਰ ਤੇ ਸਹਿਮ ਦਾ ਮਾਹੌਲ ਬਣ ਗਿਆ ਸੀ। ਔਰੰਗਜ਼ੇਬ ਦਾ ਕਹਿਰ ਆਪਣੇ ਸਿਖ਼ਰ 'ਤੇ ਸੀ। ਜ਼ਾਲਮਾਂ ਨੇ ਬੜਾ ਭਾਰੀ ਜ਼ੁਲਮ ਢਾਹਿਆ ਸੀ। ਗੁਰੂ ਸਾਹਿਬ ਜੀ ਦੇ ਸਿਦਕ ਅੱਗੇ, ਜ਼ਾਲਮਾਂ ਦਾ ਜ਼ੁਲਮ ਹਾਰ ਗਿਆ ਸੀ। ਇਸ ਸਮੇਂ ਆਸਮਾਨ 'ਤੇ, ਕਾਲੇ ਤੇ ਘਣੇ ਬੱਦਲ ਛਾ ਗਏ ਸਨ। ਚਾਰੇ ਪਾਸੇ ਹਨੇਰਾ ਹੀ ਹਨੇਰਾ ਹੋ ਗਿਆ ਸੀ। ਇੰਝ ਜਾਪਦਾ ਸੀ ਜਿਵੇਂ ਕਿ ਜ਼ੁਲਮ ਦੀ ਇਸ ਇੰਤਿਹਾ ਨੂੰ ਦੇਖ ਕੇ, ਧਰਤਿ ਤੇ ਅੰਬਰ ਦੋਵੇਂ ਕੰਬ ਗਏ ਹੋਣ ਤੇ ਰੋ ਰਹੇ ਹੋਣ। ਚਾਰੇ ਪਾਸੇ ਸੰਨਾਟਾ ਛਾ ਗਿਆ ਸੀ। ਹਿੰਦੂ, ਮੁਸਲਮਾਨ ਤੇ ਸਿੱਖ, ਸਭ ਦੀਆਂ ਅੱਖਾਂ 'ਚ ਅੱਥਰੂ ਸਨ।

**ਗੁਰੂ ਸਾਹਿਬ ਜੀ ਦੇ ਸੀਸ ਤੇ ਸਰੀਰ ਦੀ ਸੰਭਾਲ :**

ਭਾਈ ਜੈਤਾ ਜੀ, ਦਿੱਲੀ ਦੀ ਦਿਲਵਾਲੀ ਗਲੀ 'ਚ ਰਹਿੰਦੇ ਸਨ। ਇਸੇ ਗਲੀ 'ਚ ਭਾਈ ਨਾਨੂ ਜੀ ਦਾ ਵੀ ਘਰ ਸੀ। ਜਦੋਂ ਕਾਜ਼ੀ ਨੇ ਇਹ ਫਤਵਾ ਸੁਣਾਇਆ ਕਿ ਗੁਰੂ ਸਾਹਿਬ ਜੀ ਦਾ ਸੀਸ ਧੜ ਤੋਂ ਅਲੱਗ ਕਰਕੇ, ਗੁਰੂ ਸਾਹਿਬ ਜੀ ਨੂੰ ਸ਼ਹੀਦ ਕਰ ਦਿੱਤਾ ਜਾਵੇ ਤਾਂ ਭਾਈ ਨਾਨੂ ਜੀ, ਭਾਈ ਊਦਾ ਜੀ ਤੇ ਭਾਈ ਗੁਰਦਿੱਤਾ ਜੀ, ਭਾਈ ਜੈਤਾ ਜੀ ਘਰ ਆ ਗਏ ਅਤੇ ਵਿਚਾਰ ਕੀਤੀ ਕਿ ਗੁਰੂ ਸਾਹਿਬ ਜੀ ਦੀ ਸ਼ਹਾਦਤ ਤੋਂ ਬਾਅਦ, ਆਪ ਜੀ ਦੇ ਪਾਵਨ ਸੀਸ ਤੇ ਸਰੀਰ ਦੀ ਸੰਭਾਲ ਕਿਵੇਂ ਕੀਤੀ ਜਾਵੇ?

ਗੁਰੂ ਸਾਹਿਬ ਜੀ ਦੇ ਸੀਸ ਨੂੰ ਸੰਭਾਲਣ ਦੀ ਸੇਵਾ ਭਾਈ ਜੈਤਾ ਜੀ ਨੇ ਆਪਣੇ ਜ਼ਿੰਮੇ ਲੈ ਲਈ। ਸਭਨਾਂ ਨੇ ਵਿਚਾਰ ਕਰਕੇ, ਇਹ ਵਿਉਂਤ ਬਣਾਈ ਕਿ ਗੁਰੂ ਸਾਹਿਬ ਜੀ ਦੇ ਸਰੀਰ ਨੂੰ ਸੰਭਾਲਣ ਦੀ ਸੇਵਾ ਭਾਈ ਲੱਖੀ ਸ਼ਾਹ ਜੀ ਨੂੰ ਦਿੱਤੀ ਜਾਵੇ ਕਿਉਂਕਿ ਭਾਈ ਲੱਖੀ ਸ਼ਾਹ ਜੀ ਗੁਰੂ ਘਰ ਦੇ ਸ਼ਰਧਾਲੂ ਹੋਣ ਦੇ ਨਾਲ-ਨਾਲ, ਧਨਾਢ ਵਪਾਰੀ ਵੀ ਹਨ ਤੇ ਉਹਨਾਂ ਦਾ ਦਿੱਲੀ 'ਚ ਅਸਰ-ਰਸੂਖ ਵੀ ਬਹੁਤ ਹੈ।

**ਸੀਸ ਮਾਰਗ :**

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਤੋਂ ਬਾਅਦ, ਭਾਈ ਜੈਤਾ ਜੀ ਨੇ ਗੁਰੂ ਚਰਨਾਂ 'ਚ ਅਰਦਾਸ ਕੀਤੀ ਕਿ ਸੱਚੇ ਪਾਤਿਸ਼ਾਹ ! ਆਪ ਜੀ ਦਾ ਓਟ-ਆਸਰਾ ਲੈ ਕੇ, ਆਪ ਜੀ ਦੇ ਸੀਸ ਨੂੰ ਸੰਭਾਲਣ ਦੀ ਸੇਵਾ ਕਰਨ ਲੱਗਾ ਹਾਂ, ਆਪ ਜੀ ਨੇ ਕਿਰਪਾ ਕਰਨੀ, ਸਹਾਈ ਹੋਣਾ ਤਾਂ ਜੋ ਇਹ ਕਾਰਜ ਨਿਰਵਿਘਨਤਾ ਸਹਿਤ ਸੰਪੂਰਨ ਕਰ ਸਕਾਂ। ਅਰਦਾਸ ਕਰਕੇ, ਭਾਈ ਜੈਤਾ ਜੀ ਨੇ ਖਰਾਬ ਮੌਸਮ ਤੇ ਪਹਿਰੇਦਾਰਾਂ ਦੇ ਅਵੇਸਲੇਪਨ ਦਾ ਫ਼ਾਇਦਾ ਲੈਂਦੇ ਹੋਏ, ਗੁਰੂ ਸਾਹਿਬ ਜੀ ਦੇ ਪਾਵਨ ਸੀਸ ਨੂੰ ਸੋਹਣੇ ਪੋਸ਼ਾਕੇ 'ਚ ਲਪੇਟ ਲਿਆ ਅਤੇ ਗੁਰੂ ਸਾਹਿਬ ਜੀ ਦੇ ਸੀਸ ਨੂੰ ਆਪਣੇ ਸਿਰ 'ਤੇ ਰੱਖ ਕੇ, ਸ੍ਰੀ ਅਨੰਦਪੁਰ ਸਾਹਿਬ ਵੱਲ ਨੂੰ ਚੱਲ ਪਏ।

**ਪਹਿਲਾ ਪੜਾਅ - ਬਾਗਪਤ (ਉੱਤਰ ਪ੍ਰਦੇਸ਼):**

ਭਾਈ ਜੈਤਾ ਜੀ ਨੇ ਦਿੱਲੀ ਤੋਂ ਚੱਲ ਕੇ, ਪਹਿਲਾ ਪੜਾਅ ਬਾਗਪਤ ਕੀਤਾ। ਸਾਰੀ ਰਾਤ ਪੈਦਲ ਸਫ਼ਰ ਕਰਦੇ-ਕਰਦੇ, ਭਾਈ ਜੈਤਾ ਜੀ ਥੱਕ ਵੀ ਗਏ ਸਨ ਤੇ ਮੁਗਲ ਫੌਜ਼ਾਂ ਦਾ ਡਰ ਵੀ ਸੀ ਕਿ ਕਿਤੇ ਮੁਗਲ ਫੌਜ਼ਾਂ ਆਪ ਜੀ ਨੂੰ ਫੜ ਹੀ ਨਾ ਲੈਣ। ਭਾਈ ਜੈਤਾ ਜੀ ਬਾਗਪਤ ਵਿਖੇ ਸੂਫ਼ੀ ਫ਼ਕੀਰ, ਸ਼ੇਖ ਹਜ਼ਰਤ ਵਾਹੂਦੀਨ ਦੀ ਦਰਗਾਹ 'ਤੇ ਪਹੁੰਚੇ। ਸ਼ੇਖ ਜੀ ਨੇ ਪੁੱਛਿਆ ਕਿ ਭਾਈ ! ਤੂੰ ਕੌਣ ਹੈਂ ? ਭਾਈ ਜੈਤਾ ਜੀ ਨੇ ਦੱਸਿਆ ਕਿ ਮੈਂ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਸਿੱਖ ਹਾਂ। ਸ਼ੇਖ ਜੀ ਨੇ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਹਾਲ-ਚਾਲ ਪੁੱਛਿਆ ਤਾਂ ਭਾਈ ਜੈਤਾ ਜੀ ਨੇ ਸਾਰਾ ਬ੍ਰਿਤਾਂਤ ਸ਼ੇਖ ਜੀ ਨੂੰ ਸੁਣਾ ਦਿੱਤਾ। ਸ਼ੇਖ ਜੀ ਨੇ ਗੁਰੂ ਸਾਹਿਬ ਜੀ ਦੇ ਸੀਸ ਦੇ ਦਰਸ਼ਨ ਕਰਨ ਦੀ ਇੱਛਾ ਪ੍ਰਗਟਾਈ। ਗੁਰੂ ਸਾਹਿਬ ਜੀ ਦੇ ਸੀਸ ਦੇ ਦਰਸ਼ਨ ਕਰਕੇ, ਸ਼ੇਖ ਜੀ ਨੇ ਸਿਜ਼ਦਾ ਕੀਤਾ, ਸ਼ੇਖ ਜੀ ਦੀਆਂ ਅੱਖਾਂ 'ਚੋਂ ਅੱਥਰੂ ਵਹਿ ਤੁਰੇ। ਭਰੇ ਮਨ ਨਾਲ ਭਾਈ ਜੈਤਾ ਜੀ ਨੂੰ ਕਹਿਣ ਲੱਗੇ ਕਿ ਤੁਹਾਡੀ ਸੇਵਾ ਬਹੁਤ ਵੱਡੀ ਹੈ, ਬਿਖੜਾ ਪੈਂਡਾ ਹੈ, ਸਾਰੀ ਰਾਤ ਪੈਦਲ ਸਫ਼ਰ ਕਰਨ ਕਰਕੇ, ਤੁਸੀਂ ਥੱਕ ਗਏ ਹੋਵੋਗੇ। ਕੁੱਝ ਖਾਧਾ ਪੀਤਾ ਵੀ ਨਹੀਂ ਹੋਣਾ। ਇਥੇ ਨੇੜੇ ਹੀ ਗੁਰੂ ਘਰ ਦੇ ਸ਼ਰਧਾਲੂ ਭਾਈ ਕ੍ਰਿਸ਼ਨਪਾਲ ਦਾ ਘਰ ਹੈ, ਓਥੇ ਚੱਲ ਕੇ ਪ੍ਰਸ਼ਾਦਾ ਛੱਕ ਲਓ ਤੇ ਥੋੜ੍ਹਾ ਅਰਾਮ ਕਰ ਲਓ। ਭਾਈ ਜੈਤਾ ਜੀ, ਸ਼ੇਖ ਜੀ ਦੇ ਨਾਲ ਭਾਈ ਕ੍ਰਿਸ਼ਨਪਾਲ ਜੀ ਦੇ ਗ੍ਰਿਹ ਵਿਖੇ ਆ ਗਏ ਅਤੇ ਇੱਥੇ ਹੀ ਪ੍ਰਸ਼ਾਦਾ ਛੱਕਿਆ ਤੇ ਅਰਾਮ ਕੀਤਾ। ਜਿੰਨਾ ਸਮਾਂ ਭਾਈ ਜੈਤਾ ਜੀ,ਭਾਈ ਕ੍ਰਿਸ਼ਨਪਾਲ ਜੀ ਦੇ ਗ੍ਰਿਹ ਵਿਖੇ ਟਿਕੇ, ਕ੍ਰਿਸ਼ਨਪਾਲ ਜੀ ਗੁਰੂ ਸਾਹਿਬ ਜੀ ਦੇ ਸੀਸ ਦੇ ਦਰਸ਼ਨ ਕਰਦੇ ਰਹੇ।

ਓਹਨਾਂ ਦੀਆਂ ਅੱਖਾਂ ’ਚੋਂ ਅੱਥਰੂ ਵਹੀ ਤੁਰੇ ਜਾ ਰਹੇ ਸਨ।

**ਦੂਜਾ ਪੜਾਅ –ਤਰਾਵੜੀ (ਹਰਿਆਣਾ):**

ਦਿਨ ਚੜ੍ਹੇ ਭਾਈ ਜੈਤਾ ਜੀ ਨੇ ਜੰਗਲਾਂ ਦੇ ਰਸਤੇ, ਸ੍ਰੀ ਅਨੰਦਪੁਰ ਸਾਹਿਬ ਵੱਲ ਚਾਲੇ ਪਾ ਦਿੱਤੇ। ਸਾਰਾ ਦਿਨ ਕੰਡਿਆਲੇ ਰਾਹਾਂ ’ਤੇ ਤੁਰਦੇ ਰਹੇ, ਪਰ, ਸਿਦਕ ਨਹੀਂ ਹਾਰਿਆ। ਮੁਗਲ ਫ਼ੌਜਾਂ ਦਾ ਡਰ ਵੀ ਬਣਿਆ ਹੋਇਆ ਸੀ। ਹਨੇਰੇ ਪਏ ਭਾਈ ਜੈਤਾ ਜੀ ਤਰਾਵੜੀ ਪਹੁੰਚ ਗਏ। ਭਾਈ ਸਾਹਿਬ ਜੀ ਝਾੜੀਆਂ ਵਿਚ ਦੀ ਤੁਰੇ ਜਾ ਰਹੇ ਸਨ ਕਿ ਧੋਬੀ ਦੇਵਾ ਰਾਮ, ਜੋ ਕਿ ਨੇੜੇ ਹੀ ਕਪੜੇ ਧੋ ਰਿਹਾ ਸੀ, ਨੇ ਭਾਈ ਸਾਹਿਬ ਜੀ ਦੇ ਪੈਰਾਂ ਦੀ ਅਵਾਜ਼ ਸੁਣੀ। ਅਵਾਜ਼ ਸੁਣ ਕੇ ਭਾਈ ਦੇਵਾ ਰਾਮ ਨੇ ਉੱਚੇ ਜਿਹੇ ਪੁੱਛਿਆ ਕਿ ਕੌਣ ਹੈਂ ਭਾਈ ? ਭਾਈ ਜੈਤਾ ਜੀ ਨੇ ਦੱਸਿਆ ਕਿ ਮੈਂ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਸਿੱਖ ਹਾਂ ਤੇ ਦਿੱਲੀ ਤੋਂ ਆ ਰਿਹਾ ਹਾਂ। ਇਹ ਸੁਣ ਕੇ, ਭਾਈ ਦੇਵਾ ਰਾਮ ਨੇ ਕਿਹਾ ਕਿ ਮੈਂ ਵੀ ਗੁਰੂ ਘਰ ਦਾ ਸ਼ਰਧਾਲੂ ਹਾਂ। ਤੁਸੀਂ ਚੱਲ ਕੇ ਮੇਰੇ ਘਰ ਅਰਾਮ ਕਰੋ।

ਭਾਈ ਦੇਵਾ ਰਾਮ ਨੂੰ ਹੁਣ ਤੱਕ ਗੁਰੂ ਸਾਹਿਬ ਜੀ ਦੀ ਸ਼ਹਾਦਤ ਬਾਰੇ ਪਤਾ ਨਹੀਂ ਸੀ। ਇਹ ਗੁਰੂ ਸਾਹਿਬ ਜੀ ਦਾ ਸੁੱਖ-ਸੁਨੇਹਾ ਲੈਣ ਲਈ ਬਹੁਤ ਬਿਹਬਲ ਸੀ। ਭਾਈ ਦੇਵਾ ਰਾਮ, ਭਾਈ ਜੈਤਾ ਜੀ ਨੂੰ ਕਹਿਣ ਲੱਗਾ ਕਿ ਤੁਸੀਂ ਦਿੱਲੀ ਤੋਂ ਆ ਰਹੇ ਹੋ, ਗੁਰੂ ਸਾਹਿਬ ਜੀ ਦਾ ਕੋਈ ਸੁੱਖ -ਸੁਨੇਹਾ ਸੁਣਾਓ। ਗੁਰੂ ਸਾਹਿਬ ਜੀ ਬਾਰੇ ਕੁੱਝ ਦੱਸੋ, ਅੱਜ-ਕੱਲ੍ਹ ਕਿੱਥੇ ਬਿਰਾਜਮਾਨ ਹਨ ਤੇ ਕਿਸ ਧਰਤਿ ਨੂੰ ਭਾਗ ਲਾ ਰਹੇ ਹਨ? ਭਾਈ ਜੈਤਾ ਜੀ ਨੇ ਦਿੱਲੀ ’ਚ ਵਰਤੇ ਕਹਿਰ ਬਾਰੇ ਭਾਈ ਦੇਵਾ ਰਾਮ ਜੀ ਨੂੰ ਦੱਸਿਆ ਤਾਂ ਭਾਈ ਦੇਵਾ ਰਾਮ ਜੀ ਦੀਆਂ ਅੱਖਾਂ ’ਚੋਂ ਅੱਥਰੂ ਵਹਿ ਤੁਰੇ, ਮਨ ਵੈਰਾਗ ’ਚ ਆ ਗਿਆ। ਭਾਈ ਦੇਵਾ ਰਾਮ ਜੀ ਨੇ ਗੁਰੂ ਸਾਹਿਬ ਜੀ ਦੇ ਪਾਵਨ ਸੀਸ ਨੂੰ ਉੱਚੀ ਥਾਂ ’ਤੇ ਸੁਭਾਇਮਾਨ ਕੀਤਾ ਅਤੇ ਭਾਈ ਜੈਤਾ ਜੀ ਤੇ ਭਾਈ ਦੇਵਾ ਰਾਮ ਜੀ ਦਾ ਸਾਰਾ ਪਰਿਵਾਰ ਸਿਮਰਨ ਕਰਦੇ ਰਹੇ। ਭਾਈ ਜੈਤਾ ਜੀ, ਕੁੱਝ ਸਮਾਂ ਇੱਥੇ ਅਰਾਮ ਕਰਕੇ, ਸ੍ਰੀ ਅਨੰਦਪੁਰ ਸਾਹਿਬ ਵੱਲ ਨੂੰ ਚੱਲ ਪਏ। ਇਸ ਅਸਥਾਨ ’ਤੇ ਸੁੰਦਰ ਗੁਰਦੁਆਰਾ ਸਾਹਿਬ "ਸੀਸ ਗੰਜ ਪਾਤਿਸ਼ਾਹੀ ਨੌਵੀਂ"ਸੁਭਾਇਮਾਨ ਹੈ।

**ਤੀਜਾ ਪੜਾਅ – ਅੰਬਾਲਾ (ਹਰਿਆਣਾ) :**

ਤਰਾਵੜੀ ਤੋਂ ਚੱਲ ਕੇ, ਭਾਈ ਜੈਤਾ ਜੀ ਅੰਬਾਲੇ ਪਹੁੰਚ ਗਏ। ਇੱਥੇ ਭਾਈ ਜੈਤਾ ਜੀ ਨੇ ਟਾਂਗਰੀ ਨਦੀ ਦੇ ਕਿਨਾਰੇ ਟਿਕਾਣਾ ਕੀਤਾ ਅਤੇ ਗੁਰੂ ਸਾਹਿਬ ਜੀ ਦਾ ਪਾਵਨ ਸੀਸ, ਸਤਿਕਾਰ ਸਹਿਤ ਇੱਕ ਜੰਡ ਦੇ ਰੁੱਖ ਹੇਠ ਬਿਰਾਜਮਾਨ ਕਰ ਦਿੱਤਾ। ਆਸ-ਪਾਸ ਪੁੱਛਣ ’ਤੇ ਪਤਾ ਲੱਗਾ ਕਿ ਕੈਂਥ ਮਾਜਰੀ ਮਹੱਲੇ ’ਚ ਭਾਈ ਰਾਮਦੇਵਾ ਨਾਮ ਦਾ ਇੱਕ ਸਿੱਖ ਰਹਿੰਦਾ ਹੈ। ਭਾਈ ਜੈਤਾ ਜੀ, ਗੁਰੂ ਸਾਹਿਬ ਜੀ ਦਾ ਸੀਸ ਆਪਣੇ ਸਿਰ ’ਤੇ ਰੱਖ ਕੇ, ਭਾਈ ਰਾਮਦੇਵਾ ਜੀ ਦੇ ਘਰ ਪਹੁੰਚ ਗਏ ਅਤੇ ਦਿੱਲੀ ’ਚ ਵਰਤੇ ਕਹਿਰ ਬਾਰੇ ਦੱਸਿਆ। ਇਹ ਸਾਰਾ ਬ੍ਰਿਤਾਂਤ ਸੁਣ ਕੇ,ਭਾਈ ਰਾਮਦੇਵਾ ਜੀ ਦੀਆਂ ਭੁੱਬਾਂ ਨਿਕਲ ਗਈਆਂ, ਉਹਨਾਂ ਦੀਆਂ ਅੱਖਾਂ ’ਚੋਂ ਅੱਥਰੂ ਰੁਕਣ ਦਾ ਨਾਮ ਨਹੀਂ ਸਨ ਲੈ ਰਹੇ।

ਭਾਈ ਜੈਤਾ ਜੀ ਨੇ ਇਹ ਥਾਂ ਸੁਰੱਖਿਅਤ ਜਾਣ ਕੇ, ਰਾਤ ਇੱਥੇ ਹੀ ਟਿਕਾਣਾ ਕਰਨ ਦਾ ਫੈਸਲਾ ਕੀਤਾ। ਭਾਈ ਰਾਮਦੇਵਾ ਜੀ ਪਾਠ ਕਰਦੇ ਰਹੇ ਤੇ ਨਾਲ ਹੀ ਪਹਿਰਾ ਦਿੰਦੇ ਰਹੇ। ਭਾਈ ਜੈਤਾ ਜੀ ਨੇ ਕੁੱਝ ਸਮਾਂ ਇੱਥੇ ਅਰਾਮ ਕਰਕੇ, ਸ੍ਰੀ ਅਨੰਦਪੁਰ ਸਾਹਿਬ ਵੱਲ ਨੂੰ ਚਾਲੇ ਪਾ ਦਿੱਤੇ।ਇਸ ਅਸਥਾਨ ‘ਤੇ, ਸੁੰਦਰ ਗੁਰਦੁਆਰਾ ਸੀਸ ਗੰਜ ਸਾਹਿਬ ਸੁਭਾਇਮਾਨ ਹੈ। ਇਹ ਅਸਥਾਨ ਗੁਰਦੁਆਰਾ ਮੰਜੀ ਸਾਹਿਬ,ਅੰਬਾਲਾ ਸ਼ਹਿਰ ਤੋਂ ਲਗਭਗ ਅੱਧੇ ਕਿਲੋਮੀਟਰ ਦੀ ਵਿੱਥ ’ਤੇ ਹੈ।

**ਚੌਥਾ ਪੜਾਅ – ਨਾਭਾ ਸਾਹਿਬ (ਪੰਜਾਬ) :**

ਅੰਬਾਲੇ ਤੋਂ ਚੱਲ ਕੇ, ਭਾਈ ਜੈਤਾ ਜੀ ਰਾਜਪੁਰਾ-ਜ਼ੀਰਕਪੁਰ ਵਾਲੀ ਸੜਕ ’ਤੇ ਆ ਗਏ। ਇਸ ਇਲਾਕੇ ’ਚ, ਬਹੁਤ ਵੱਡਾ ਤੇ ਸੰਘਣਾ ਜੰਗਲ ਸੀ। ਇਹ ਸਾਰਾ ਇਲਾਕਾ ਮੁਸਲਮਾਨਾਂ ਦਾ ਹੁੰਦਾ ਸੀ। ਗੁਰੂ ਸਾਹਿਬ ਜੀ ਦੇ ਸੀਸ ਦੇ ਸਤਿਕਾਰ ਨੂੰ ਧਿਆਨ ’ਚ ਰੱਖਦਿਆਂ ਹੋਇਆਂ, ਭਾਈ ਜੈਤਾ ਜੀ ਰਾਤ ਸਮੇਂ ਕਿਸੇ ਸੁਰੱਖਿਅਤ ਅਸਥਾਨ ’ਤੇ ਟਿਕਾਣਾ ਕਰਨਾ ਚਾਹੁੰਦੇ ਸਨ। ਭਾਈ ਜੈਤਾ ਜੀ ਨੂੰ ਇਸ ਸੰਘਣੇ ਜੰਗਲ ’ਚ, ਇੱਕ ਕੁਟੀਆ ਦਿਖਾਈ ਦਿੱਤੀ। ਭਾਈ ਜੈਤਾ ਜੀ ਇਸ ਕੁਟੀਆ ’ਚ ਪਹੁੰਚੇ ਤਾਂ ਪਤਾ ਲੱਗਾ ਕਿ ਇਹ ਕੁਟੀਆ ਦਰਗਾਹੀ ਸ਼ਾਹ ਫਕੀਰ ਦੀ ਹੈ ਜੋ ਕਿ ਗੁਰੂ ਘਰ ਦਾ ਸ਼ਰਧਾਲੂ ਹੈ। ਇਸ ਫਕੀਰ ਨੇ ਭਾਈ ਜੈਤਾ ਜੀ ਨੂੰ, ਇਸ ਜੰਗਲ ’ਚ ਆਉਣ ਦਾ ਕਾਰਨ ਪੁੱਛਿਆ ਤਾਂ ਭਾਈ ਜੈਤਾ ਜੀ ਨੇ ਗੁਰੂ ਸਾਹਿਬ ਜੀ ਦੀ ਸ਼ਹਾਦਤ ਦਾ ਸਾਰਾ ਬ੍ਰਿਤਾਂਤ ਸੁਣਾ ਦਿੱਤਾ। ਪੀਰ ਜੀ ਦੇ ਨੈਣ ਭਰ ਆਏ। ਓਹਨਾਂ ਨੇ ਭਾਈ ਜੈਤਾ ਜੀ ਨੂੰ ਬਹੁਤ ਪਿਆਰ ਤੇ ਸਤਿਕਾਰ ਨਾਲ ਬੇਨਤੀ ਕੀਤੀ ਕਿ ਤੁਸੀ ਪੈਦਲ ਚੱਲਣ ਕਾਰਨ ਬਹੁਤ ਥੱਕ ਗਏ ਹੋਵੋਗੇ, ਪੈਂਡਾ ਬਹੁਤ ਲੰਮਾ ਹੈ, ਇਸ ਲਈ ਤੁਸੀਂ ਗੁਰੂ ਸਾਹਿਬ ਜੀ ਦਾ ਸੀਸ ਮੈਨੂੰ ਦੇ ਦਿਓ ਤੇ ਤੁਸੀਂ ਇਸ਼ਨਾਨ ਕਰਕੇ, ਪ੍ਰਸ਼ਾਦਾ ਛੱਕ ਕੇ, ਅਰਾਮ ਕਰ ਲਓ, ਸੀਸ ਦੀ ਰਾਖੀ ਮੈਂ ਆਪ ਕਰਾਂਗਾ। ਮੇਰੇ ਧੰਨ ਭਾਗ ਹਨ, ਜਿਸ ਦੀ ਕੁਟੀਆ ’ਚ ਗੁਰੂ ਸਾਹਿਬ ਜੀ ਦਾ ਸੀਸ ਪਹੁੰਚਿਆ ਹੈ। ਪੀਰ ਜੀ ਨੇ ਆਪਣੀ ਕੁਟੀਆ ’ਚ ਹੀ ਮਿੱਟੀ ਦਾ ਉੱਚਾ ਥੜ੍ਹਾ ਤਿਆਰ ਕੀਤਾ ਅਤੇ ਗੁਰੂ ਸਾਹਿਬ ਜੀ ਦਾ ਸੀਸ, ਬਹੁਤ ਪਿਆਰ ਤੇ ਸਤਿਕਾਰ ਸਹਿਤਇਸ ਥੜ੍ਹੇ ’ਤੇ ਸੁਭਾਇਮਾਨ ਕਰ ਦਿੱਤਾ। ਪੀਰ ਜੀ ਸਾਰੀ ਰਾਤ ਗੁਰੂ ਸਾਹਿਬ ਜੀ ਦੇ ਸੀਸ ਦੇ ਦਰਸ਼ਨ ਕਰਦੇ ਹੋਏ, ਰੱਬੀ ਰੰਗ ’ਚ ਰੱਤੇ ਤੇ ਭਿੱਜੇ ਰਹੇ। ਅੰਮ੍ਰਿਤ ਵੇਲੇ ਭਾਈ ਜੈਤਾ ਜੀ ਉੱਠੇ, ਇਸ਼ਨਾਨ ਕਰਕੇ ਤੇ ਪ੍ਰਸ਼ਾਦਾ ਛੱਕ ਕੇ, ਪੀਰ ਜੀ ਪਾਸੋਂ ਖ਼ੁਸ਼ੀਆਂ ਲੈ ਕੇ, ਸ੍ਰੀ ਅਨੰਦਪੁਰ ਸਾਹਿਬ ਵੱਲ ਨੂੰ ਚੱਲ ਪਏ। ਇਸ ਪਾਵਨ ਅਸਥਾਨ ’ਤੇ ਸੁੰਦਰ ਗੁਰਦੁਆਰਾ ਨਾਭਾ ਸਾਹਿਬ ਪਾਤਸ਼ਾਹੀ ਨੌਵੀਂ ਤੇ ਦੱਸਵੀਂ ਸੁਭਾਇਮਾਨ ਹੈ।

**ਪੰਜਵਾਂ ਪੜਾਅ – ਕੀਰਤਪੁਰ ਸਾਹਿਬ (ਪੰਜਾਬ) :**

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸੀਸ ਦੇ ਆਉਣ ਦੀ ਖ਼ਬਰ ਸ੍ਰੀ ਅਨੰਦਪੁਰ ਸਾਹਿਬ ਪਹੁੰਚ ਗਈ ਸੀ। ਗੁਰੂ ਗੋਬਿੰਦ ਰਾਇ (ਸਿੰਘ) ਜੀ, ਮਾਤਾ ਨਾਨਕੀ ਜੀ, ਮਾਤਾ ਗੁਜਰੀ ਜੀ ਤੇ ਸਾਰਾ ਪਰਿਵਾਰ ਅਤੇ ਬਹੁਤ ਸਾਰੀਆਂ ਸਿੱਖ ਸੰਗਤਾਂ, ਗੁਰੂ ਸਾਹਿਬ ਜੀ ਦੇ ਸੀਸ ਦੇ ਦਰਸ਼ਨ ਕਰਨ ਲਈ, ਪਹਿਲਾਂ ਹੀ ਕੀਰਤਪੁਰ ਸਾਹਿਬ ਪਹੁੰਚ ਗਈਆਂ ਸਨ। ਭਾਈ ਜੈਤਾ ਜੀ ਸੀਸ ਲੈ ਕੇ ਕੀਰਤਪੁਰ ਸਾਹਿਬ ਪਹੁੰਚੇ ਤਾਂ ਸਾਰਿਆਂ ਦੇ ਹਿਰਦਿਆਂ ’ਚ ਵੈਰਾਗ ਸੀ ਤੇ ਅੱਖਾਂ ਨਮ ਸਨ। ਬਹੁਤ ਭਾਵੁਕ ਦ੍ਰਿਸ਼ ਸੀ। ਗੁਰੂ ਗੋਬਿੰਦ ਰਾਇ ਜੀ ਨੇ ਅਗਾਂਹ ਵੱਧ ਕੇ, ਆਪਣੇ ਸ਼ਹੀਦ ਪਿਤਾ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਪਾਵਨ ਸੀਸ ਆਪਣੇ ਹੱਥਾਂ ’ਚ ਲੈ ਲਿਆ। ਇਸ ਸਮੇਂ ਗੁਰੂ ਗੋਬਿੰਦ ਰਾਇ ਜੀ ਦੀ ਉਮਰ ੯ ਸਾਲ ਦੀ ਸੀ। ਗੁਰੂ ਸਾਹਿਬ ਜੀ ਦੇ ਸੀਸ ਦੇ ਦਰਸ਼ਨ ਕਰਕੇ,ਸੀਸ ਨੂੰ ਉੱਚੀ ਥਾਂ ’ਤੇ ਬਿਰਾਜਮਾਨ ਕਰ ਦਿੱਤਾ ਗਿਆ। ਇਸ ਅਸਥਾਨ ’ਤੇ ਸੁੰਦਰ ਗੁਰਦੁਆਰਾ ਬਿਬਾਨਗੜ੍ਹ ਸਾਹਿਬ ਸੁਭਾਇਮਾਨ ਹੈ।

ਗੁਰੂ ਗੋਬਿੰਦ ਰਾਇ ਜੀ ਨੇ ਭਾਈ ਜੈਤਾ ਜੀ ਦੀ ਹਿੰਮਤ, ਹੌਂਸਲੇ, ਬਹਾਦਰੀ ਅਤੇ ਗੁਰੂ ਘਰ ਪ੍ਰਤੀ ਪਿਆਰ, ਸ਼ਰਧਾ-ਭਾਵਨਾ ਤੇ ਸੇਵਾ ਨੂੰ ਮੁੱਖ ਰੱਖਦਿਆਂ ਹੋਇਆਂ, ਭਾਈ ਜੈਤਾ ਜੀ ਨੂੰ ਆਪਣੇ ਸੀਨੇ ਨਾਲ ਲਾ ਕੇ ਅਸੀਸਾਂ ਦਿੱਤੀਆਂ ਅਤੇ "ਰੰਘਰੇਟਾ – ਗੁਰੂ ਕਾ ਬੇਟਾ"ਕਹਿ ਕੇ ਨਿਵਾਜ਼ਿਆ। ਭਾਈ ਜੈਤਾ ਜੀ, ਸੰਨ ੧੬੯੯ ’ਚ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਕੇ, ਭਾਈ ਜੀਵਨ ਸਿੰਘ ਬਣੇ ਅਤੇ ਚਮਕੌਰ ਸਾਹਿਬ ਦੀ ਜੰਗ ’ਚ ਸ਼ਹੀਦ ਹੋਏ।

**ਆਖ਼ਰੀ ਪੜਾਅ – ਸ੍ਰੀ ਅਨੰਦਪੁਰ ਸਾਹਿਬ (ਪੰਜਾਬ) :**

ਗੁਰੂ ਸਾਹਿਬ ਜੀ ਦੇ ਸੀਸ ਨੂੰ ਸਤਿਕਾਰ ਸਹਿਤ ਪਾਲਕੀ ’ਚ ਸਜਾਇਆ ਗਿਆ ਅਤੇ ਸ਼ਬਦ ਕੀਰਤਨ ਕਰਦੇ ਹੋਏ, ਸ੍ਰੀ ਅਨੰਦਪੁਰ ਸਾਹਿਬ ਲਿਆਂਦਾ ਗਿਆ। ਸ੍ਰੀ ਅਨੰਦਪੁਰ ਸਾਹਿਬ ਵਿਖੇ ਗੁਰੂ ਸਾਹਿਬ ਜੀ ਦੇ ਸੀਸ ਦਾ ਮਰਿਆਦਾ ਅਨੁਸਾਰ, ਪੂਰਨ ਸਤਿਕਾਰ ਨਾਲ ਸਸਕਾਰ ਕੀਤਾ ਗਿਆ। ਜਿਸ ਅਸਥਾਨ ’ਤੇ ਗੁਰੂ ਸਾਹਿਬ ਜੀ ਦੇ ਸੀਸ ਦਾ ਸਸਕਾਰ ਕੀਤਾ ਗਿਆ, ਉਸ ਅਸਥਾਨ ’ਤੇ ਗੁਰਦੁਆਰਾ ਸੀਸ ਗੰਜ ਸਾਹਿਬ ਸੁਭਾਇਮਾਨ ਹੈ। ਸਸਕਾਰ ਕਰਨ ਤੋਂ ਬਾਅਦ, ਗੁਰੂ ਗੋਬਿੰਦ ਰਾਇ ਜੀ ਨੇ ਸੰਗਤਾਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਪਰਮਾਤਮਾ ਦੀ ਰਜ਼ਾ ’ਚ ਰਹਿਣਾ ਹੈ ਤੇ ਉਸ ਅਕਾਲ ਪੁਰਖੁ ਦਾ ਭਾਣਾ ਮਿੱਠਾ ਕਰਕੇ ਮੰਨਣਾ ਹੈ। ਨਾਲ ਹੀ ਗੁਰੂ ਸਾਹਿਬ ਜੀ ਨੇ ਸੰਗਤਾਂ ਨੂੰ ਜ਼ੁਲਮ ਦੇ ਖਿਲਾਫ ਇੱਕ-ਜੁੱਟ ਹੋ ਕੇ, ਟਾਕਰਾ ਕਰਨ ਹਿੱਤ ਤਿਆਰ ਹੋਣ ਲਈ ਕਿਹਾ। ਗੁਰੂ ਸਾਹਿਬ ਜੀ ਨੇ ਕਿਹਾ

ਕਿ ਹੁਣ ਸਮਾਂ ਆ ਗਿਆ ਹੈ ਕਿ ਜ਼ੁਲਮ ਖਤਮ ਕਰਨ ਲਈ, ਸ਼ਕਤੀ ਦੀ ਵਰਤੋਂ ਕੀਤੀ ਜਾਵੇ।

**ਧੜ (ਸਰੀਰ) ਦਾ ਸਸਕਾਰ :**

ਇਧਰ ਗੁਰੂ ਸਾਹਿਬ ਜੀ ਦੇ ਧੜ (ਸਰੀਰ) ਨੂੰ ਸੰਭਾਲਣ ਦੀ ਸੇਵਾ ਭਾਈ ਲੱਖੀ ਸ਼ਾਹ ਜੀ ਨੇ ਕੀਤੀ। ਜਿਸ ਦਿਨ ਗੁਰੂ ਸਾਹਿਬ ਜੀ ਨੂੰ ਸ਼ਹੀਦ ਕੀਤਾ ਗਿਆ, ਉਸ ਦਿਨ ਭਾਈ ਲੱਖੀ ਸ਼ਾਹ ਜੀ ਆਪਣੇ ਟਾਂਡੇ (ਬੈਲ ਗੱਡੀਆਂ ਦਾ ਕਾਫ਼ਲਾ), ਜਿਸ ਵਿੱਚ ਚੂਨਾ ਲੱਦਿਆ ਹੋਇਆ ਸੀ, ਸਹਿਤ ਨਾਰਨੌਲ (ਹਰਿਆਣਾ) ਤੋਂ ਦਿੱਲੀ ਪਹੁੰਚੇ ਸਨ। ਭਾਈ ਲੱਖੀ ਸ਼ਾਹ ਜੀ ਨੇ ਆਪਣੀਆਂ ਬੈਲ ਗੱਡੀਆਂ ਲਿਆ ਕੇ, ਚਾਂਦਨੀ ਚੌਂਕ ਖੜ੍ਹੀਆਂ ਕਰ ਦਿੱਤੀਆਂ ਅਤੇ ਮੌਕਾ ਦੇਖ ਕੇ, ਮੁਗਲ ਹਕੂਮਤ ਦੀ ਪਰਵਾਹ ਕੀਤੇ ਬਿਨਾਂ, ਆਪਣੇ ਪੁੱਤਰ ਭਾਈ ਨਗਾਹੀਆ ਜੀ ਤੇ ਹੋਰ ਸਿੱਖਾਂ ਦੀ ਮਦਦ ਨਾਲ, ਗੁਰੂ ਸਾਹਿਬ ਜੀ ਦਾ ਧੜ (ਸਰੀਰ) ਆਪਣੇ ਗੱਡੇ 'ਤੇ ਰੱਖ ਕੇ ਆਪਣੇ ਘਰ ਲੈ ਗਏ। ਘਰ ਅੰਦਰ ਹੀ ਚਿਖ਼ਾ ਤਿਆਰ ਕੀਤੀ ਅਤੇ ਗੁਰੂ ਸਾਹਿਬ ਜੀ ਦੀ ਪਾਵਨ ਦੇਹ ਨੂੰ ਚਿਖ਼ਾ 'ਤੇ ਰੱਖ ਕੇ, ਘਰ ਨੂੰ ਹੀ ਅੱਗ ਲਾ ਦਿੱਤੀ ਤਾਂ ਜੋ ਕਿਸੇ ਨੂੰ ਕੋਈ ਸ਼ੱਕ ਨੇ ਹੋਵੇ। ਦਿੱਲੀ ਵਿਖੇ,ਜਿਸ ਅਸਥਾਨ 'ਤੇ ਗੁਰੂ ਸਾਹਿਬ ਜੀ ਦੇ ਧੜ (ਸਰੀਰ) ਦਾ ਸਸਕਾਰ ਕੀਤਾ ਗਿਆ, ਉਸ ਅਸਥਾਨ 'ਤੇ ਸੁੰਦਰ ਗੁਰਦੁਆਰਾ ਰਕਾਬਗੰਜ ਸਾਹਿਬ ਸੁਭਾਇਮਾਨ ਹੈ।

ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਨਾਲ ਸੰਬੰਧਤ ਕੁੱਝ ਮਹੱਤਵਪੂਰਨ ਨੁਕਤੇਹੇਠ ਲਿੱਖੇ ਅਨੁਸਾਰ ਹਨ –

ੳ) ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨਾ ਤਾਂ ਆਪ ਜੰਞੂ ਪਹਿਨਦੇ ਸਨ ਤੇ ਨਾ ਹੀ ਜੰਞੂ ਪਹਿਨਣ ਦੇ ਹਾਮੀ ਸਨ। ਗੁਰੂ ਨਾਨਕ ਸਾਹਿਬ ਜੀ ਨੇ ਤਾਂ ਪਹਿਲਾਂ ਹੀ ਕਪਾਹ ਦੇ ਬਣੇ ਜੰਞੂ ਪਹਿਨਣ ਤੋਂ ਇਨਕਾਰ ਕਰ ਦਿੱਤਾ ਸੀ। ਫਿਰ ਵੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਜੰਞੂ ਦੀ ਰੱਖਿਆ ਖ਼ਾਤਰ, ਆਪਣੀ ਸ਼ਹਾਦਤ ਦੇ ਦਿੱਤੀ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਦੀ ਸਭ ਤੋਂ ਵਿਲੱਖਣ ਗੱਲ ਇਹ ਹੈ ਕਿ ਗੁਰੂ ਸਾਹਿਬ ਜੀ ਨੇ ਹੋਰਨਾਂ ਦੇ ਧਰਮ, ਧਾਰਮਿਕ ਚਿੰਨ੍ਹਾਂ, ਧਾਰਮਿਕ ਅਜ਼ਾਦੀ ਤੇ ਮਨੁੱਖੀ ਹੱਕਾਂ ਦੀ ਰਾਖੀ ਲਈ ਆਪਣੀ ਸ਼ਹਾਦਤ ਦਿੱਤੀ।

ਅ) ਗੁਰੂ ਸਾਹਿਬ ਜੀ ਕਿਸੇ ਫ਼ਿਰਕੇ ਜਾਂ ਧਰਮ ਦੇ ਖ਼ਿਲਾਫ਼ ਨਹੀਂ ਸਨ। ਓਹਨਾਂ ਦਿਨਾਂ 'ਚ, ਮੁਗਲ ਹਕੂਮਤ ਬਹੁਤ ਜ਼ਾਲਮ ਸੀ ਤੇ ਹਿੰਦੂਆਂ 'ਤੇ ਜ਼ੁਲਮ ਕਰ ਰਹੀ ਸੀ। ਜਿਸ ਕਾਰਨ ਗੁਰੂ ਸਾਹਿਬ ਜੀ ਨੇ ਹਿੰਦੂਆਂ ਦੀ ਬਾਂਹ ਫੜੀ ਤੇ ਹਿੰਦੂਆਂ ਦੀ ਰੱਖਿਆ ਲਈ, ਮੁਗਲ ਹਕੂਮਤ ਨਾਲ ਟਾਕਰਾ ਕੀਤਾ ਤੇ ਆਪਣੀ ਸ਼ਹਾਦਤ ਦਿੱਤੀ। ਉਸ ਸਮੇਂ ਜੇ ਕੋਈ ਹੋਰ ਜ਼ਾਲਮ ਹਕੂਮਤ, ਜ਼ੁਲਮ ਕਰ ਰਹੀ ਹੁੰਦੀ ਤਾਂ ਗੁਰੂ ਸਾਹਿਬ ਜੀ ਉਸ ਜ਼ਾਲਮ ਹਕੂਮਤ ਨਾਲ ਵੀ ਇਸੇ ਤਰ੍ਹਾਂ ਹੀ ਟਾਕਰਾ ਕਰਦੇ ਤੇ ਪੀੜਤਾਂ ਦੀ ਰੱਖਿਆ ਕਰਦੇ। ਗੁਰੂ ਸਾਹਿਬਾਨ ਜੀ ਦਾ ਫ਼ਲਸਫ਼ਾ ਹੀ ਇਹੋ ਹੈ ਕਿ ਜ਼ਾਲਮ ਦੇ ਜ਼ੁਲਮਾਂ ਨਾਲ ਟਾਕਰਾ ਕਰਨਾ ਹੈ ਤੇ ਪੀੜਤਾਂ ਦੀ ਬਾਂਹ ਫੜ ਕੇ, ਓਹਨਾਂ ਦੀ ਰੱਖਿਆ ਕਰਨੀ ਹੈ।

ੲ) ਇਤਿਹਾਸ ਅੰਦਰ ਇਹ ਪਹਿਲਾ ਮੌਕਾ ਸੀ ਜਦੋਂ ਮਕਤੂਲ (ਸ਼ਹਾਦਤ ਦੇਣ ਵਾਲਾ),ਆਪਣੀ ਸ਼ਹਾਦਤ ਦੇਣ ਲਈ, ਆਪ ਚੱਲ ਕੇ ਕਾਤਲ ਕੋਲ ਗਿਆ ਸੀ। ਦੁਨੀਆ ਦੇ ਇਤਿਹਾਸ 'ਚ ਇਹੋ ਜਿਹੀ ਕੋਈ ਹੋਰ ਮਿਸਾਲ ਨਹੀਂ ਮਿਲਦੀ। ਇਸੇ ਲਈ ਲਾਲਾ ਦੌਲਤ ਰਾਇ ਨੇ ਲਿੱਖਿਆ ਹੈ, "ਆਜ ਤੱਕ ਯਿਹ ਤੋ ਹੁਆ ਹੈ ਕਿ ਕਾਤਲ, ਮਕਤੂਲ ਕੇ ਪਾਸ ਜਾਏ, ਯਿਹ ਨਹੀਂ ਕਿ ਮਕਤੂਲ ਕਾਤਲ ਕੇ ਪਾਸ ਆਏ। ਐਸਾ ਕਰਕੇ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਉਲਟੀ ਗੰਗਾ ਬਹਾ ਦੀ। "

ਇੰਝ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੁਆਰਾ ਦਿੱਤੀ ਗਈ ਲਾਸਾਨੀ ਸ਼ਹਾਦਤ, ਆਪਣੇ ਆਪ 'ਚ, ਇੱਕ ਬੇਮਿਸਾਲ, ਅਨੋਖੀ, ਅਦੁੱਤੀ ਤੇ ਵਿਲੱਖਣ ਸ਼ਹਾਦਤ ਸੀ, ਜਿਸ ਦੀ ਕੋਈ ਹੋਰ ਉਦਾਹਰਣ ਦੁਨੀਆਂ ਦੇ ਇਤਿਹਾਸ 'ਚ ਨਹੀਂ ਮਿਲਦੀ। ਗੁਰੂ ਸਾਹਿਬ ਜੀ ਦੁਆਰਾ ਹੋਰਨਾਂ ਦੇ ਧਰਮ, ਧਾਰਮਿਕ ਚਿੰਨ੍ਹਾਂ, ਧਾਰਮਿਕ ਅਜ਼ਾਦੀ ਤੇ ਮਨੁੱਖੀ ਹੱਕਾਂ ਦੀ ਰਾਖੀ ਲਈ ਦਿੱਤੀ ਗਈ ਸ਼ਹਾਦਤ ਕਾਰਨ ਹੀ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ "ਧਰਮ ਦੀ ਚਾਦਰ"ਕਿਹਾ ਜਾਂਦਾ ਹੈ। –0–

# ਭਗਤ ਬਰਾਬਰਿ ਅਉਰੁ ਨ ਕੋਇ

**–ਦਿਨੇਸ਼ ਸਿੰਘ (ਐਲ ਐਲ ਐਮ)**

ਪੰਜਾਬ ਵਿਚ ਬ੍ਰਾਹਮਣਵਾਦੀਆਂ ਅਤੇ ਉਨ੍ਹਾਂ ਦੇ ਗੁਲਾਮਾਂ ਨੇ ਗਲਤ ਪ੍ਰਚਾਰ ਕੀਤਾ ਹੈ ਕਿ ਸਿਖ ਭਗਤ ਰਵਿਦਾਸ ਸਾਹਿਬ ਨੂੰ ਭਗਤ ਕਹਿੰਦੇ ਹਨ।ਅਤੇ ਗੁਰੂ ਸਾਹਿਬਾਨ ਨੂੰ ਗੁਰੂ ਕਹਿੰਦੇ ਹਨ।ਪੰਜਾਬ ਦੇ ਉਹ ਰਵਿਦਾਸੀਏ ਇਸ ਗਲ ਦਾ ਗਲਤ ਪ੍ਰਚਾਰ ਜ਼ਿਆਦਾ ਕਰ ਰਹੇ ਹਨ ਜੋ ਭੋਲੇ ਭਾਲੇ ਹਨ।ਭੋਲੇ ਭਾਲੇ ਲੋਕ ਸ਼ਾਤਰ ਲੋਕਾਂ ਦੇ ਗਲਤ ਪ੍ਰਚਾਰ ਵਿਚ ਫਸ ਜਾਂਦੇ ਹਨ।ਉਨ੍ਹਾਂ ਦਾ ਸਿਧਾ ਆਰੋਪ ਇਹ ਹੁੰਦਾ ਹੈ ਕਿ ਜਟ ਸਾਡੇ ਸਤਿਗੁਰੂ ਰਵਿਦਾਸ ਸਾਹਿਬ ਨੂੰ ਭਗਤ ਕਹਿੰਦੇ ਹਨ।ਉਨ੍ਹਾਂ ਦਾ ਇਹ ਆਰੋਪ ਨਿਰਾਧਾਰ ਅਤੇ ਸਰਾਸਰ ਗਲਤ ਹੈ, ਕਿਉਂਕਿ ਜਟ ਭਗਤ ਧੰਨਾ ਸਾਹਿਬ ਨੂੰ ਵੀ ਗੁਰੂ ਨਹੀਂ ਭਗਤ ਹੀ ਕਹਿੰਦੇ ਹਨ।ਦਰ ਅਸਲ ਭਗਤ ਸ਼ਬਦ ਬੜਾ ਉਚਾ ਸ਼ਬਦ ਹੈ।ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ 6 ਗੁਰੂ ਸਾਹਿਬਾਨ ਦੀ ਬਾਣੀ ਦਰਜ ਹੈ।ਗੁਰੂ ਸਾਹਿਬਾਨ ਦੀ ਬਾਣੀ ਪੜਦੇ ਹਾਂ ਤਾਂ ਗੁਰੂ ਸਾਹਿਬਾਨ ਅਕਾਲ ਪੁਰਖ ਅਗੇ ਅਰਦਾਸ ਕਰਦੇ ਹਨ ਕਿ– ਹੇ ਵਾਹਿਗੁਰੂ! ਮੈਨੂੰ ਆਪਣੇ ਭਗਤਾਂ ਦੇ ਚਰਨਾਂ ਦੀ ਧੂੜ ਬਖਸ਼ੋ।ਹੇ ਅਕਾਲ ਪੁਰਖ! ਮੈਨੂੰ ਤੂੰ ਆਪਣੇ ਭਗਤਾਂ ਦਾ ਦਾਸ ਬਣਾ ਦੇ।ਹੇ ਅਕਾਲ ਪੁਰਖ! ਤੂੰ ਮੈਨੂੰ ਆਪਣੀ ਭਗਤੀ ਦੀ ਦਾਤ ਦੇਵੋ।ਜੇ ਗੁਰੂ ਸਾਹਿਬਾਨ ਪਰਮਾਤਮਾ ਦੇ ਭਗਤਾਂ ਵਾਸਤੇ ਐਸਾ ਬੋਲਦੇ ਹਨ ਤਾਂ ਭਗਤਾਂ ਦਾ ਦਰਜਾ ਗੁਰੂ ਤੋਂ ਛੋਟਾ ਕਿਵੇਂ ਹੋ ਗਿਆ। ਚਰਨਾਂ ਦੀ ਧੂੜ ਤਾਂ ਉਸੇ ਦੀ ਮੰਗੀ ਜਾਂਦੀ ਹੈ ਜੋ ਪੂਜਨੀਕ ਹੋਵੇ, ਸਤਿਕਾਰ ਦੇ ਯੋਗ ਹੋਵੇ, ਮਹਾਨ ਹੋਵੇ, ਜਿਤਨੇ ਵੀ ਗੁਰੂ ਸਾਹਿਬਾਨ ਹਨ, ਉਹ ਵੀ ਪਰਮਾਤਮਾ ਦੇ ਸਚੇ ਭਗਤ ਹਨ।ਉਹ ਪਰਮਾਤਮਾ ਦੇ ਭਗਤ ਪਹਿਲੇ ਹਨ ਤੇ ਗੁਰੂ ਬਾਦ ਵਿਚ।ਕਿਸੇ ਵੀ ਗੁਰੂ ਸਾਹਿਬਾਨ ਨੇ ਦੇਹਧਾਰੀ ਗੁਰੂ ਨੂੰ ਗੁਰੂ ਨਹੀਂ ਮੰਨਿਆ ਹੈ। ਗੁਰੂ ਸਾਹਿਬਾਨ ਆਪਣਾ ਗੁਰੂ ਸ਼ਬਦ ਨੂੰ ਮੰਨਦੇ ਹਨ। ਸਬਦੁ ਗੁਰੂ ਸੁਰਤਿ ਧੁਨਿ ਚੇਲਾ॥(943)ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਜਿਤਨੇ ਵੀ ਮਹਾਪੁਰਸ਼ਾਂ ਦੀ ਬਾਣੀ ਦਰਜ ਹੈ, ਉਹ ਗੁਰਬਾਣੀ ਹੈ।ਜਿਨ੍ਹਾਂ ਨੇ ਵੀ ਇਹ ਬਾਣੀ ਉਚਾਰੀ ਹੈ ਉਹ ਸਾਰੇ ਪਰਮਾਤਮਾ ਨਾਲ ਮਿਲੇ ਹੋਏ ਪਰਮਾਤਮਾ ਦੇ ਸਚੇ ਭਗਤ ਹਨ।ਭਗਤ ਰਵਿਦਾਸ ਜੀ ਕਹਿੰਦੇ ਹਨ ਕਿ:ਪੰਡਿਤ ਸੂਰ ਛਤ੍ਰਪਤਿ ਰਾਜਾ ਭਗਤ ਬਰਾਬਰਿ ਅਉਰੁ ਨ ਕੋਇ॥(858)(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਕ 858 ਤੇ ਭਗਤ ਰਵਿਦਾਸ ਜੀ ਦੀ ਬਾਣੀ)ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਕ 1394 ਤੇ ਗੁਰੂ ਅਮਰਦਾਸ ਜੀ ਨੂੰ ਸਵਈਏ ਮਹਲੇ ਤੀਜੇ ਕੇ ਵਿਚ ਭਟ ਜਲ੍ਹ ਜੀ ਨੇ ਭਗਤ ਕਿਹਾ ਹੈ:ਤੈ ਲੋਭੁ ਕ੍ਰੋਧੁ ਤ੍ਰਿਸਨਾ ਤਜੀ ਸੁ ਮਤਿ ਜਲ੍ਹ ਜਾਣੀ ਜੁਗਤਿ॥ਗੁਰੁ ਅਮਰਦਾਸੁ ਨਿਜ ਭਗਤੁ ਹੈ ਦੇਖਿ ਦਰਸੁ ਪਾਵਉ ਮੁਕਤਿ॥(1394)ਇਸੇ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਕ 1407 ਉਤੇ ਸਵਈਏ ਮਹਲੇ ਪੰਜਵੇਂ ਕੇ "ਵਿਚ ਭਟ ਕਲ੍ਹ ਜੀ ਨੇ ਗੁਰੂ ਅਰਜਨ ਸਾਹਿਬ ਜੀ ਨੂੰ ਭਗਤ ਕਿਹਾ ਹੈ:ਗੁਰ ਨਾਨਕ ਅੰਗਦ ਅਮਰ ਲਾਗਿ ਉਤਮ ਪਦੁ ਪਾਯਉ॥ਗੁਰੁ ਅਰਜੁਨੁ ਘਰਿ ਗੁਰ ਰਾਮਦਾਸ ਭਗਤ ਉਤਰਿ ਆਯਉ॥(1407) ਗੁਰੂ ਰਾਮਦਾਸ ਜੀ ਦੇ ਘਰ ਗੁਰੂ ਅਰਜਨ ਸਾਹਿਬ ਜੀ ਦਾ ਜਨਮ ਭਗਤ ਦੇ ਰੂਪ ਵਿਚ ਹੋਇਆ।ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਕ 1385 ਤੇ ਜਨੁ ਨਾਨਕੁ ਭਗਤੁ ਦਰਿ ਤੁਲਿ ਬ੍ਰਹਮ ਸਮਸਰਿ ਏਕ ਜੀਹ ਕਿਆ ਬਖਾਨੈ॥(1385)ਸਵਯੇ ਸ੍ਰੀ ਮੁਖਬਾਕ ਮਹਲਾ 5 ਵਿਚ ਗੁਰੂ ਸਾਹਿਬ ਕਹਿੰਦੇ ਹਨ– ਹਰੀ ਦਾ ਭਗਤ, ਸੇਵਕ ਗੁਰੂ ਨਾਨਕ ਹਰੀ ਦੇ ਦਰ ਤੇ ਪਰਵਾਨ ਹੋਇਆ ਹੈ ਤੇ ਹਰੀ ਵਰਗਾ ਹੈ। ਮੇਰੀ ਇਕ ਜੀਭ ਉਸ ਗੁਰੂ ਨਾਨਕ ਦੇ ਕੀ ਗੁਣ ਕਥਨ ਕਰ ਸਕਦੀ ਹੈ।

–0–

350 ਸਾਲਾ ਸ਼ਤਾਬਦੀ 'ਤੇ ਵਿਸ਼ੇਸ਼

# ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਅਤੇ ਪ੍ਰਭਾਵ

**ਰਣਜੀਤ ਸਿੰਘ # 99155-15436**

ਸ਼ਹੀਦ ਅਰਬੀ ਭਾਸ਼ਾ ਦਾ ਸ਼ਬਦ ਹੈ ਜਿਸ ਦੇ ਅਰਥ ਹਨ ਗਵਾਹੀ ਦੇਣਾ ਜਾਂ ਗਵਾਹ। ਇਸ ਸ਼ਬਦ ਦੀ ਵਰਤੋਂ ਕੁਰਾਨ ਸ਼ਰੀਫ ਵਿੱਚ ਵੀ ਆਈ ਹੈ। ਕੁਰਾਨ ਸ਼ਰੀਫ ਵਿੱਚ ਸ਼ਬਦ ਸ਼ੁਹਦਾ ਅਤੇ ਸ਼ਾਹਿਦ ਵਰਤੇ ਗਏ ਹਨ, ਜਿੰਨ੍ਹਾਂ ਦਾ ਭਾਵ ਅੱਖੀਂ ਦੇਖ ਕੇ ਗਵਾਹੀ ਦੇਣਾ ਹੈ। ਯਹੂਦੀ ਧਰਮ ਵਿੱਚ ਸ਼ਹੀਦ ਉਸ ਨੂੰ ਕਿਹਾ ਜਾਂਦਾ ਹੈ ਜੋ ਲੋਕ ਦੁਖ ਤਾਂ ਸਹਿ ਲੈਂਦੇ ਹਨ ਪਰ ਸਿਧਾਂਤਾਂ ਤੋਂ ਮੂੰਹ ਨਹੀਂ ਮੋੜਦੇ। ਚੀਨ ਦੇ ਇਤਿਹਾਸ ਵਿੱਚ ਨੇਕੀ ਦੀ ਖਾਤਰ ਦਿੱਤੀ ਗਈ ਕੁਰਬਾਨੀ ਨੂੰ ਸ਼ਹੀਦੀ ਦਾ ਨਾਂ ਦਿੱਤਾ ਗਿਆ ਹੈ। ਈਸਾਈ ਮੱਤ ਅਨੁਸਾਰ ਈਸਾਈ ਧਰਮ ਵਿੱਚ ਵਿਸ਼ਵਾਸ ਰੱਖਦਿਆਂ ਕੁਰਬਾਨ ਹੋਣ ਵਾਲਾ ਸ਼ਹੀਦ ਹੈ। ਇਰਾਨੀ ਪਰੰਪਰਾ ਅਨੁਸਾਰ ਧਰਮ ਲਈ ਆਪਾ ਕੁਰਬਾਨ ਕਰਨ ਵਾਲੇ ਨੂੰ ਸ਼ਹੀਦ ਕਿਹਾ ਜਾਂਦਾ ਹੈ। ਜਪਾਨ ਦੇ ਇਤਿਹਾਸ ਵਿੱਚ ਸ਼ਹੀਦ ਉਸ ਨੂੰ ਕਿਹਾ ਗਿਆ ਹੈ ਜੋ ਆਪਣੀ ਕੌਮ ਅਤੇ ਦੇਸ਼ ਲਈ ਕੁਰਬਾਨੀ ਦੇਵੇ।

ਗੁਰਮਤਿ ਵਿੱਚ ਸ਼ਹੀਦ ਉਹ ਹਨ ਜੋ ਧਰਮ, ਦੇਸ਼ ਅਤੇ ਕੌਮ ਦੇ ਸੱਚੇ ਸੁੱਚੇ ਆਦਰਸ਼ਾਂ ਲਈ ਸ਼ਾਤਮਈ ਰਹਿ ਕੇ ਕੁਰਬਾਨੀ ਦਿੰਦੇ ਹਨ। ਹਰ ਪ੍ਰਕਾਰ ਦੇ ਦੁੱਖ ਤੇ ਤਕਲੀਫਾਂ ਸਿਦਕ ਨਾਲ ਝੱਲਦੇ ਹਨ। ਸ਼ਹੀਦ ਉਹ ਵੀ ਹਨ ਜੋ ਮੈਦਾਨੇ-ਜੰਗ ਵਿੱਚ ਜ਼ੁਲਮ ਤੇ ਜ਼ਾਲਮ ਨਾਲ ਟੱਕਰ ਲੈਂਦੇ ਹੋਏ ਆਪਣੇ ਜੀਵਨ ਦੀ ਅਹੂਤੀ ਦੇ ਦਿੰਦੇ ਹਨ।

ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਸਮੇਂ ਹਿੰਦੋਸਤਾਨ ਵਿੱਚ ਔਰੰਗਜ਼ੇਬ ਦਾ ਰਾਜ ਸੀ। ਇਸ ਦਾ ਪੂਰਾ ਨਾਂ ਅਬੂਜਫਰ ਮੁਹੀਉਦੀਨ ਮੁਹੰਮਦ ਔਰੰਗਜ਼ੇਬ ਸੀ, ਜਿਸ ਦਾ ਜਨਮ ਬੇਗਮ ਅਰਜ਼ਮੰਦ ਬਾਨੋ ਦੀ ਕੁੱਖ ਤੋਂ ਮਹਾਂਰਾਸ਼ਟਰ ਦੇ ਨਗਰ ਦੋਹਦ ਵਿਖੇ 3 ਨਵੰਬਰ 1618 ਨੂੰ ਹੋਇਆ। ਲੱਗਭੱਗ 90 ਸਾਲ ਦੀ ਉਮਰ ਭੋਗ ਕੇ 21 ਫਰਵਰੀ 1707 ਨੂੰ ਇਸ ਦੀ ਮੌਤ ਅਹਿਮਦ ਨਗਰ ਦੱਖਣ ਵਿੱਚ ਹੋਈ। ਇਸ ਨੇ ਲੱਗਭੱਗ 50 ਸਾਲ ਰਾਜ ਕੀਤਾ। ਰਾਜ ਪ੍ਰਾਪਤ ਕਰਨ ਲਈ ਇਸ ਨੇ ਆਪਣੇ ਪਿਤਾ ਸ਼ਾਹਜਹਾਨ ਅਤੇ ਭਰਾਵਾਂ ਦਾਰਾ, ਮੁਰਾਦ ਅਤੇ ਸ਼ਾਹ ਸੁਜਾਹ ਨੂੰ ਹੀ ਕਤਲ ਨਹੀਂ ਕਰਵਾਇਆ ਸਗੋਂ ਆਪਣੇ ਪੁੱਤਰ ਸੁਲਤਾਨ ਮੁਹੰਮਦ ਨੂੰ ਵੀ ਜੇਲ੍ਹ ਵਿੱਚ ਪਾ ਕੇ ਮਾਰਿਆ।

ਤਖ਼ਤ ਪ੍ਰਾਪਤ ਕਰਨ ਉਪਰੰਤ ਇਸ ਨੇ ਹਿੰਦੂ ਮੰਦਰਾਂ ਅਤੇ ਪਾਠਸ਼ਾਲਾਵਾਂ ਦੀ ਉਸਾਰੀ ਤੇ ਰੋਕ ਲਾ ਦਿੱਤੀ। ਸੰਗੀਤ, ਰਾਗ, ਨਾਚ ਉਤੇ ਪੂਰਨ ਤੌਰ ਤੇ ਪਾਬੰਦੀ ਲਾ ਦਿੱਤੀ। ਇਸ ਉਪਰੰਤ ਹਿੰਦੂਆਂ ਉਤੇ ਟੈਕਸ ਦੀ ਰਾਸ਼ੀ ਦੁੱਗਣੀ ਕਰ ਦਿੱਤੀ। ਸਰਕਾਰੀ ਨੌਕਰੀਆਂ ਵਿੱਚ ਹਿੰਦੂਆਂ ਦੀ ਗਿਣਤੀ ਘਟਾ ਦਿੱਤੀ।

ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦਾ ਮੁੱਖ ਕਾਰਨ ਔਰੰਗਜੇਬ ਦੀ ਤੁਅਸਬੀ ਨੀਤੀ ਸੀ। ਇਸ ਨੀਤੀ ਦਾ ਸ਼ਿਕਾਰ ਸਾਰਾ ਹਿੰਦੋਸਤਾਨ ਹੋਇਆ ਤੇ ਖ਼ਾਸ ਕਰਕੇ ਕਸ਼ਮੀਰ ਨੂੰ ਉਸ ਨੇ ਨਿਸ਼ਾਨਾ ਬਣਾਇਆ। ਕਸ਼ਮੀਰ ਨੂੰ ਨਿਸ਼ਾਨਾ ਬਨਾਉਣ ਦਾ ਕਾਰਨ ਮੈਕਾਲਫ਼ ਲਿਖਦਾ ਹੈ ਕਿ ਕਸ਼ਮੀਰੀ ਪੰਡਤ ਵਿਦਵਾਨ ਅਤੇ ਪ੍ਰਸਿੱਧ ਸਨ। ਔਰੰਗਜ਼ੇਬ ਦੀ ਸੋਚ ਸੀ ਕਿ ਜੇਕਰ ਕਸ਼ਮੀਰੀ ਪੰਡਤ ਮੁਸਲਮਾਨ ਬਣ ਜਾਣ ਤਾਂ ਬਾਕੀ ਅਨਪੜ ਤੇ ਮੂੜ ਜੰਤਾ ਨੂੰ ਇਸਲਾਮ ਵਿੱਚ ਲਿਆਉਣਾ ਸੌਖਾ ਹੋ ਜਾਵੇਗਾ। ਇਸ ਮਕਸਦ ਨੂੰ ਪੂਰਾ ਕਰਨ ਲਈ ਔਰੰਗਜ਼ੇਬ ਨੇ ਇਫਤਾਰ ਖ਼ਾਨ ਨੂੰ ਸ਼ੇਰ ਅਫਗਾਨ ਦਾ ਖਿਤਾਬ ਦੇ ਕੇ ਸਤੰਬਰ 1671 ਵਿੱਚ ਕਸ਼ਮੀਰ ਦਾ ਗਵਰਨਰ ਥਾਪ ਦਿੱਤਾ ਅਤੇ ਖ਼ਾਸ ਹਦਾਇਤਾਂ ਦਿੱਤੀਆਂ ਕਿ ਕਸ਼ਮੀਰੀ ਪੰਡਤਾਂ ਤੇ ਜ਼ੁਲਮ ਢਾਹ ਕੇ, ਪ੍ਰੇਰ ਕੇ ਜਾਂ ਲਾਲਚ ਦੇ ਕੇ ਉਹਨਾਂ ਨੂੰ ਇਸਲਾਮ ਦੇ ਦਾਇਰੇ ਵਿੱਚ ਲਿਆਂਦਾ ਜਾਵੇ।

**ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਉਪਰੰਤ ਕਿਸੇ ਅਣਗਹਿਲੀ ਕਾਰਨ ਇਹੀ ਪ੍ਰਚਾਰ ਹੁੰਦਾ ਰਿਹਾ ਕਿ ਸ਼ਹਾਦਤ ਤੋਂ ਬਾਅਦ ਸਾਰੇ ਪਾਸੇ ਚੁੱਪ ਵਰਤ ਗਈ ਸਿੱਖ ਭੈ ਭੀਤ ਹੋ ਗਏ। ਇਹ ਕਥਨੀ ਸੌ ਪ੍ਰਤੀਸ਼ਤ ਬੇਬੁਨਿਆਦ ਅਤੇ ਕੋਰਾ ਝੂਠ ਹੈ। ਜੁਲਾਈ 1676 ਤੋਂ ਫਰਵਰੀ 1677 ਤੱਕ ਵਾਪਰਨ ਵਾਲੀਆਂ ਘਟਨਾਵਾਂ ਹੀ ਦੱਸਦੀਆਂ ਹਨ ਕਿ ਸਿੱਖਾਂ ਵਿੱਚ ਇਸ ਸ਼ਹਾਦਤ ਦਾ ਬਦਲਾ ਲੈਣ ਲਈ ਕਿੰਨਾ ਉਤਸ਼ਾਹ ਤੇ ਅਥਾਹ ਬਲ ਪੈਦਾ ਹੋ ਗਿਆ ਸੀ।**

ਸ਼ੇਰ ਅਫਗਾਨ ਨੇ ਜਦ ਦੇਖਿਆ ਕਿ ਪ੍ਰੇਰਣਾ ਜਾਂ ਲਾਲਚ ਰਾਹੀਂ ਉਹ ਸਫਲ ਨਹੀਂ ਹੋ ਸਕਿਆ ਤਾਂ ਉਸ ਨੇ ਸਖਤੀ ਦਾ ਦੌਰ ਸ਼ੁਰੂ ਕਰ ਦਿੱਤਾ। ਉਸ ਦੇ ਜ਼ੁਲਮਾਂ ਅਤੇ ਅੱਤਿਆਚਾਰਾਂ ਤੋਂ ਹਿੰਦੂ ਕੌਮ ਦੇ ਬਚਨ ਦਾ ਕੋਈ ਹੱਲ ਨਾ ਮਿਲਣ ਦੀ ਸੂਰਤ ਵਿੱਚ ਪੰਡਿਤ ਕਿਰਪਾ ਰਾਮ ਨੇ ਕੁਰਕਸ਼ੇਤਰ, ਮਥੁਰਾ ਅਤੇ ਹਰਿਦੁਆਰ ਆਦਿਕ ਪ੍ਰਸਿੱਧ ਨਗਰਾਂ ਦੇ 16 ਪ੍ਰਮੁੱਖ ਪੰਡਤਾਂ ਦਾ ਇੱਕ ਵਫਦ ਬਣਾਇਆ ਅਤੇ 25 ਮਈ 1675 ਨੂੰ ਗੁਰੂ ਤੇਗ ਬਹਾਦਰ ਸਾਹਿਬ ਦੇ ਦਰਬਾਰ ਵਿੱਚ ਅਨੰਦਪੁਰ ਸਾਹਿਬ ਹਾਜ਼ਰ ਹੋਇਆ।



ਪੰਡਤ ਕਿਰਪਾ ਰਾਮ ਆਪਣੇ ਸਮੇਂ ਦਾ ਸਿਰਕੱਢ ਵਿਦਵਾਨ ਸੀ ਅਤੇ ਇਹ ਪੰਡਤ ਬ੍ਰਹਮਦਾਸ ਜਿਸ ਦਾ ਗੁਰੂ ਨਾਨਕ ਸਾਹਿਬ ਜੀ ਨੇ ਕਸ਼ਮੀਰ ਦੇ ਇਲਾਕੇ ਮਟਨ ਵਿੱਚ ਵਿੱਦਿਆ ਦਾ ਹੰਕਾਰ ਤੋੜ ਕੇ ਪ੍ਰਭੂ ਨਾਲ ਜੋੜਿਆ ਸੀ, ਦੇ ਖਾਨਦਾਨ ਵਿੱਚੋਂ ਸੀ। ਪੰਡਤ ਬ੍ਰਹਮਦਾਸ ਦਾ ਪੁੱਤਰ ਨਰਾਇਣ ਦਾਸ ਤੇ ਪੋਤਾ ਅੜੂ ਰਾਮ ਸੀ। ਇਤਿਹਾਸ ਦੱਸਦਾ ਹੈ ਕਿ ਅੜੂ ਰਾਮ ਦੇ ਘਰ ਪੰਡਤ ਕਿਰਪਾ ਰਾਮ ਨੇ ਜਨਮ ਲਿਆ। ਮਟਨ ਨਗਰ ਦੇ ਇਸ ਪੰਡਤ ਨੇ ਭਾਰਤ ਦੇ ਕਈ ਇਲਾਕਿਆਂ ਦਾ ਦੌਰਾ ਕੀਤਾ ਅਤੇ ਕਈ ਵਾਰ ਇਸ ਨੇ ਗੁਰੂ ਤੇਗ ਬਹਾਦਰ ਜੀ ਦੇ ਦਰਬਾਰ ਵਿੱਚ ਵੀ ਹਾਜ਼ਰੀ ਭਰੀ। ਭਾਈ ਚੌਪਾ ਸਿੰਘ ਜੀ ਦੇ ਮੁਤਾਬਕ ਪੰਡਤ ਕਿਰਪਾ ਰਾਮ ਬਾਲ ਗੋਬਿੰਦ ਰਾਏ ਜੀ ਨੂੰ ਸੰਸਕ੍ਰਿਤ ਦੀ ਵਿੱਦਿਆ ਵੀ ਦਿੰਦਾ ਰਿਹਾ ਸੀ। ਭੱਟ ਵਹੀਆਂ ਅਤੇ ਕੇਸਰ ਸਿੰਘ ਛਿੱਬਰ ਦੀਆਂ ਲਿਖਤਾਂ ਤੋਂ ਪਤਾ ਲੱਗਦਾ ਹੈ ਕਿ ਦਸਮੇਸ਼ ਪਿਤਾ ਜੀ ਦੇ ਸਮੇਂ ਪੰਡਤ ਕਿਰਪਾ ਰਾਮ ਅੰਮ੍ਰਿਤ ਛੱਕ ਕੇ ਸਿੱਖੀ ਦੇ ਦਾਇਰੇ ਵਿੱਚ ਆ ਗਿਆ ਸੀ ਅਤੇ ਚਮਕੌਰ ਦੀ ਜੰਗ ਵਿੱਚ ਇਸ ਨੇ ਮੁਗਲ ਫੌਜ ਤੇ ਪਹਾੜੀ ਰਾਜਿਆਂ ਨਾਲ ਲੜਦਿਆਂ ਸ਼ਹੀਦੀ ਪ੍ਰਾਪਤ ਕੀਤੀ ਸੀ।

ਪੰਡਤ ਕਿਰਪਾ ਰਾਮ ਅਤੇ ਉਸ ਦੇ ਵਫਦ ਦੇ ਪੰਡਿਤ ਉਚ ਕੋਟੀ ਦੇ ਵਿਦਵਾਨ ਸਨ। ਉਹ ਮੁਲਕ ਦੇ ਰਾਜਸੀ ਹਾਲਾਤ ਅਤੇ ਹਿੰਦੂ ਸਮਾਜ ਦੀਆਂ ਕਮਜ਼ੋਰੀਆਂ ਤੋਂ ਭਲੀਭਾਂਤ ਜਾਣੂ ਸਨ। ਉਹਨਾਂ ਨੂੰ ਇਸ ਗੱਲ ਦਾ ਨਿਸ਼ਚਾ ਸੀ

ਕਿ ਮੁਗਲ ਹਾਕਮਾਂ ਵੱਲੋਂ ਢਾਹੇ ਜਾਣ ਵਾਲੇ ਜ਼ੁਲਮਾਂ ਤੋਂ ਹਿੰਦੂ ਸਮਾਜ ਨੂੰ ਰਾਜਪੂਤਾਂ ਜਾਂ ਮਰਹੱਟਿਆਂ ਵਿੱਚੋਂ ਕੋਈ ਵੀ ਨਹੀਂ ਬਚਾ ਸਕਦਾ। ਪੰਡਤ ਕਿਰਪਾ ਰਾਮ ਜਾਤੀ ਤੌਰ ਤੇ ਗੁਰੂ ਤੇਗ ਬਹਾਦਰ ਜੀ ਦੀ ਮਹਾਨ ਸ਼ਖ਼ਸ਼ੀਅਤ ਅਤੇ ਉਹਨਾਂ ਦੀ ਧਾਰਮਿਕ ਮਜ਼ਬੂਤੀ, ਦ੍ਰਿੜਤਾ ਅਤੇ ਦਲੇਰੀ ਤੋਂ ਭਲੀਭਾਂਤ ਵਾਕਫ਼ ਸੀ। ਇਸ ਲਈ ਉਹ ਵਫਦ ਸਮੇਤ ਗੁਰੂ ਤੇਗ ਬਹਾਦਰ ਸਾਹਿਬ ਦੇ ਦਰਬਾਰ ਵਿੱਚ ਹਾਜ਼ਰ ਹੋਇਆ। ਦਰਬਾਰ ਵਿੱਚ ਹੀ ਉਸ ਨੇ ਹਾਕਮਾਂ ਵੱਲੋਂ ਢਾਹੇ ਜਾ ਰਹੇ ਇੰਤਹਾ ਦਰਜੇ ਦੇ ਜ਼ੁਲਮਾਂ ਦੀ ਦਰਦਨਾਕ ਵਿੱਥਿਆ ਸੁਣਾਈ। ਸਰਕਾਰ ਵੱਲੋਂ ਜਬਰਦਸਤੀ ਮੁਸਲਮਾਨ ਬਨਾਉਣ ਅਤੇ ਇਸਲਾਮ ਨਾ ਕਬੂਲਣ ਦੀ ਸੂਰਤ ਵਿੱਚ ਕੀਤੇ ਜਾ ਰਹੇ ਜ਼ੁਲਮ ਅਤੇ ਕਤਲੇਆਮ ਦਾ ਵੇਰਵਾ ਵਿਸਥਾਰ ਸਹਿਤ ਦੱਸਿਆ। ਇਹ ਸਭ ਕੁੱਝ ਸੁਣ ਕੇ ਦਰਬਾਰ ਵਿੱਚ ਬੈਠੀਆਂ ਸੰਗਤਾਂ ਬਹੁਤ ਵਿਆਕੁਲ ਹੋ ਉਠੀਆਂ। ਇਤਿਹਾਸ ਗਵਾਹ ਹੈ ਕਿ ਸਾਹਿਬਜ਼ਾਦਾ ਗੋਬਿੰਦ ਰਾਏ ਜੋ ਉਸ ਸਮੇਂ ਕੇਵਲ ਨੌਂ ਸਾਲ ਦੇ ਹੀ ਸਨ, ਬਾਹਰੋਂ ਆ ਕੇ ਦਰਬਾਰ ਵਿੱਚ ਦਾਖਲ ਹੋਏ ਉਹਨਾਂ ਨੂੰ ਸਾਰੀ ਦਰਦ ਭਰੀ ਵਿੱਥਿਆ ਦਾ ਪਤਾ ਲੱਗਾ ਤਾਂ ਆਪ ਨੇ ਆਪਣੇ ਪਿਤਾ ਜੀ ਨੂੰ ਪੁੱਛਿਆ ਕਿ ਇਹਨਾਂ ਦੁਖਿਆਰਿਆਂ ਦੀ ਮੱਦਦ ਲਈ ਕੀ ਕੀਤਾ ਜਾ ਸਕਦਾ ਹੈ? ਪਿਤਾ ਗੁਰੂ ਤੇਗ ਬਹਾਦਰ ਜੀ ਨੇ ਸਾਹਿਬਜ਼ਾਦੇ ਅਤੇ ਸਾਰੀ ਸੰਗਤ ਨੂੰ ਸੰਬੋਧਨ ਕਰਦੇ ਕਿਹਾ ਕਿ ਇਹਨਾਂ ਦੀ ਮੱਦਦ ਲਈ ਕਿਸੇ ਉਚ ਆਤਮਾ ਵਾਲੇ ਮਹਾਪੁਰਸ਼ ਦੀ ਕੁਰਬਾਨੀ ਦੀ ਲੋੜ ਹੈ। ਇਹ ਸੁਣ ਕੇ ਸਾਹਿਬਜ਼ਾਦਾ ਗੋਬਿੰਦ ਰਾਏ ਨੇ ਇੱਕ ਦਮ ਜੁਆਬ ਦਿੱਤਾ ਕਿ ਪਿਤਾ ਜੀ ਆਪ ਤੋਂ ਵੱਡਾ ਹੋਰ ਮਹਾਂਪੁਰਸ਼ ਕੌਣ ਹੋ ਸਕਦਾ ਹੈ? ਇਹ ਸ਼ਬਦ ਸੁਣ ਕੇ ਕੁੱਝ ਵੱਡੀ ਉਮਰ ਦੇ ਸ਼ਰਧਾਵਾਨ ਸਿੱਖ ਠਠਬੰਰ ਗਏ ਅਤੇ ਸਾਹਿਬਜ਼ਾਦੇ ਨੂੰ ਪੁੱਛਣ ਲੱਗੇ ਕਿ ਤੁਹਾਨੂੰ ਆਪਣੀ ਕਹੀ ਹੋਈ ਗੱਲ ਦਾ ਅਰਥ ਪਤਾ ਹੈ। ਪਿਤਾ ਦੀ ਕੁਰਬਾਨੀ ਨਾਲ ਤੁਸੀਂ ਯਤੀਮ ਹੋ ਜਾਉਗੇ। ਅਜੇ ਤੁਸੀਂ ਬਚਪਨ ਵਿੱਚ ਹੋ। ਤੁਹਾਡੀ ਪਾਲਣਾ ਪੋਸ਼ਣਾ ਕਿਵੇਂ ਹੋਵੇਗੀ। ਇਹ ਸੁਣ ਕੇ ਜੋ ਸਾਹਸ ਭਰਿਆ ਜੁਆਬ ਸਾਹਿਬਜ਼ਾਦਾ ਜੀ ਨੇ ਦਿੱਤਾ ਉਸ ਨੂੰ ਸਮਕਾਲੀ ਕਵੀ ਨੇ ਇਸ ਤਰ੍ਹਾਂ ਬਿਆਨ ਕੀਤਾ ਹੈ ।

ਜਬ ਹੋਤੇ ਉਦਰ ਮੇ ਮਾਤ ਕੇ, ਕਰੇ ਰਖਵਾਰੀ ਜੋਇ॥
ਅਬ ਤੋ ਭਏ ਕਈ ਸਾਲ ਕੇ, ਕਿਉਂ ਨਾ ਸਹਾਈ ਹੋਏ॥

ਇਹ ਸੁਣ ਕੇ ਗੁਰੂ ਸਾਹਿਬ ਨੇ ਸਾਹਿਬਜਾਦਾ ਗੋਬਿੰਦ ਰਾਏ ਨੂੰ ਸ਼ਾਬਾਸ਼ ਦਿੱਤੀ ਅਤੇ ਸੰਗਤਾਂ ਨੂੰ ਗੁਰਗੱਦੀ ਦੇ ਅਗਲੇ ਹੋਣ ਵਾਲੇ ਵਾਰਸ ਦੇ ਧੀਰਜ ਅਤੇ ਕੁਰਬਾਨੀ ਦੇ ਜਜਬੇ ਦੇ ਦੀਦਾਰ ਵੀ ਕਰਵਾ ਦਿੱਤੇ। ਗੁਰੂ ਸਾਹਿਬ ਨੇ ਉਸੇ ਵੇਲੇ ਪੰਡਿਤਾਂ ਨੂੰ ਕਹਿ ਦਿੱਤਾ ਕਿ ਬਾਦਸ਼ਾਹ ਤੱਕ ਇਹ ਸੁਨੇਹਾ ਪਹੁੰਚਾ ਦਿਓ ਕਿ ਜੇ ਗੁਰੂ ਤੇਗ ਬਹਾਦਰ ਜੀ ਨੂੰ ਮੁਸਲਮਾਨ ਬਣਾ ਲਵੋ ਤਾਂ ਸਾਰੀ ਹਿੰਦੂ ਕੌਮ ਇਸਲਾਮ ਧਾਰਨ ਕਰ ਲਵੇਗੀ। ਇਹ ਉਤਰ ਸੁਣ ਕੇ ਪੰਡਤਾਂ ਨੇ ਸੁੱਖ ਦਾ ਸਾਹ ਲਿਆ ਅਤੇ ਧੰਨਵਾਦ ਕਰਦੇ ਹੋਏ ਦਿੱਲੀ ਵੱਲ ਕੂਚ ਕਰਨ ਲੱਗੇ।

ਪੰਡਤਾਂ ਦੇ ਵਫਦ ਨੂੰ ਦਿੱਲੀ ਤੋਰਨ ਤੋਂ ਬਾਅਦ ਗੁਰੂ ਤੇਗ ਬਹਾਦਰ ਸਾਹਿਬ ਨੇ ਦਿੱਲੀ ਜਾਣ ਦੀ ਤਿਆਰੀ ਅਰੰਭ ਕਰ ਦਿੱਤੀ। ਸਾਹਿਬਜ਼ਾਦਾ ਗੋਬਿੰਦ ਰਾਏ ਜੀ ਨੂੰ ਗੁਰਗੱਦੀ ਦੀ ਜੁੰਮੇਵਾਰੀ ਬਾਰੇ ਦੱਸਿਆ ਅਤੇ ਆਉਣ ਵਾਲੇ ਸਮੇਂ ਦੀਆਂ ਧਾਰਮਿਕ, ਸਮਾਜਿਕ ਅਤੇ ਰਾਜਸੀ ਸਰਗਰਮੀਆਂ ਦੀ ਰੂਪ ਰੇਖਾ ਵੀ ਸਮਝਾਈ। ਦੀਰਘ ਦਰਸ਼ੀ ਸਤਿਗੁਰੂ ਜੀ ਨੇ ਲੰਬੇ ਸਮੇਂ ਤੱਕ ਚੱਲਣ ਵਾਲੀ ਤੇ ਤਿੱਖੀ ਕਿਸਮ ਦੀ ਜੱਦੋ ਜਹਿਦ ਦੇ ਸਾਰੇ ਪੱਖਾਂ ਬਾਰੇ ਵਿਸਥਾਰ ਨਾਲ ਸਾਹਿਬਜ਼ਾਦੇ ਨੂੰ ਸਮਝਾਉਂਦੇ ਹੋਏ ਅਕਾਲ ਪੁਰਖ ਦੀ ਬੰਦਗੀ ਵਿੱਚ ਰਹਿਣ ਦੀ ਸਿੱਖਿਆ ਦ੍ਰਿੜ ਕਰਵਾਈ।

ਅਜਿਹੀਆਂ ਸਿਖਿਆਵਾਂ ਦਾ ਸਾਰੀ ਸੰਗਤ ਦੇ ਸਨਮੁੱਖ ਵਿਸਥਾਰ ਕਰਦਿਆਂ ਹੋਇਆਂ ਗੁਰੂ ਤੇਗ ਬਹਾਦਰ ਜੀ ਨੇ 8 ਜੁਲਾਈ 1675 ਨੂੰ ਗੋਬਿੰਦ ਰਾਏ ਨੂੰ ਗੁਰਗੱਦੀ ਦੀ ਜਿੰਮੇਵਾਰੀ ਸੌਂਪ ਦਿੱਤੀ। ਇਹਨਾਂ ਸਾਰੀਆਂ ਸਿਖਿਆਵਾਂ ਨੂੰ ਕੇਸ਼ਵ ਭੱਟ ਨੇ ਆਪਣੀ ਕਾਵਿ ਰਚਨਾ ਵਿੱਚ ਇਸ ਤਰ੍ਹਾਂ ਬਿਆਨ ਕੀਤਾ ਹੈ–

**ਚਿਤਿ ਚਰਣ ਕੰਵਲ ਦਾ ਆਸਰਾ, ਚਿਤ ਚਰਣ ਕੰਵਲ ਸੰਗ ਜੋੜੀਏ॥**
**ਮਨ ਲੋਚੈ ਬੁਰਿਆਈਆਂ, ਗੁਰ ਸਬਦੀਂ ਇਹ ਮਨ ਹੋੜੀਏ॥**
**ਬਾਂਹਿ ਜਿੰਨ੍ਹਾਂ ਦੀ ਪਕੜੀਏ ਸਿਰ ਦੀਜੈ ਬਾਂਹਿ ਨ ਛੋੜੀਏ॥**
**ਤੇਗ ਬਹਾਦਰ ਬੋਲਿਆ, ਧਰ ਪਈਐ ਧਰਮ ਨ ਛੋੜੀਏ॥**

ਪੰਡਤਾਂ ਦਾ ਵਫਦ 25 ਮਈ 1675 ਨੂੰ ਅਨੰਦਪੁਰ ਸਾਹਿਬ ਗਿਆ ਸੀ ਪਰ ਔਰੰਗਜੇਬ ਉਸ ਤੋਂ ਕਾਫੀ ਸਮਾ ਪਹਿਲਾਂ 7 ਅਪ੍ਰੈਲ 1674 ਨੂੰ ਦਿੱਲੀ ਤੋਂ ਕੂਚ ਕਰਕੇ ਫਰੰਟੀਅਰ ਵੱਲ ਚਲਾ ਗਿਆ ਸੀ ਜਿੱਥੋਂ ਉਹ 29 ਮਾਰਚ 1676 ਨੂੰ ਦਿੱਲੀ ਵਾਪਸ ਆਇਆ। ਅਜਿਹੇ ਹਾਲਾਤ ਵਿੱਚ ਪੰਡਿਤਾਂ ਦੇ ਵਫਦ ਨੇ ਗੁਰੂ ਸਾਹਿਬ ਦਾ ਫੈਸਲਾ ਦਿੱਲੀ ਦੇ ਸੂਬੇਦਾਰ ਸਾਫੀ ਖਾਂ ਨੂੰ ਸੁਣਾਇਆ।

ਸੂਬੇਦਾਰ ਸਰਹੰਦ ਦਿਲਾਵਰ ਖਾਂ ਨੇ 25 ਮਈ 1675 ਨੂੰ ਗੁਰੂ ਤੇਗ ਬਹਾਦਰ ਸਾਹਿਬ ਵੱਲੋਂ ਲਏ ਗਏ ਫੈਸਲੇ ਬਾਰੇ ਸੂਚਨਾ ਮਿਲਦੇ ਸਾਰ ਹੀ ਰੋਪੜ ਥਾਣੇ ਦੇ ਥਾਣੇਦਾਰ ਮਿਰਜਾ ਨੂਰ ਮੁਹੰਮਦ ਖਾਂ ਨੂੰ ਗੁਰੂ ਤੇਗ ਬਹਾਦਰ ਸਾਹਿਬ ਨੂੰ ਗ੍ਰਿਫਤਾਰ ਕਰਕੇ ਸਰਹੰਦ ਲਿਆਉਣ ਦੇ ਹੁਕਮ ਜਾਰੀ ਕਰ ਦਿੱਤੇ।

8 ਜੁਲਾਈ 1675 ਨੂੰ ਸਾਹਿਬਜਾਦਾ ਗੋਬਿੰਦ ਰਾਏ ਜੀ ਦੀ ਗੁਰਗੱਦੀ ਨਸ਼ੀਨੀ ਦੀ ਰਸਮ ਪੂਰੀ ਕਰਨ ਉਪਰੰਤ ਗੁਰੂ ਸਾਹਿਬ 10 ਜੁਲਾਈ 1675 ਨੂੰ ਚੱਕ ਨਾਨਕੀ (ਅਨੰਦਪੁਰ ਸਾਹਿਬ) ਤੋਂ ਰਵਾਨਾ ਹੋ ਗਏ। ਆਪ ਦੇ ਨਾਲ ਤਿੰਨੇ ਗੁਰਸਿੱਖ ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲਾ ਜੀ ਸਨ। ਚੱਕ ਨਾਨਕੀ ਤੋਂ ਚੱਲ ਕੇ ਆਪ ਕੀਰਤਪੁਰ ਸਾਹਿਬ ਪੁੱਜੇ। ਸਿੱਖ ਸੰਗਤਾਂ ਨੂੰ ਚੜ੍ਹਦੀ ਕਲਾ ਵਿੱਚ ਰਹਿਣ ਦਾ ਉਪਦੇਸ਼ ਦਿੱਤਾ। 11 ਜੁਲਾਈ ਨੂੰ ਆਪ ਸਰਸਾ ਨਦੀ ਪਾਰ ਕਰਕੇ ਜਿਉਂ ਹੀ ਪਿੰਡ ਮਲਕਪੁਰ ਰੰਘੜਾਂ ਪਹੁੰਚੇ ਤਾਂ ਥਾਣੇਦਾਰ ਮਿਰਜ਼ਾ ਨੂਰ ਮੁਹੰਮਦ ਖਾਨ ਰੋਪੜ ਨੇ ਆਪਣੇ ਫੌਜੀ ਦਸਤੇ ਦੀ ਸਹਾਇਤਾ ਨਾਲ ਗੁਰੂ ਤੇਗ ਬਹਾਦਰ ਜੀ ਨੂੰ ਤਿੰਨਾ ਗੁਰਸਿੱਖਾਂ ਸਮੇਤ ਗ੍ਰਿਫਤਾਰ ਕਰਕੇ ਸਰਹੰਦ ਦੇ ਸੂਬੇਦਾਰ ਪਾਸ ਭੇਜ ਦਿੱਤਾ। ਇਹ ਗੁਰੂ ਸਾਹਿਬ ਦੀ ਤੀਜੀ ਗ੍ਰਿਫਤਾਰੀ ਸੀ। ਇਸ ਤੋਂ ਪਹਿਲਾਂ ਵੀ ਆਪ ਨੂੰ ਦੋ ਵਾਰ ਗ੍ਰਿਫਤਾਰ ਕੀਤਾ ਜਾ ਚੁੱਕਾ ਸੀ।

ਸ: ਮਹਿੰਦਰ ਸਿੰਘ ਜੋਸ਼ ਦੀ ਪੁਸਤਕ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਅਤੇ ਸਿੱਖ ਇਨਕਲਾਬ ਦੇ ਅਨੁਸਾਰ ਆਪ ਜੀ ਦੀ ਪਹਿਲੀ ਗ੍ਰਿਫਤਾਰੀ 8 ਨਵੰਬਰ 1665 ਨੂੰ ਮੁਖੀ ਸਿੱਖਾਂ ਭਾਈ ਮਤੀ ਦਾਸ, ਭਾਈ ਸਤੀ ਦਾਸ, ਗਵਾਲ ਦਾਸ, ਗੁਰਦਾਸ, ਸੰਗਤ ਅਤੇ ਦਿਆਲਾ ਦਾਸ ਸਮੇਤ ਉਸ ਵਕਤ ਹੋਈ ਜਦੋਂ ਗੁਰੂ ਸਾਹਿਬ ਸਿੱਖਾਂ ਨੂੰ ਧਮਧਾਨ ਵਿਖੇ ਸ਼ਸਤਰ ਵਿੱਦਿਆ ਦੇ ਅਭਿਆਸ ਕਰਵਾ ਰਹੇ ਸਨ। ਭੱਟ ਵਹੀਆਂ ਮੁਤਾਬਕ ਔਰੰਗਜੇਬ ਦੇ ਹੁਕਮ ਤੇ ਆਲਮ ਖਾਂ ਫੌਜ ਸਮੇਤ ਧਮਧਾਣ ਆ ਚੜਿਆ ਤੇ ਗੁਰੂ ਸਾਹਿਬ ਅਤੇ ਇਹਨਾਂ ਸਿੱਖਾਂ ਨੂੰ ਗ੍ਰਿਫਤਾਰ ਕਰਕੇ ਦਿੱਲੀ ਲੈ ਗਿਆ। ਉਸ ਸਮੇਂ ਗੁਰੂ ਸਾਹਿਬ ਦੇ ਸਿੱਖ ਚਉਪਤ ਰਾਏ ਤੇ ਦੀਵਾਨ ਦਰਘਾ ਮਲ, ਰਾਜਾ ਮਿਰਜਾ ਜੈ ਸਿੰਘ ਦੀ ਪਤਨੀ ਰਾਣੀ ਪੁਸ਼ਪਾ, ਜੋ ਗੁਰੂ ਦੀ ਅਤ ਦੀ ਸ਼ਰਧਾਲੂ ਸੀ, ਨੂੰ ਮਿਲੇ। ਰਾਣੀ ਨੇ ਆਪਣੇ ਪੁੱਤਰ ਰਾਜਾ ਰਾਮ ਸਿੰਘ ਨਾਲ ਗੱਲ ਕੀਤੀ ਤੇ ਉਹਨਾਂ ਦੇ ਯਤਨਾਂ ਦਾ ਸਦਕਾ ਇੱਕ ਮਹੀਨੇ ਬਾਅਦ ਗੁਰੂ ਸਾਹਿਬ ਅਤੇ ਸਿੱਖਾਂ ਦੀ ਰਿਹਾਈ ਹੋਈ।

ਦੂਜੀ ਗ੍ਰਿਫਤਾਰੀ ਆਪ ਜੀ ਦੀ ਅਪਰੈਲ 1670 ਨੂੰ ਆਗਰੇ ਵਿਖੇ ਹੋਈ। ਜਦੋਂ ਗੁਰੂ ਜੀ ਦੇ ਪੂਰਬ ਦੇਸ਼ ਵਿੱਚ ਪ੍ਰਚਾਰ ਦੀਆਂ ਖਬਰਾਂ ਦਿੱਲੀ ਦਰਬਾਰ ਵਿੱਚ ਪਹੁੰਚੀਆਂ ਤਾਂ ਔਰੰਗਜੇਬ ਨੇ ਗ੍ਰਿਫਤਾਰੀ ਦੇ ਹੁਕਮ ਦੇ ਦਿੱਤੇ। ਆਪ ਦੇ ਨਾਲ ਭਾਈ ਸਤੀ ਦਾਸ ਜੀ, ਭਾਈ ਜੇਠਾ ਜੀ ਤੇ ਦੁਰਗਾ ਜੀ ਆਦਿ ਸਿੱਖਾਂ ਨੂੰ ਸਖਤ ਪਹਿਰੇ ਹੇਠ ਦਿੱਲੀ ਲਿਆਂਦਾ ਗਿਆ। ਸੈਫ ਖਾਨ ਜੋ ਗੁਰੂ ਜੀ ਦਾ ਅਤਿ ਦਾ ਸ਼ਰਧਾਲੂ ਸੀ, ਨੇ ਆਪਣਾ ਅਸਰ ਰਸੂਖ ਵਰਤ ਕੇ ਦੋ ਮਹੀਨੇ 12 ਦਿਨਾਂ ਬਾਦ ਰਿਹਾਈ ਕਰਵਾ ਦਿੱਤੀ। ਰਿਹਾਈ ਤੋਂ ਬਾਦ ਆਪ, ਆਪਣੇ ਸਿੱਖਾਂ ਸਮੇਤ ਭਾਈ ਕਲਿਆਣੇ ਦੀ ਧਰਮਸ਼ਾਲਾ ਵਿੱਚ ਪਹੁੰਚੇ। ਇੱਥੇ ਹੀ ਰਾਜਾ ਰਾਮ ਸਿੰਘ ਦੀ ਮਾਤਾ ਪੁਸ਼ਪਾ ਰਾਣੀ ਤੇ ਉਸ ਦੀ ਨੂੰਹ ਨੇ ਗੁਰੂ ਸਾਹਿਬ ਦੇ ਦਰਸ਼ਨ ਕੀਤੇ। ਇਸ ਤੋਂ ਬਾਦ ਗੁਰੂ ਸਾਹਿਬ ਬਕਾਲੇ ਲਈ ਵਾਪਸ ਚੱਲ ਪਏ।

ਕੁੱਝ ਦਿਨ ਸਰਹੰਦ ਰੱਖਣ ਤੋਂ ਬਾਅਦ ਸਤਿਗੁਰੂ ਜੀ ਨੂੰ ਤਿੰਨਾਂ ਸਿੱਖਾਂ ਸਮੇਤ ਬਸੀ ਪਠਾਨਾ ਦੇ ਮੁੱਖ ਕੈਦ ਖਾਨੇ ਵਿੱਚ ਪੌਣੇ ਚਾਰ ਮਹੀਨੇ ਰੱਖ ਕੇ ਖੌਫਨਾਕ ਤੇ ਦਿਲ ਕਬਾਊ ਤਸੀਹੇ ਦਿੱਤੇ ਗਏ। ਸਰਹੰਦ ਦੇ ਸੂਬੇਦਾਰ ਨੇ ਗ੍ਰਿਫਤਾਰੀ ਦੀ ਰੀਪੋਰਟ ਔਰੰਗਜ਼ੇਬ ਨੂੰ ਹਸਨ ਅਬਦਾਲ ਵਿਖੇ ਭੇਜੀ। ਔਰੰਗਜ਼ੇਬ ਵੱਲੋਂ ਹੁਕਮ ਮਿਲਣ ਤੇ ਗੁਰੂ ਸਾਹਿਬ ਤੇ ਉਹਨਾਂ ਦੇ ਸਿੱਖਾਂ ਨੂੰ ਲੋਹੇ ਦੇ ਪਿੰਜਰੇ ਵਿੱਚ ਬੰਦ ਕਰਕੇ 3 ਨਵੰਬਰ 1675 ਨੂੰ ਦਿੱਲੀ ਦੀ ਚਾਂਦਨੀ ਚੌਂਕ ਵਾਲੀ ਕੋਤਵਾਲੀ ਵਿੱਚ ਪਹੁੰਚਾਇਆ ਗਿਆ। ਇਸ ਸਮੇਂ ਦਿੱਲੀ ਦਾ ਸੂਬੇਦਾਰ ਸਾਫੀ ਖਾਨ ਸੀ ਜੋ

ਔਰੰਗਜ਼ੇਬ ਦਾ ਬਹੁਤ ਭਰੋਸੇਯੋਗ ਸੀ ਅਤੇ ਦਿੱਲੀ ਕਿਲ੍ਹੇ ਦਾ ਕਿਲ੍ਹੇਦਾਰ ਮੁਤਲਾਫ਼ਤ ਖਾਂ ਸੀ ਜੋ 1671 ਤੋਂ ਇਸ ਪਦਵੀ ਤੇ ਸੀ। ਜਾਦੂ ਨਾਥ ਸਰਕਾਰ ਅਨੁਸਾਰ ਇਸ ਸਮੇਂ ਦਿੱਲੀ ਦਾ ਸ਼ਾਹੀ ਕਾਜੀ ਅਬਦੁਲ ਵਹਾਬ ਵੋਹਰਾ ਸੀ।ਹਕੂਮਤ ਦੀ ਸਾਰੀ ਨਿਆਂ ਪ੍ਰਣਾਲੀ ਇਸ ਦੇ ਅਧੀਨ ਸੀ। ਇਹ ਅੱਤ ਦਾ ਜ਼ਾਲਮ ਤੇ ਰਿਸ਼ਵਤਖੋਰ ਸੀ।

ਸੂਬੇਦਾਰ ਸਾਫੀ ਖਾਂ ਅਤੇ ਕਾਜੀ ਨੇ ਪਹਿਲਾਂ ਗੁਰੂ ਸਾਹਿਬ ਨੂੰ ਧਰਮ ਪ੍ਰੀਵਰਤਨ ਕਰਨ ਲਈ ਪ੍ਰੇਰਿਆ, ਲਾਲਚ ਵੀ ਦਿੱਤੇ। ਜਦੋਂ ਗੁਰੂ ਸਾਹਿਬ ਆਪਣੇ ਇਰਾਦੇ ਵਿੱਚ ਦ੍ਰਿੜ ਰਹੇ ਤਾਂ ਉਹਨਾਂ ਨੂੰ ਤਸੀਹੇ ਦੇਣੇ ਸ਼ੁਰੂ ਕੀਤੇ।

ਗੁਰੂ ਸਾਹਿਬ ਨੂੰ ਆਪਣੇ ਇਰਾਦੇ ਤੋਂ ਡੇਗਣ ਲਈ ਕਾਜ਼ੀ ਨੇ ਹੋਰ ਨੀਚਤਾ ਭਰਿਆ ਕਰਮ ਇਹ ਕੀਤਾ ਕਿ ਗੁਰੂ ਸਾਹਿਬ ਦੇ ਨਾਲ ਗ੍ਰਿਫਤਾਰ ਕੀਤੇ ਸਿੱਖਾਂ ਨੂੰ ਉਨਾ ਦੇ ਸਾਹਮਣੇ ਭਿਆਨਕ ਤਸੀਹੇ ਦੇਣ ਉਪਰੰਤ ਮੌਤ ਦਾ ਫਤਵਾ ਦਿੱਤਾ। ਗੁਰੂ ਸਾਹਿਬ ਦੇ ਸਾਹਮਣੇ ਭਾਈ ਮਤੀ ਦਾਸ ਜੀ ਨੂੰ ਆਰੇ ਨਾਲ ਚੀਰ ਕੇ ਸ਼ਹੀਦ ਕੀਤਾ ਗਿਆ। ਭਾਈ ਸਤੀ ਦਾਸ ਜੀ ਨੂੰ ਰੂੰ ਵਿੱਚ ਲਪੇਟ ਕੇ ਅੱਗ ਲਾ ਕੇ ਸ਼ਹੀਦ ਕੀਤਾ ਅਤੇ ਭਾਈ ਦਿਆਲਾ ਜੀ ਨੂੰ ਉਬਲਦੇ ਪਾਣੀ ਦੀ ਦੇਗ ਵਿੱਚ ਬਿਠਾ ਕੇ ਸ਼ਹੀਦ ਕੀਤਾ ਗਿਆ।

ਕਾਜ਼ੀ ਅਬਦੁਲ ਵਹਾਬ ਵੋਹਰਾ ਜਿਥੇ ਤੰਗ ਦਿਲ ਜਨੂੰਨੀ ਮੁਸਲਮਾਨ ਉਥੇ ਰਿਸ਼ਖਤਖੋਰ ਵੀ ਅੱਤ ਦਰਜੇ ਦਾ ਸੀ। ਭਾਈ ਕਲਿਆਣੇ ਦੀ ਧਰਮਸ਼ਾਲਾ ਵਾਲੇ ਕੁੱਝ ਸ਼ਰਧਾਲੂ ਸਿੱਖਾਂ ਨੇ ਹਾਲਾਤ ਨਾਲ ਨਿਬੜਨ ਲਈ ਗੁਰੂ ਸ਼ਰਧਾ ਅਤੇ ਡੂੰਘੇ ਪਿਆਰ ਦੇ ਜ਼ਜਬਿਆਂ ਅਧੀਨ ਭੱਜ ਦੌੜ ਕਰਕੇ ਕਾਫੀ ਵੱਡੀ ਰਕਮ ਇਕੱਠੀ ਕਰ ਲਈ ਤਾਂ ਜੋ ਕਾਜ਼ੀ ਨੂੰ ਰਿਸ਼ਵਤ ਦੇ ਕੇ ਜ਼ਾਲਮਾਨਾ ਹੁਕਮ ਬਦਲਣ ਲਈ ਮਨਾਇਆ ਜਾ ਸਕੇ। ਪ੍ਰੰਤੂ ਜਿਉਂ ਹੀ ਸਤਿਗੁਰਾਂ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਗੁਰੂ ਸਾਹਿਬ ਨੇ ਸਖਤੀ ਨਾਲ ਇਹ ਕਰਮ ਕਰਨ ਤੋਂ ਰੋਕ ਦਿੱਤਾ।

11 ਨਵੰਬਰ 1675 ਨੂੰ ਵੀਰਵਾਰ ਵਾਲੇ ਦਿਨ ਗੁਰੂ ਸਾਹਿਬ ਨੂੰ ਡੁਲਾ ਜਾਂ ਝੁਕਾ ਸਕਣ ਵਿੱਚ ਪੂਰੀ ਤਰ੍ਹਾਂ ਨਾਕਾਮ ਰਹਿਣ ਤੇ ਕਾਜ਼ੀ ਨੇ ਆਪਣਾ ਅੰਤਮ ਫਤਵਾ ਜਾਰੀ ਕਰ ਦਿੱਤਾ ਕਿ ਗੁਰੂ ਸਾਹਿਬ ਦਾ ਸੀਸ ਧੜ ਤੋਂ ਤਲਵਾਰ ਨਾਲ ਅਲੱਗ ਕਰ ਦਿੱਤਾ ਜਾਵੇ ਤੇ ਅਗਲੇ ਦਿਨ ਸਰੀਰ ਦੇ ਚਾਰ ਟੁਕੜੇ ਕਰਕੇ ਦਿੱਲੀ ਦੇ ਚਾਰ ਮੁੱਖ ਦਰਵਾਜਿਆਂ ਤੇ ਟੰਗ ਦਿੱਤੇ ਜਾਣ। ਇਹ ਫਤਵਾ ਜਾਰੀ ਕਰਨ ਤੋਂ ਪਹਿਲਾਂ ਗੁਰੂ ਸਾਹਿਬ ਅੱਗੇ ਤਿੰਨ ਸ਼ਰਤਾਂ ਰੱਖੀਆਂ ਗਈਆਂ। ਪਹਿਲੀ ਇਹ ਕਿ ਮੁਸਲਮਾਨ ਮੱਤ ਧਾਰਨ ਕਰੋ, ਦੂਜੀ ਸ਼ਰਤ ਇਹ ਰੱਖੀ ਕਿ ਕਰਾਮਾਤ ਦਿਖਾਉ, ਤੀਜੇ ਨੰਬਰ ਤੇ ਕਿਹਾ ਗਿਆ ਕਿ ਮੌਤ ਲਈ ਤਿਆਰ ਹੋ ਜਾਉ। ਗੁਰੂ ਸਾਹਿਬ ਨੇ ਕੇਵਲ ਏਨਾ ਹੀ ਉਤਰ ਦਿੱਤਾ ਕਿ ਧਰਮ ਤਿਆਗਨ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ ਅਤੇ ਕਰਾਮਾਤ ਕਹਿਰ ਕਰਨ ਨੂੰ ਕਹਿੰਦੇ ਹਨ ਅਤੇ ਰੱਬ ਦੇ ਪਿਆਰੇ ਬੰਦੇ ਕਹਿਰ ਨਹੀਂ ਕਰਦੇ। ਸਾਨੂੰ ਦੋਵੇ ਗੱਲਾਂ ਪ੍ਰਵਾਨ ਨਹੀਂ। ਤੀਜੀ ਗੱਲ ਸ਼ਹੀਦੀ ਹੀ ਸਾਨੂੰ ਪ੍ਰਵਾਨ ਹੈ।

ਕਾਜ਼ੀ ਨੇ ਫਤਵਾ ਸੁਣਾ ਕੇ ਸ਼ਹਿਰ ਵਿੱਚ ਢੰਡੋਰਾ ਪਿਟਵਾ ਦਿੱਤਾ। ਜਲਾਦ ਜਲਾਲ-ਉਲ-ਦੀਨ ਨੇ ਤਲਵਾਰ ਤਿੱਖੀ ਕਰ ਲਈ। ਇੱਕ ਨਵਾਂ ਚਬੂਤਰਾ ਵੀ ਤਿਆਰ ਕਰਵਾ ਦਿੱਤਾ ਗਿਆ। ਪਹਿਰੇ ਲੱਗ ਗਏ। ਦੁਪਹਿਰ ਢਲੇ ਗੁਰੂ ਸਾਹਿਬ ਨੂੰ ਪਿੰਜਰੇ ਵਿੱਚੋਂ ਬਾਹਰ ਕੱਢਿਆ ਗਿਆ। ਹਜ਼ਾਰਾਂ ਦੀ ਗਿਣਤੀ ਵਿੱਚ ਲੋਕ ਇਕੱਠੇ ਸਨ। ਕਾਜ਼ੀ ਨੇ ਫਿਰ ਉਹੀ ਸ਼ਰਤਾਂ ਰੱਖੀਆਂ ਤੇ ਗੁਰੂ ਸਾਹਿਬ ਨੇ ਪਹਿਲੇ ਵਾਲਾ ਜੁਆਬ ਦੇ ਦਿੱਤਾ। ਜਲਾਦ ਨੇ ਤਲਵਾਰ ਚਲਾਈ ਅਤੇ ਆਪ ਜੀ ਨੂੰ ਸ਼ਹੀਦ ਕਰ ਦਿੱਤਾ। ਸਭ ਪਾਸੇ ਹਾਹਾਕਾਰ ਮੱਚ ਗਈ। ਸਭ ਦੇ ਦਿਲ ਧੜਕ ਰਹੇ ਸਨ। ਬੇਅੰਤ ਅਨਮਤੀ ਲਿਖਾਰੀਆਂ ਨੇ ਵੀ ਆਪਣੀਆਂ ਲਿਖਤਾਂ ਵਿੱਚ ਲਿਖਿਆ ਹੈ ਕਿ ਦਿੱਲੀ ਦੇ ਆਮ ਨਿਵਾਸੀ ਤੇ ਖ਼ਾਸ ਕਰ ਧਰਮ-ਪ੍ਰਸਤ ਲੋਕ ਇਸ ਖੌਫ਼ਨਾਕ ਸਾਕੇ ਕਾਰਨ ਬਹੁਤ ਪ੍ਰੇਸ਼ਾਨ ਹੋਏ। ਸਭ ਧਰਮੀ ਤੇ ਨੇਕ ਬੰਦਿਆਂ ਨੇ ਇਸ ਅਤਿ ਘ੍ਰਿਣਤ ਕਾਰੇ ਤੇ ਲਾਹਨਤਾਂ ਪਾਈਆਂ ਅਤੇ ਮੁਗਲ ਰਾਜ ਦੇ ਸਰਬਨਾਸ਼ ਲਈ ਦੁਆਵਾਂ ਕੀਤੀਆਂ।

ਸ਼ਹਾਦਤ ਵਾਲੇ ਦਿਨ ਸ਼ਾਮ ਨੂੰ ਸ਼ਰਧਾਲੂ ਤੇ ਸਿਰਲਥ ਨੌਜਵਾਨ ਭਾਈ ਕਲਿਆਣਾ ਜੀ ਦੀ ਧਰਮਸ਼ਾਲਾ ਵਿੱਚ ਇਕੱਠੇ ਹੋਏ ਅਤੇ ਫੇਸਲਾ ਕੀਤਾ ਕਿ ਕਿਸੇ ਵੀ ਹਾਲਤ ਵਿੱਚ ਗੁਰੂ ਸਾਹਿਬ ਦੇ ਸਰੀਰ ਦੀ ਬੇਅਦਬੀ ਨਹੀਂ ਹੋਣ ਦਿੱਤੀ ਜਾਵੇਗੀ। ਇਹ ਸੂਰਬੀਰ ਜਵਾਨ ਸਨ ਭਾਈ ਨਾਨੂ, ਭਾਈ ਜੈਤਾ, ਭਾਈ ਉਦਾ ਤੇ ਭਾਈ ਤੁਲਸੀ। ਭਾਈ ਨਾਨੂੰ ਨੇ ਇਹ ਵੀ ਤਜਵੀਜ ਰੱਖੀ ਕਿ ਇਸ ਕੰਮ ਲਈ ਲੱਖੀ ਸ਼ਾਹ ਵਣਜਾਰੇ ਦੇ ਸਰਧਾਲੂ ਤੇ ਸੂਰਬੀਰ ਪੁੱਤਰਾਂ, ਨਗਾਹੀਆ, ਹੇਮਾ ਤੇ ਗੜ੍ਹੀ ਨੂੰ ਵੀ ਨਾਲ ਰਲਾ ਲਿਆ ਜਾਵੇ। ਉਸੇ ਦਿਨ ਹੀ ਉਹਨਾਂ ਦਾ ਟਾਂਡਾ (ਗਡਿਆਂ ਦਾ ਕਾਫਲਾ) ਸ਼ਾਮ ਨੂੰ ਨਰਨੌਲ ਤੋਂ ਵਾਪਸ ਆ ਗਿਆ ਸੀ ਅਤੇ ਦਰਿਆ ਜਮਨਾ ਦੇ ਕੰਢੇ ਬਿਸ਼ਰਾਮ ਕਰ ਰਿਹਾ ਸੀ। ਇਸ ਕੰਮ ਲਈ ਲੱਖੀ ਸ਼ਾਹ ਵਣਜਾਰੇ ਨੇ ਵੀ ਸਹਿਮਤੀ ਪ੍ਰਗਟ ਕੀਤੀ। ਅੱਧੀ ਰਾਤ ਤੱਕ ਚੱਲਦੀ ਰਹੀ ਵਿਚਾਰ ਮਗਰੋਂ ਫੈਸਲਾ ਕੀਤਾ ਗਿਆ ਕਿ ਲੱਖੀ ਸ਼ਾਹ ਦਾ ਸਾਰਾ ਟਾਂਡਾ ਜਮਨਾ ਕੰਢਿਓ, ਚਾਂਦਨੀ ਚੌਂਕ ਵੱਲ ਰਵਾਨਾ ਕੀਤਾ ਜਾਵੇ, ਜਿਸ ਬਾਰੇ ਹਕੂਮਤ ਨੂੰ ਸ਼ੱਕ ਵੀ ਨਹੀਂ ਸੀ ਪੈ ਸਕਦਾ ਕਿਉਂਕਿ ਉਹ ਸਰਕਾਰੀ ਠੇਕੇਦਾਰ ਸੀ। ਇਸ ਤੋਂ ਬਾਦ ਟਾਂਡਾ ਰਕਾਬ ਪੁੱਜ ਜਾਵੇ।

ਤੈਅ ਕੀਤੀ ਯੋਜਨਾ ਅਨੁਸਾਰ ਭਾਈ ਨਾਨੂੰ, ਜੈਤਾ, ਊਦਾ ਅਤੇ ਆਗਿਆ ਰਾਮ ਟਾਂਡੇ ਦੇ ਨਾਲ ਹੀ ਚਾਂਦਨੀ ਚੌਂਕ ਪਹੁੰਚੇ। ਗੱਡਿਆਂ ਵਿੱਚੋਂ ਫੁਰਤੀ ਨਾਲ ਉਤਰ ਕੇ ਭਾਈ ਨਾਨੂੰ ਤੇ ਜੈਤਾ ਜੀ ਨੇ ਹਨੇਰੇ ਦਾ ਲਾਭ ਉਠਾਂਦਿਆਂ ਹੋਇਆ ਗੁਰੂ ਜੀ ਦਾ ਸੀਸ ਚੁੱਕ ਲਿਆ। ਇਹ ਪਾਵਨ ਸੀਸ ਭਾਈ ਜੈਤਾ ਜੀ ਆਪਣੇ ਗ੍ਰਹਿ ਵਿਖੇ ਲੈ ਗਏ। ਇਹਨਾਂ ਨੇ ਪਾਵਨ ਸੀਸ ਨੂੰ ਸਤਿਕਾਰ ਨਾਲ ਖਾਰੇ ਵਿੱਚ ਪਤੀਆਂ ਆਦਿਕ ਪਾ ਕੇ ਅਦਬ ਨਾਲ ਚੁੱਕ ਕੇ ਅਨੰਦਪੁਰ ਸਾਹਿਬ ਤੇ ਜਾਣ ਦੀ ਤਿਆਰ ਕੀਤੀ। 13 ਨਵੰਬਰ 1675 ਨੂੰ ਦਿੱਲੀ ਤੋਂ ਚੱਲ ਕੇ ਰਾਹ ਵਿਚ ਪੰਜ ਪੜਾਅ ਕੀਤੇ ਪਹਿਲਾ ਬਾਗਪੱਤ, ਦੂਜਾ ਤਰਾਉੜੀ (ਕਰਨਾਲ), ਤੀਜਾ ਅਨਾਜ ਮੰਡੀ (ਸੀਸ ਗੰਜ ਅੰਬਾਲਾ), ਚੌਥਾ ਨਾਭਾ ਸਾਹਿਬ (ਚੰਡੀਗੜ੍ਹ) ਅਤੇ ਪੰਜਵਾ ਕੀਰਤਪੁਰ। ਕੀਰਤਪੁਰ ਤੋਂ ਭਾਈ ਰਮਤਾ ਜੀ ਖਬਰ ਦੇਣ ਅਨੰਦਪੁਰ ਸਾਹਿਬ ਪਹੁੰਚੇ। ਮਾਤਾ ਨਾਨਕੀ, ਮਾਤਾ ਗੁਜਰੀ ਜੀ ਅਤੇ ਦਸਮੇਸ਼ ਪਿਤਾ ਨਾਲ ਸੰਗਤਾਂ ਕੀਰਤਪੁਰ ਪਹੁੰਚੀਆਂ। ਮਾਤਾ ਗੁਜਰੀ ਜੀ ਨੇ ਜਦੋਂ ਪਤੀ ਦਾ ਸੀਸ ਦੇਖਿਆ ਤਾਂ ਅਡੋਲ ਰਹੇ ਤੇ ਇਤਨਾ ਹੀ ਕਿਹਾ "ਪਾਤਸ਼ਾਹ ਤੁਹਾਡੀ ਨਿਭ ਆਈ ਹੁਣ ਕ੍ਰਿਪਾ ਕਰੋ ਮੇਰੀ ਵੀ ਨਿਭ ਜਾਵੇ॥" ਭਾਈ ਜੈਤੇ ਦੀ ਕੁਰਬਾਨੀ ਦੀ ਗਾਥਾ ਸੁਣ ਕੇ ਗੁਰੂ ਸਾਹਿਬ ਨੇ ਰੰਘਰੇਟੇ ਗੁਰੂ ਕੇ ਬੇਟੇ ਕਹਿ ਕੇ ਗਲ ਨਾਲ ਲਾਇਆ। ਇੱਥੋਂ ਕੀਰਤਨ ਕਰਦੀਆਂ ਸੰਗਤਾਂ ਅਨੰਦਪੁਰ ਸਾਹਿਬ ਪਹੁੰਚੀਆਂ ਅਤੇ ਸੀਸ ਦਾ ਸਸਕਾਰ ਕੀਤਾ ਜਿੱਥੇ ਗੁਰਦੁਆਰਾ ਸੀਸ ਗੰਜ ਸਸ਼ੋਭਤ ਹੈ।

ਸਿਰਲੱਥ ਨੌਜਵਾਨਾਂ ਦੀ ਦੂਜੀ ਟੋਲੀ ਵਿੱਚ ਲੱਖੀ ਸ਼ਾਹ ਵਣਜਾਰੇ ਦੇ ਤਿੰਨ ਪੁੱਤਰ ਤੇ ਭਾਈ ਕਾਹਨਾ ਜੀ ਪੁੱਤਰ ਧੂਮਾ ਵੀ ਸ਼ਾਮਲ ਸੀ। ਇਹਨਾਂ ਚੌਹਾਂ ਨੇ ਬੜੇ ਹੌਸਲੇ ਨਾਲ ਗੁਰੂ ਜੀ ਦੇ ਪਵਿੱਤਰ ਸਰੀਰ ਨੂੰ ਧਰਤੀ ਤੋਂ ਚੁੱਕ ਗੱਡੇ ਵਿੱਚ ਰੱਖ ਲਿਆ ਤੇ ਸਾਰਾ ਟਾਂਡਾ ਰਕਾਬ ਗੰਜ ਵੱਲ ਮੋੜ ਲਿਆ। ਸਵੇਰ ਤੜਕ ਹੁੰਦੇ ਸਾਰੇ ਆਪਣੇ ਘਰ ਨੂੰ ਅੱਗ ਲਾ ਕੇ ਧੜ ਦਾ ਸਸਕਾਰ ਕਰ ਦਿੱਤਾ ਤੇ ਹਕੂਮਤ ਨੂੰ ਸ਼ੱਕ ਵੀ ਨਾ ਪਿਆ। ਇਸ ਅਸਥਾਨ ਤੇ ਸੰਨ 1783-85 ਈ: ਵਿੱਚ ਸ੍ਰ: ਬਘੇਲ ਸਿੰਘ ਨੇ ਗੁਰਦੁਆਰੇ ਦੀ ਉਸਾਰੀ ਕੀਤੀ।

ਕਾਜ਼ੀ ਅਬਦੁਲ ਵਹਾਬ ਵੋਹਰਾ ਸ਼ਹੀਦੀ ਵਾਲੇ ਦਿਨ ਹੀ ਘਰ ਜਾ ਕੇ ਸਦਾ ਲਈ ਮੰਜੇ ਤੇ ਪੈ ਗਿਆ। ਉਸਨੂੰ ਮਾਨਸਕ ਅਧੋਗਤੀ (ਡਿਪਰੈਸ਼ਨ) ਦਾ ਭਿਆਨਕ ਰੋਗ ਲੱਗ ਗਿਆ। ਬੁਰੀ ਤਰ੍ਹਾਂ ਬਿਮਾਰ ਹੋ ਗਿਆ। ਪੰਦਰਾਂ ਦਿਨ ਲੁੱਛ ਲੁੱਛ ਕੇ ਮੰਜੇ ਤੇ ਤੜਫਦਾ ਤੇ ਕੁਰਲਾਉਂਦਾ ਰਿਹਾ ਕਿਸੇ ਵੈਦ ਹਕੀਮ ਦਾ ਕੋਈ ਇਲਾਜ ਕਾਰਗਾਰ ਨਾ ਸਾਬਤ ਹੋ ਸਕਿਆ। ਅਨੇਕਾਂ ਪਰੰਪਚ ਕਰਕੇ ਅਤੇ ਰਿਸ਼ਵਤਾਂ ਲੈ ਕੇ ਇਕੱਠੇ ਕੀਤੇ 33 ਲੱਖ ਰੁਪਏ ਅਨੇਕਾਂ ਸੇਰ ਵਜ਼ਨ ਦਾ ਸੋਨਾ ਚਾਂਦੀ ਅਤੇ ਮਹਿਲ ਮਾੜੀਆਂ ਦੇ ਰੂਪ ਵਿੱਚ ਇਕੱਠੀ ਕੀਤੀ ਚੱਲ ਅਤੇ ਅਚੱਲ ਜਾਇਦਾਦ, ਮੁਗਲ ਰਾਜ ਦੀ ਰਾਜਧਾਨੀ ਦਿੱਲੀ ਵਿੱਚ ਹੀ ਛੱਡ ਕੇ ਅਤੇ ਅੰਤਾਂ ਦੀ ਬਦਨਾਮੀ ਖੱਟ ਕੇ ਤੇ ਪਾਪਾਂ ਦੀ ਭਾਰੀ ਪੰਡ ਸਿਰ ਤੇ ਚੁੱਕ ਕੇ 26 ਨਵੰਬਰ 1675 ਨੂੰ ਇਸ ਸੰਸਾਰ ਤੋਂ ਕੂਚ ਕਰ ਗਿਆ।

ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਉਪਰੰਤ ਕਿਸੇ ਅਣਗਹਿਲੀ ਕਾਰਨ ਇਹੀ ਪ੍ਰਚਾਰ ਹੁੰਦਾ ਰਿਹਾ ਕਿ ਸ਼ਹਾਦਤ ਤੋਂ ਬਾਅਦ ਸਾਰੇ ਪਾਸੇ ਚੁੱਪ ਵਰਤ ਗਈ ਸਿੱਖ ਭੈ ਭੀਤ ਹੋ ਗਏ। ਇਹ ਕਥਨੀ ਸੌ ਪ੍ਰਤੀਸ਼ਤ ਬੇਬੁਨਿਆਦ ਅਤੇ ਕੋਰਾ ਝੂਠ ਹੈ। ਜੁਲਾਈ 1676 ਤੋਂ ਫਰਵਰੀ 1677

**ਬਾਕੀ ਸਫਾ 19 'ਤੇ**

# ਸ਼ਹੀਦੀ ਸ਼ਤਾਬਦੀ ਦੀ ਅਸ਼ੁੱਭ ਸ਼ੁਰੂਆਤ

**ਕੁਲਵੰਤ ਕੌਰ (ਡਾ) # 98156-20515**

**ਸ੍ਰੀਨਗਰ ਵਿਚ ਆਯੋਜਿਤ ਕੀਤੇ ਸ਼ਹੀਦੀ ਸ਼ਤਾਬਦੀ ਪ੍ਰੋਗਰਾਮ ਭਾਵੇਂ ਪਹਿਲੇ ਸੈਸ਼ਨਾਂ ਦੌਰਾਨ ਢੁਕਵੇਂ, ਮਰਯਾਦਾ ਪੂਰਨ ਅਤੇ ਸੰਜੀਦਗੀ ਭਰੇ ਰਹੇ ਹੋਣਗੇ ਪਰੰਤੂ All is well that ends well ਦੀ ਅਖਾਣ ਮੁਤਾਬਿਕ, ਆਖ਼ਰੀ ਪ੍ਰੋਗਰਾਮ ਵਿਚਲਾ ਨਾਚ ਗਾਣਾ ਤੇ ਔਰਤਾਂ-ਮਰਦਾਂ ਦੇ ਥਿਰਕਦੇ ਜਿਸਮ ਇਸ ਪਵਿੱਤਰ ਤੇ ਗੰਭੀਰ ਸਮੇਂ ਨੂੰ ਦਾਗ਼ੀ ਕਰ ਗਏ। ਕੀ ਭਾਸ਼ਾ ਵਿਭਾਗ ਦੇ ਨਿਰਦੇਸ਼ਕ ਤੇ ਮੰਤਰੀ ਜੀ ਨੂੰ ਇਸ ਨੂੰ ਵਿਚੇ ਹੀ ਬੰਦ ਨਹੀਂ ਸੀ ਕਰਵਾ ਦੇਣਾ ਚਾਹੀਦਾ? ਸੰਗਤਾਂ ਦੀ ਆਲੋਚਨਾ ਤੇ ਨਾਰਾਜ਼ਗੀ ਤੇ ਤਖ਼ਤ ਸਾਹਿਬ ਤੇ ਸ਼੍ਰੋਮਣੀ ਕਮੇਟੀ ਦੀ ਕਾਰਵਾਈ ਤੇ ਲਾਹਨਤ ਜਾਇਜ਼ ਹੈ ਕਿਉਂਕਿ ਭਾਵੇਂ ਕੋਈ ਕਿੰਨਾ ਵੀ ਅਸਰ ਰਸੂਖ ਵਾਲਾ ਤੇ ਸ਼ਕਤੀਸ਼ਾਲੀ ਹੋਵੇ, ਗੁਰੂ-ਮਰਿਯਾਦਾ ਨਾਲ ਖਿਲਵਾੜ ਨਹੀਂ ਕਰ ਸਕਦਾ ਤੇ ਇਸ ਨਾਲ ਆਢਾ ਨਹੀਂ ਲੈ ਸਕਦਾ। ਪੰਥਕ-ਕਚਹਿਰੀ 'ਚ ਦੋਸ਼ੀਆਂ ਨੂੰ ਸਜ਼ਾ ਦੇਣੀ ਲਾਜ਼ਮੀ ਹੈ।**

ਸਮੁੱਚੇ ਮਾਨਵੀ ਇਤਿਹਾਸ ਅਤੇ ਧਰਮਾਂ ਦੇ ਖੇਤਰ ਵਿਚ ਇਕ ਵੀ ਅਜਿਹੀ ਮਿਸਾਲ ਨਹੀਂ ਦਿਖਾਈ ਦਿੰਦੀ ਜਿੱਥੇ ਇਨਸਾਨੀ ਹੱਕਾਂ, ਦੂਜਿਆਂ ਦੀ ਹਿਫ਼ਾਜ਼ਤ ਅਤੇ ਮਨੁੱਖੀ ਗੌਰਵ ਦੀ ਬਹਾਲੀ ਲਈ ਕੋਈ ਮਹਾਂਪੁਰਖ ਕਾਤਲ ਦੇ ਦਰ 'ਤੇ ਖ਼ੁਦ ਢੁੱਕਾ ਹੋਵੇ। ਨਾ ਕੇਵਲ ਆਪ ਹੀ ਸਗੋਂ ਆਪਣੇ ਮਹਾਨ, ਕਰਨੀ ਤੇ ਕਮਾਈ ਵਾਲੇ ਸਿੰਘਾਂ ਦੇ ਨਾਲ ਦਿੱਲੀ ਪਹੁੰਚਣ ਤੋਂ ਪਹਿਲਾਂ, ਆਪਣੀ ਸਾਰੀ ਪੈਦਲ ਯਾਤਰਾ ਦੌਰਾਨ, ਗੁਰੂ ਨਾਨਕ ਸਾਹਿਬ ਜੀ ਦੀ ਵਿਆਪਕ, ਸਰਬਸਾਂਝੀ ਅਤੇ ਦੈਵੀ ਸਿੱਖੀ ਤੇ ਗੁਰਬਾਣੀ ਦੀ ਵਿਚਾਰ ਕਰਦੇ ਰਹੇ ਹੋਣ ਅਤੇ ਇੰਜ, ਸਤਿਸੰਗ ਕਰਦਿਆਂ ਸੀਸ ਗੰਜ ਲਾਗਲੇ ਚਾਂਦਨੀ ਚੌਕ ਵਿਚ ਜਾ ਪਹੁੰਚੇ ਹੋਣ। ਅੱਜ ਵੀ, ਜਦੋਂ ਗੁਰਦਵਾਰਾ ਸੀਸ ਗੰਜ ਸਾਹਿਬ ਵਿਖੇ ਦਰਸ਼ਨ-ਪਰਸਨ ਦਾ ਸਬੱਬ ਬਣਦਾ ਹੈ ਤਾਂ ਉਹ ਇਤਿਹਾਸਕ ਖ਼ੂਹ (ਜਿੱਥੇ ਗੁਰੂ ਸਾਹਿਬ ਅਤੇ ਉਨ੍ਹਾਂ ਦੇ ਅਨਿੰਨ ਸੇਵਕਾਂ ਨੇ ਆਖ਼ਰੀ ਇਸ਼ਨਾਨ ਕੀਤਾ ਸੀ) ਓਨਾਂ ਕਸ਼ਦਾਈ ਲਮਿਆਂ ਦੀ ਖ਼ਾਮੋਸ਼ ਦਾਸਤਾਨ ਸੁਣਾਉਂਦਾ ਜਾਪਦਾ ਹੈ ਜਦੋਂ ਔਰੰਗਜ਼ੇਬ ਦੇ ਤਾਨਾਸ਼ਾਹੀ ਹੁਕਮਾਂ ਅੱਗੇ ਜ਼ਿਮੀ ਆਸਮਾਨ ਵੀ ਕੰਬਦੇ ਸਨ। ਓਸ ਜਨੂਨੀ ਦੇ ਅੰਨ੍ਹੇ ਜਨੂਨ ਅੱਗੇ, ਹਰ ਸ਼ਖਸ ਬੇਬਸ ਸੀ ਤੇ ਹਰ ਜ਼ੁਬਾਂ ਚੁੱਪ। ਧੜਾਧੜ ਹਿੰਦੂ ਪਰਜਾ ਇਸਲਾਮ ਵਿਚ ਰਲਾਈ ਜਾ ਰਹੀ ਸੀ, ਹਰ ਪਲ ਜਨੇਊ ਪੈਰਾਂ ਹੇਠ ਮਧੋਲੇ ਜਾ ਰਹੇ ਸਨ ਤੇ ਚੀਕਾਂ, ਪੁਕਾਰਾਂ, ਹੰਝੂ, ਹਾਵੇ ਅਤੇ ਮੁਸੀਬਤਾਂ ਦੀ ਥਾਹ ਪਾਉਣ ਵਾਲਾ ਕੋਈ ਨਹੀਂ ਸੀ - ਗੁਰੂ ਨਾਨਕ ਦੇ ਦਰ ਤੋਂ ਬਿਨਾਂ। ਸਪੱਸ਼ਟ ਹੈ ਕਿ ਜੇਕਰ ਮੱਖਣ ਸ਼ਾਹ ਲੁਬਾਣਾ ਦਾ ਡੁੱਬ ਰਿਹਾ ਬੇੜਾ ਪਾਰ ਲਾਉਣ ਵਾਲੇ ਨੌਵੇਂ ਨਾਨਕ ਨਾ ਬਹੁੜਦੇ ਤਾਂ ਅੱਜ ਗੁਰੂ ਇਤਿਹਾਸ ਹੀ ਇਸ ਰੂਪ ਵਿਚ ਨਾ ਹੁੰਦਾ। ਇਸ ਇਤਿਹਾਸਕ ਘਟਨਾ ਨੇ 'ਗੁਰ ਪ੍ਰਗਟ' ਕੀਤਾ ਤੇ 'ਗੁਰੂ ਲਾਧੋ ਰੇ' ਉਪਰੰਤ, ਬਾਬਾ ਬਕਾਲਾ ਪਿੱਛੇ ਰਹਿ ਗਿਆ ਤੇ ਅਨੰਦ ਆ ਵੱਸਿਆ ਸ੍ਰੀ ਅਨੰਦਪੁਰ ਸਾਹਿਬ ਵਿਖੇ।

ਚਰਚਾ ਇਸ ਵਕਤ, ਸ੍ਰੀਨਗਰ ਵਿਖੇ ਹਾਲ ਵਿਚ ਆਯੋਜਿਤ ਕਰਵਾਏ ਗਏ ਸ਼ਹੀਦੀ ਸ਼ਤਾਬਦੀ ਸਮਾਗਮਾਂ ਦੀ ਅਸ਼ੁੱਭ, ਗ਼ੈਰ ਮਰਯਾਦਕ ਅਤੇ ਅਸੱਭਿਅਕ ਸ਼ੁਰੂਆਤ ਦੀ ਹੈ ਜਿਸ ਵਿਚ ਗੁਰਮਤਿ ਸਿਧਾਂਤਾਂ, ਗੁਰ ਮਰਯਾਦਾ ਅਤੇ ਸਿੱਖ ਸ਼ਾਲੀਨਤਾ ਦੀਆਂ ਧੱਜੀਆਂ ਉਡਾ ਦਿੱਤੀਆਂ ਗਈਆਂ। ਜਿਉਂ ਹੀ ਇਹ ਖ਼ਬਰ ਟੀ.ਵੀ. 'ਤੇ ਨਸ਼ਰ ਹੋਈ- ਕਹਿਰਾਂ ਦੀ ਪੀੜਾ, ਅਫ਼ਸੋਸ, ਕਸਕ, ਦੁੱਖ ਤੇ ਦਰਦ ਮਹਿਸੂਸ ਹੋਇਆ। ਦੋ ਕੁ ਦਿਨਾਂ ਤੋਂ, ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਤੇ ਪੰਜਾਬ ਸਰਕਾਰ ਦਰਮਿਆਨ, (ਸ਼ਹੀਦੀ ਸ਼ਤਾਬਦੀ ਸਮਾਗਮਾਂ ਨੂੰ ਲੈ ਕੇ) ਚੱਲ ਰਿਹਾ ਵਿਵਾਦ, ਤੁਹਮਤਾਂ ਤੇ ਕੁੜੱਤਣ ਅਜੇ ਮੀਡੀਏ ਦੀਆਂ ਸੁਰਖੀਆਂ ਹੀ ਬਣ ਰਿਹਾ ਸੀ ਕਿ ਨਵਾਂ ਕਾਰਾ ਸਾਹਮਣੇ ਆ ਗਿਆ ਜਿਸ ਦੀ ਅੰਤਮ ਜ਼ਿੰਮੇਵਾਰੀ ਇਕ ਵੱਡੇ ਮੰਤਰੀ ਅਤੇ ਭਾਸ਼ਾ ਵਿਭਾਗ ਪੰਜਾਬ ਦੇ ਮੋਢਿਆਂ 'ਤੇ ਸੀ। ਪਟਿਆਲਾ ਤੋਂ ਆਪਣੇ ਚਹੇਤੇ 'ਵਿਦਵਾਨਾਂ' ਤੇ ਖ਼ਾਸ ਮਹਿਮਾਨਾਂ ਨੂੰ ਬੱਸ ਰਾਹੀਂ ਰਾਤੋ-ਰਾਤ ਸ੍ਰੀਨਗਰ ਲਿਜਾਣ ਦੀ ਖ਼ਬਰ ਤਾਂ ਸਭ ਨੇ ਪੜ੍ਹੀ-ਸੁਣੀ ਸੀ ਪਰ ਪਹਿਲੇ ਸੈਸ਼ਨ ਦੀਆਂ ਸਹੀ, ਸੰਤੁਲਿਤ ਅਤੇ ਮਰਯਾਦਾਕ ਰਿਪੋਰਟਾਂ ਮਿਲਣ ਮਗਰੋਂ, ਜੋ ਕੁਝ ਦੇਖਣ ਤੇ ਸੁਣਨ ਨੂੰ ਮਿਲਿਆ, ਓਸ ਨਾਲ ਮਨ ਮਸੋਸਿਆ ਗਿਆ ਤੇ ਆਤਮਾ ਤੜਪ ਉੱਠੀ। ਪਹਿਲੇ ਹੀ ਸ਼ਹੀਦੀ ਸ਼ਤਾਬਦੀ ਸਮਾਗਮ ਦੀ ਅਜਿਹੀ ਸ਼ੁਰੂਆਤ, ਵਿਉਂਤਬੰਦੀ ਅਤੇ ਨਿਭਾਓ ਪੂਰੀ ਦੁਨੀਆ 'ਚ ਚਰਚਾ, ਬੇਸਵਾਦੀ ਅਤੇ ਲਾਹਨਤਾਂ ਦਾ ਸਬੱਬ ਬਣ ਗਿਆ। ਗਾਇਕ ਬੀਰ ਸਿੰਘ ਵਲੋਂ ਗਾਏ ਤੇ ਨਿਭਾਏ ਰੋਮਾਂਟਿਕ ਗੀਤਾਂ ਦਾ ਓਸ ਨਾਯਾਬ, ਬੇਮਿਸਾਲ, ਲਾਸਾਨੀ, ਅਦੁੱਤੀ ਅਤੇ ਬੇਜੋੜ ਸ਼ਹਾਦਤ ਨਾਲ ਦੂਰ-ਦੂਰ ਦਾ ਵੀ ਸੰਬੰਧ ਨਹੀਂ ਜੁੜਦਾ ਜਿੱਥੇ ਜ਼ਾਲਮ ਹਾਕਮਾਂ ਦਾ ਮੂੰਹ ਭੰਨਦਿਆਂ ਨਾਨਕ-ਜੋਤ ਦੇ ਨੌਵੇਂ ਜਾਮੇ ਨੇ, ਪਿੱਛੇ ਨੌ ਸਾਲ ਦੇ ਪੁੱਤਰ ਤੇ ਮਾਤਾ-ਗੁਜਰੀ ਜੀ ਨੂੰ ਪਹਾੜ ਜਿੱਡੀ ਜ਼ਿੰਮੇਵਾਰੀ ਸੌਂਪਦਿਆਂ ਆਪ 'ਹਿੰਦ ਤੇ ਧਰਮ ਦੀ ਚਾਦਰ' ਬਣਨ ਦਾ ਪਰਉਪਕਾਰ ਕਰ ਦਿਖਾਇਆ ਹੋਵੇ। ਹੈ ਇਸ ਸਮੁੱਚੇ ਬ੍ਰਹਿਮੰਡ ਵਿਚ ਕੋਈ ਇਕ ਵੀ ਉਦਾਹਰਨ ਜਿੱਥੇ ਮਨੁੱਖੀ ਅਧਿਕਾਰਾਂ ਦੀ ਰਾਖੀ ਕਰਦਿਆਂ, ਦੂਸਰਿਆਂ ਦੀ ਧਾਰਮਿਕ ਆਜ਼ਾਦੀ ਨੂੰ ਮੂਹਰੇ ਰੱਖਿਆ ਗਿਆ ਹੋਵੇ? ਕੀ ਇਹ ਰਵਾਇਤੀ ਹਿੰਦੂਆਂ ਵਿੱਚੋਂ ਨਿਕਲ ਕੇ ਗੁਰੂ ਨਾਨਕ ਦੇ ਨਿਰਮਲ ਪੰਥ ਵਜੋਂ ਸਜੀ 'ਸਿੱਖ ਕੌਮ' ਦਾ ਕ੍ਰਿਸ਼ਮਾ ਨਹੀਂ ਸੀ? ਜਦੋਂ ਭਾਈ ਕਾਨ੍ਹ ਸਿੰਘ ਜੀ ਨਾਭਾ ਨੇ 'ਹਮ ਹਿੰਦੂ ਨਹੀਂ' ਪੁਸਤਕ ਲਿਖੀ, ਉਨ੍ਹਾਂ ਦਾ ਤਰਕ ਤੇ ਵਿਚਾਰ ਇਹੋ ਹੀ ਸੀ ਕਿ ਅਸੀਂ ਉਹ ਹਿੰਦੂ ਨਹੀਂ ਹਾਂ ਜਿਹਨਾਂ ਦੀ ਅਗਵਾਈ ਭਾਈ ਕ੍ਰਿਪਾ ਰਾਮ ਜੀ (ਮਟਨ-ਵਾਸੀ) ਕਰ ਰਹੇ ਸਨ। ਨੌਵੇਂ ਪਾਤਿਸ਼ਾਹ ਅੱਗੇ ਫਰਿਆਦੀ ਹੋਣ ਦਾ ਭਾਵ ਹੀ ਇਹ ਸੀ ਕਿ ਗੁਰੂ ਜੀ ਨਿਰੰਕਾਰ ਨਾਲ ਸਿੱਧੇ ਜੁੜੇ ਹੋਏ ਰਹਿਬਰ ਸਨ ਤੇ ਕਰਨੀ ਤੇ ਕਮਾਈ ਦੇ ਮੁਜੱਸਮਾ ਤੇ ਮਸੀਹਾ ਹੁੰਦਿਆਂ ਜੱਗ ਦੇ ਤਾਰਨ ਹਾਰੇ ਵੀ।

ਆਪਾਂ ਇਤਿਹਾਸ ਤੋਂ ਵਾਕਿਫ਼ ਹਾਂ ਕਿ ਕਸ਼ਮੀਰੀ ਪੰਡਿਤ (ਜਿਨ੍ਹਾਂ ਦੀ ਆਲ ਔਲਾਦ ਪੰਡਿਤ ਜਵਾਹਰ ਲਾਲ ਨਹਿਰੂ ਤੇ ਉਨ੍ਹਾਂ ਦੇ ਵੰਸ਼ਜ ਸਨ ਜਾਂ ਹਨ ਵੀ) ਇਕ ਵਫ਼ਦ ਵਜੋਂ, ਮਟਨ (ਜਿੱਥੇ ਪਹਿਲੀ ਪਾਤਿਸ਼ਾਹੀ ਦੇ ਚਰਨ ਪਏ ਹੋਏ ਸਨ) ਤੋਂ ਚੱਲ ਕੇ ਸ੍ਰੀ ਅਨੰਦਪੁਰ ਸਾਹਿਬ ਫਰਿਆਦ ਲੈ ਕੇ ਆਏ ਸਨ। ਕਸ਼ਮੀਰ ਉਦੋਂ ਤੋਂ ਹੀ ਸਿੱਖੀ-ਸੇਵਕੀ ਦਾ ਧੁਰਾ ਬਣਨ ਲੱਗ ਪਿਆ ਸੀ। ਛੇਵੀਂ ਪਾਤਿਸ਼ਾਹੀ ਨਾਲ ਜੁੜਿਆ ਸ੍ਰੀਨਗਰ ਦਾ ਗੁਰਦਵਾਰਾ ਪੂਰੇ ਕਸ਼ਮੀਰ ਦੇ ਸਿੱਖਾਂ, ਮੁਸਲਮਾਨਾਂ ਤੇ ਹੋਰ ਜਾਤੀਆਂ ਦੀ ਸ਼ਰਧਾ, ਸਤਿਕਾਰ ਤੇ ਜ਼ਿਆਰਤ ਦਾ ਕੇਂਦਰ ਹੈ। ਹਜ਼ਾਰਾਂ ਦੀ ਗਿਣਤੀ ਵਿਚ ਇਕੱਤਰ ਹੁੰਦੀ ਸੰਗਤ ਦਾ ਉਦੋਂ ਹੋਰ ਵੀ ਜ਼ਿਆਦਾ ਪਤਾ ਲੱਗਾ ਸੀ ਜਦੋਂ ਵਿਸਾਖੀ 2017 ਨੂੰ ਮੇਰਾ ਬੁੱਕ ਹੋਇਆ ਪ੍ਰੋਗਰਾਮ ਕੈਂਸਲ ਕਰਨਾ ਪਿਆ ਸੀ। ਦਰਅਸਲ, ਸ੍ਰੀਨਗਰ ਏਅਰਪੋਰਟ ਤੋਂ ਟੈਕਸੀ ਲੈ ਕੇ ਗੁਰਦਵਾਰਾ ਛੇਵੀਂ ਪਾਤਿਸ਼ਾਹੀ ਤੱਕ ਪਹੁੰਚਣ ਲਈ ਤਿੰਨ ਘੰਟੇ ਦਾ ਸਮਾਂ ਲੱਗ ਗਿਆ ਕਿਉਂਕਿ ਵਿਸਾਖੀ ਦੀ ਛੁੱਟੀ ਹੋਣ ਕਰਕੇ ਪੂਰਾ ਕਸ਼ਮੀਰ ਹੀ ਗੱਡੀਆਂ ਲੈ ਕੇ ਇੱਥੇ ਪੁੱਜਣ ਲਈ ਜਤਨਸ਼ੀਲ ਸੀ। ਟਰੈਫਿਕ 'ਚ ਫਸਿਆਂ ਨੂੰ ਹੀ ਢਾਈ ਵੱਜ ਗਏ ਤੇ ਪਹੁੰਚ ਕੇ ਦੇਖਿਆ ਤਾਂ ਸੰਗਤ ਲੰਗਰ ਘਰ ਵਲ ਜਾ ਰਹੀ ਸੀ। ਅਫ਼ਸੋਸ ਤਾਂ ਬਹੁਤ ਹੋਇਆ ਪਰ ਹਜ਼ਾਰਾਂ ਦੀ ਗਿਣਤੀ ਵਿਚ ਜੁੜੀ ਸੰਗਤ ਦੇਖ ਕੇ 'ਧੰਨ ਗੁਰੂ ਨਾਨਕ' 'ਧੰਨ ਗੁਰੂ ਨਾਨਕ' ਦੇ ਸ਼ਬਦ ਆਪ ਮੁਹਾਰੇ ਹੀ ਅੰਦਰੋਂ ਪ੍ਰਸਫੁਟਿਤ ਹੋ ਉੱਠੇ।

ਨਿਰਸੰਦੇਹ, ਸ੍ਰੀਨਗਰ ਵਾਲਾ ਇਹ ਪ੍ਰੋਗਰਾਮ, ਭਾਈ ਕਿਰਪਾ ਰਾਮ ਜੀ ਨੂੰ ਸਮਰਪਿਤ ਸੀ ਜੋ 1699 ਵਿਚ ਅੰਮ੍ਰਿਤ ਛਕ ਕੇ ਭਾਈ ਕ੍ਰਿਪਾ ਸਿੰਘ ਜੀ ਬਣ ਗਏ ਸਨ। ਆਪਣੇ ਆਖ਼ਰੀ ਸਵਾਸਾਂ ਤੱਕ ਉਹ ਗੁਰੂ ਨਾਨਕ ਦੇ ਦਰ ਦੇ ਕੂਕਰ ਬਣੇ ਰਹੇ। ਉਨ੍ਹਾਂ ਨੂੰ ਅੰਤ ਤੱਕ ਪੂਰਾ ਅਹਿਸਾਸ ਰਿਹਾ ਕਿ ਉਨ੍ਹਾਂ ਦੇ ਧਰਮ, ਕਰਮ, ਮਰਯਾਦਾ, ਸ਼ਰਧਾ ਤੇ ਵਜੂਦ ਦੀ ਗ਼ੌਰਵਮਈ ਸੁਰੱਖਿਆ, ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਨੌਵੇਂ ਜਾਮੇ ਦੀ ਕੁਰਬਾਨੀ ਸਦਕੇ ਹੀ ਸੰਭਵ ਹੋ ਸਕੀ ਸੀ। ਅੱਜ, ਇਸ ਦੇਸ਼ ਦੇ ਕਿੰਨੇ ਕੁ ਲੋਕ ਅਜਿਹੇ ਹਨ ਜੋ ਇਸ ਸ਼ਹਾਦਤ ਦੇ ਕਦਰਦਾਨ ਹਨ? ਹੋਰਨਾਂ ਦੀ ਗੱਲ ਲਾਂਭੇ ਕਰ ਕੇ ਵੀ ਦੇਖੀਏ ਤਾਂ ਆਪਣਿਆਂ ਨੇ ਹੀ ਸ੍ਰੀਨਗਰ ਵਿਚ ਕੀ ਖੇਹ ਉਡਾਈ ਹੈ? ਅਖੇ ਇਕ ਸੂਫੀ ਗਾਇਕ ਨੂੰ ਇਸ ਮੁਕੱਦਸ ਅਵਸਰ ’ਤੇ ਗਾਇਨ ਦਾ ਸੱਦਾ ਦਿੱਤਾ ਗਿਆ ਸੀ ਜੋ ਸਾਬਤ ਸੂਰਤ ਸੀ, ਹਰਮਨ ਪਿਆਰਾ ਸੀ ਤੇ ਦੇਸ਼ ਪ੍ਰਦੇਸ਼ ਘੁੰਮ ਫਿਰ ਕੇ ਲੋਕ-ਮਨੋਰੰਜਨ ਕਰਦਾ ਆ ਰਿਹਾ ਸੀ। ਸਾਬਤ ਸੂਰਤ ਤੇ ਰਹਿਤ ਬਹਿਤ ਵਾਲਾ ਹੋਣ ਕਰਕੇ ਦੁੱਖ ਤੇ ਝੋਰਾ ਜ਼ਿਆਦਾ ਹੋਇਆ ਹੈ ਕਿ ਇਸ ਨੂੰ ਤਾਂ ਬੇਮਿਸਾਲ ਸ਼ਹਾਦਤ ਦਾ ਕਦਰਦਾਨ ਬਣਦਿਆਂ ਰਹਿਤ ਮਰਿਯਾਦਾ, ਇਤਿਹਾਸ, ਸਿਧਾਂਤਾਂ ਤੇ ਸਭਿਆਚਾਰ ਦੀ ਪੂਰੀ ਵਾਕਫ਼ੀਅਤ ਹੋਣੀ ਚਾਹੀਦੀ ਸੀ। ਸ੍ਰੀਨਗਰ ਦੀ ਸਟੇਜ ’ਤੇ ਕੱਢਿਆ ਸਿੱਖ ਪੰਥ ਦਾ ਜਲੂਸ ਮੁਆਫ਼ੀਯੋਗ ਹਰਗਿਜ ਵੀ ਨਹੀਂ ਹੈ ਕਿਉਂਕਿ ਹੁਣ ਅਨ-ਮੱਤਾਂ ਵਾਲੇ ਜੋ ਮਰਜ਼ੀ ਕੁਰਹਿਤਾਂ, ਮਨਆਈਆਂ ਅਤੇ ਸਿਧਾਂਤਹੀਨ ਕਾਰੇ ਕਰੀ ਜਾਣ, ਅਸੀਂ ਤਾੜਨ, ਹੋੜਣ ਤੇ ਵਰਜਣ ਜੋਗੇ ਵੀ ਨਹੀਂ ਛੱਡੇ ਗਏ। ਹੁਣ ਬੀਰ ਸਿੰਘ ਦੀ ਘੜੀ ਘੜਾਈ ਬਹਾਨੇਬਾਜ਼ੀ ਬੇਮਾਅਨੀ ਤੇ ਫਜ਼ੂਲ ਹੈ।

‘ਸੀਸ ਦੀਆ ਪਰ ਸਿਰਰ ਨਾ ਦੀਆ’ ਦੀ ਅਟੱਲ ਸੱਚਾਈ ਨੇ ਸਿੱਖੀ ਮਹੱਲ ਦੀਆਂ ਨੀਂਹਾਂ ਵਿਚ ਸੀਮਿੰਟ ਭਰ ਦਿੱਤਾ ਸੀ ਤੇ ਉਨ੍ਹਾਂ ਦੇ ਜਿਗਰ ਦੇ ਟੁਕੜਿਆਂ ਨੇ ਇਨ੍ਹਾਂ ਨੀਂਹਾਂ ਵਿਚ ਫੌਲਾਦ ਭਰ ਦਿੱਤੀ। ਬਿਨਾਂ ਸ਼ੱਕ ਇਹ ਤੁਕਾਂ ਓਨਾਂ ਸਮਿਆਂ ਦੀ ਮੁਕੰਮਲ ਆਕਾਸੀ ਕਰਦੀਆਂ ਹਨ:-

ਤੇਗ ਬਹਾਦਰ ਕੇ ਚਲਤ ਭਇਯੋ ਜਗਤ ਕੋ ਸ਼ੋਕ।
ਹੈ ਹੈ ਹੈ ਸਭ ਜਗ ਕਰੇ ਜੈ ਜੈ ਜੈ ਸੁਰ ਲੋਕ।

ਭਾਵੇਂ ਇਹ ਮਹਿਜ ਅਲੰਕਾਰਤ ਉਪਮਾ ਹੀ ਹੋਵੇ ਪਰੰਤੂ ਜ਼ਮਾਨੇ ਨੇ ਪਹਿਲੀ ਵਾਰ ਤੱਕਿਆ ਸੀ ਕਿ ਕਿਵੇਂ ਸਤਿਗੁਰੂ ਜੀ ਦਾ ਸੀਸ, ਉਨ੍ਹਾਂ ਦੀ ਪਾਵਨ ਭੋਇੰ ਸ੍ਰੀ ਅਨੰਦਪੁਰ ਸਾਹਿਬ ਵਿਖੇ ਪਹੁੰਚਾਇਆ ਗਿਆ ਤੇ ਉਨ੍ਹਾਂ ਦੀ ਧੜ ਦਾ ਸੰਸਕਾਰ (ਭਾਈ ਲੱਖੀ ਸ਼ਾਹ ਵਣਜਾਰਾ ਜੀ ਨੇ) ਆਪਣੇ ਪੂਰੇ ਘਰ ਨੂੰ ਅਗਨ-ਭੇਟ ਕਰਕੇ ਕੀਤਾ ਸੀ। ਲੁਬਾਣਿਆਂ ਤੇ ਵਣਜਾਰਿਆਂ ਨੂੰ, ਇਸ ਪਾਵਨ ਸ਼ਹੀਦੀ ਸ਼ਤਾਬਦੀ ਮੌਕੇ, ਵੱਧ ਤੋਂ ਵੱਧ, ਮੁੱਖ ਧਾਰਾ ਨਾਲ ਜੋੜ ਕੇ ਉਨ੍ਹਾਂ ਦੇ ਵਡੇਰਿਆਂ ਦੀ ਘਾਲਣਾ, ਆਪਾਵਾਰਤਾ ਤੇ ਜਾਂਬਾਜ਼ੀ ਦਾ ਮੁੱਲ ਚੁਕਾਉਣਾ ਚਾਹੀਦਾ ਹੈ। ਗੁਰਦਵਾਰਾ ਰਕਾਬ ਗੰਜ ਸਾਹਿਬ ਇਸ ਸਾਕੇ ਦਾ ਜ਼ਾਹਰਾ ਸਬੂਤ ਹੈ।

ਅੰਤ ਵਿਚ, ਇਹੀ ਕਹਿਣਾ ਚਾਹਾਂਗੀ ਕਿ ਸ੍ਰੀਨਗਰ ਵਿਚ ਆਯੋਜਿਤ ਕੀਤੇ ਸ਼ਹੀਦੀ ਸ਼ਤਾਬਦੀ ਪ੍ਰੋਗਰਾਮ ਭਾਵੇਂ ਪਹਿਲੇ ਸੈਸ਼ਨਾਂ ਦੌਰਾਨ ਢੁੱਕਵੇਂ, ਮਰਯਾਦਾ ਪੂਰਨ ਅਤੇ ਸੰਜੀਦਗੀ ਭਰੇ ਰਹੇ ਹੋਣਗੇ ਪਰੰਤੂ **All is well that ends well** ਦੀ ਅਖਾਣ ਮੁਤਾਬਿਕ, ਆਖ਼ਰੀ ਪ੍ਰੋਗਰਾਮ ਵਿਚਲਾ ਨਾਚ ਗਾਣਾ ਤੇ ਔਰਤਾਂ-ਮਰਦਾਂ ਦੇ ਥਿਰਕਦੇ ਜਿਸਮ ਇਸ ਪਵਿੱਤਰ ਤੇ ਗੰਭੀਰ ਸਮੇਂ ਨੂੰ ਦਾਗ਼ੀ ਕਰ ਗਏ। ਕੀ ਭਾਸ਼ਾ ਵਿਭਾਗ ਦੇ ਨਿਰਦੇਸ਼ਕ ਤੇ ਮੰਤਰੀ ਜੀ ਨੂੰ ਇਸ ਨੂੰ ਵਿਚੇ ਹੀ ਬੰਦ ਨਹੀਂ ਸੀ ਕਰਵਾ ਦੇਣਾ ਚਾਹੀਦਾ? ਸੰਗਤਾਂ ਦੀ ਆਲੋਚਨਾ ਤੇ ਨਾਰਾਜ਼ਗੀ ਤੇ ਤਖ਼ਤ ਸਾਹਿਬ ਤੇ ਸ਼੍ਰੋਮਣੀ ਕਮੇਟੀ ਦੀ ਕਾਰਵਾਈ ਤੇ ਲਾਹਨਤ ਜਾਇਜ਼ ਹੈ ਕਿਉਂਕਿ ਭਾਵੇਂ ਕੋਈ ਕਿੰਨਾ ਵੀ ਅਸਰ ਰਸੂਖ ਵਾਲਾ ਤੇ ਸ਼ਕਤੀਸ਼ਾਲੀ ਹੋਵੇ, ਗੁਰੂ-ਮਰਿਯਾਦਾ ਨਾਲ ਖਿਲਵਾੜ ਨਹੀਂ ਕਰ ਸਕਦਾ ਤੇ ਇਸ ਨਾਲ ਆਢਾ ਨਹੀਂ ਲੈ ਸਕਦਾ। ਪੰਥਕ-ਕਚਹਿਰੀ ’ਚ ਦੋਸ਼ੀਆਂ ਨੂੰ ਸਜ਼ਾ ਦੇਣੀ ਲਾਜ਼ਮੀ ਹੈ। -0-

**ਸਫਾ 17 ਦਾ ਬਾਕੀ**

ਤੱਕ ਵਾਪਰਨ ਵਾਲੀਆਂ ਘਟਨਾਵਾਂ ਹੀ ਦੱਸਦੀਆਂ ਹਨ ਕਿ ਸਿੱਖਾਂ ਵਿੱਚ ਇਸ ਸ਼ਹਾਦਤ ਦਾ ਬਦਲਾ ਲੈਣ ਲਈ ਕਿੰਨਾ ਉਤਸ਼ਾਹ ਤੇ ਅਥਾਹ ਬਲ ਪੈਦਾ ਹੋ ਗਿਆ ਸੀ।

10 ਜੁਲਾਈ 1676 ਨੂੰ ਔਰੰਗਜ਼ੇਬ ਦੀ ਸਵਾਰੀ ਚਾਂਦਨੀ ਚੌਂਕ ਵਿੱਚੋਂ ਲੰਘਣ ਸਮੇਂ ਇੱਕ ਸਿੱਖ ਨੇ ਔਰੰਗਜ਼ੇਬ ਵੱਲ ਉਲਾਰ ਕੇ ਡੰਡਾ ਮਾਰਿਆ ਜੋ ਉਸ ਦੇ ਸ਼ਾਹੀ ਛੱਤਰ ਦੇ ਅਗਲੇ ਹਿਸੇ ਵਿੱਚ ਜਾ ਵੱਜਾ। ਭਾਵੇਂ ਸਿੱਖ ਨੂੰ ਫੜ ਕੇ ਕੋਤਵਾਲ ਦੇ ਹਵਾਲੇ ਕਰਕੇ ਸਜਾ ਦਿੱਤੀ ਗਈ ਪਰ ਜੱਦੋ ਜਹਿਦ ਨੂੰ ਤਿੱਖਾ ਕਰਨ ਲਈ ਸਿੱਖਾਂ ਦੀ ਜੁਰਅਤ ਅਤੇ ਉਤਸ਼ਾਹ ਦੀ ਦਾਦ ਦੇਣੀ ਬਣਦੀ ਹੈ। ਫਿਰ 2 ਨਵੰਬਰ 1676 ਨੂੰ ਔਰੰਗਜ਼ੇਬ ਜਾਮਾ ਮਸਜਦ ਦੀਆਂ ਪੌੜੀਆਂ ਉਤਰ ਕੇ ਆਪਣੇ ਘੋੜੇ ਤੇ ਸਵਾਰ ਹੋਣ ਲੱਗਾ ਸੀ ਇੱਕ ਸਿੱਖ ਨੰਗੀ ਤਲਵਾਰ ਨਾਲ ਉਸ ਤੇ ਹਮਲਾ ਕਰਨ ਲਈ ਅੱਗੇ ਵਧਿਆ। ਉਹ ਔਰੰਗਜ਼ੇਬ ਨੂੰ ਮਾਰ ਤਾਂ ਨਾ ਸਕਿਆ ਪਰ ਉਸ ਨੂੰ ਰਣਥੰਭੋਰ ਦੇ ਕਿਲੇ ਵਿੱਚ ਸਖਤ ਕੈਦ ਵਿੱਚ ਤਸੀਹੇ ਦਿੱਤੇ ਜਾਣ ਉਪਰੰਤ ਮੌਤ ਦੇ ਘਾਟ ਉਤਾਰ ਦਿੱਤਾ। ਪਰ ਆਪਣੇ ਗੁਰੂ ਪ੍ਰਤੀ ਪਿਆਰ, ਸ਼ਰਧਾ ਤੇ ਬਦਲਾ ਲੈਣ ਦੀ ਭਾਵਨਾ ਤੇ ਜੁਰਅਤ ਦੇ ਦੀਦਾਰ ਹਰ ਦਿੱਲੀ ਵਾਸੀ ਨੂੰ ਕਰਵਾ ਗਿਆ। ਇਸ ਪਿੱਛੋਂ 19 ਫਰਵਰੀ 1677 ਨੂੰ ਦਰਿਆ ਜਮਨਾ ਵਿਖੇ ਕਿਸ਼ਤੀ ਦੀ ਸੈਰ ਕਰਨ ਪਿੱਛੋਂ ਕਿਸ਼ਤੀ ਵਿੱਚੋਂ ਉਤਰਨ ਸਮੇਂ ਔਰੰਗਜ਼ੇਬ ਨੂੰ ਇੱਕ ਸੂਰਬੀਰ ਸਿੱਖ ਨੇ ਵਾਰੋ ਵਾਰੀ ਦੋ ਇੱਟਾਂ ਸਿਰ ਵਿੱਚ ਟਿਕਾ ਕੇ ਮਾਰੀਆਂ ਜਿਹਨਾਂ ਵਿੱਚੋਂ ਇੱਕ ਉਸ ਦੇ ਸਿੰਘਾਸਨ ਤੇ ਵੱਜੀ। ਉਸ ਸਿੱਖ ਨੂੰ ਸਜਾ ਦਾ ਭਾਗੀ ਬਨਾਉਣਾ ਵੱਖਰੀ ਗੱਲ ਹੈ ਪਰ ਹਕੂਮਤ ਪ੍ਰਤੀ ਸਿੱਖਾਂ ਦਾ ਗੁੱਸਾ ਪ੍ਰਗਟ ਹੋਣ ਦਾ ਔਰੰਗਜ਼ੇਬ ਨੂੰ ਪਤਾ ਲੱਗ ਗਿਆ। ਜਿਸ ਜਵਾਲਾ ਨੂੰ ਉਸ ਨੇ ਸਖਤੀ ਨਾਲ ਦਬਾ ਰੱਖਿਆ ਸੀ ਉਹ ਭੜਕਨ ਲੱਗ ਪਈ। ਸੱਚੀ ਗੱਲ ਤਾਂ ਇਹ ਹੈ ਕਿ ਔਗਰਜ਼ੇਬ ਏਨਾ ਡਰ ਗਿਆ ਕਿ ਦਸੰਬਰ 1677 ਨੂੰ ਉਹ ਦੱਖਣ ਵੱਲ ਚਲਾ ਗਿਆ ਤੇ ਮੁੜ ਕੇ ਦਿੱਲੀ ਵਾਪਸ ਨਾ ਆਇਆ ਤੇ ਉਥੇ ਹੀ ਸੰਨ 1707 ਵਿੱਚ ਉਸਦੀ ਮੌਤ ਹੋ ਗਈ।

ਸੋ ਗੁਰੂ ਤੇਗ ਬਹਾਦਰ ਸਾਹਿਬ ਹੀ ਸ਼ਹਾਦਤ ਇੱਕ ਲਾਸਾਨੀ ਸ਼ਹਾਦਤ ਹੈ। ਇਹ ਸ਼ਹਾਦਤ ਆਪਣੇ ਧਰਮ ਦੀ ਰੱਖਿਆ ਲਈ ਨਹੀਂ ਸੀ ਸਗੋਂ ਹਿੰਦੂ ਧਰਮ ਦੇ ਜਨੇਊ ਦੀ ਰੱਖਿਆ ਲਈ ਜਿਸ ਵਿੱਚ ਉਹਨਾਂ ਦਾ ਵਿਸ਼ਵਾਸ਼ ਵੀ ਨਹੀਂ ਸੀ। ਧਾਰਮਿਕ ਅਜਾਦੀ ਲਈ ਗੁਰੂ ਸਾਹਿਬ ਨੇ ਇਹ ਸ਼ਹਾਦਤ ਆਪ ਹੀ ਸਹੇੜੀ ਸੀ।ਲਾਲਾ ਦੌਲਤ ਰਾਏ ਆਰੀਆ ਨੇ ਠੀਕ ਹੀ ਲਿਖਿਆ ਹੈ ਕਿ ਅਸੀਂ ਉਲਟੀ ਗੰਗਾ ਵਹਾਉਣ ਦਾ ਮੁਹਾਵਰਾ ਤਾਂ ਸੁਣਿਆ ਸੀ ਪਰ ਇਸ ਦੇ ਅਰਥ ਗੁਰੂ ਤੇਗ ਬਹਾਦਰ ਜੀ ਨੇ ਸਿਖਾਏ ਹਨ। ਇਹ ਤਾਂ ਹੁੰਦਾ ਹੈ ਕਿ ਕਾਤਲ, ਆਪ ਚੱਲ ਕੇ ਮਕਤੂਲ ਦੇ ਕੋਲ ਜਾਂਦਾ ਹੈ ਪਰ ਇਹ ਗੁਰੂ ਤੇਗ ਬਹਾਦਰ ਜੀ ਨੇ ਕਰ ਵਿਖਾਇਆ ਕਿ ਆਪ ਖੁਦ ਚੱਲ ਕੇ ਕਾਤਲ ਦੇ ਪਾਸ ਪਹੁੰਚਦੇ ਹਨ।

ਇੱਕ ਇਤਿਹਾਸਕਾਰ ਨੇ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦੀ ਤੁਲਨਾ ਮਿਥਿਹਾਸਕ ਪੰਛੀ ‘ਫੀਨਿਕਸ’ ਨਾਲ ਕੀਤੀ ਹੈ। ਫੀਨਿਕਸ ਸਾਰੀ ਉਮਰ ਅਕਾਸ਼ ਵਿੱਚ ਉਡਦਾ ਹੈ ਅਤੇ ਮਧੁਰ ਗੀਤ ਗਾ ਕੇ ਵਾਤਾਵਰਣ ਨੂੰ ਗਮਗੀਨ ਕਰਦਾ ਹੈ। ਜਦੋਂ ਇਸ ਦਾ ਅੰਤ ਸਮਾ ਨੇੜੇ ਆਉਂਦਾ ਹੈ ਤਾਂ ਜ਼ਮੀਨ ਤੇ ਉਤਰ ਆਉਂਦਾ ਹੈ। ਤੀਲੇ ਤਿਨਕੇ ਇਕੱਠੇ ਕਰਕੇ ਫਿਰ ਅੰਤਮ ਗੀਤ ਗਾਉਂਦਾ ਹੈ ਜਿਸ ਤੋਂ ਜਵਾਲਾ ਉਠਦੀ ਹੈ ਤੇ ਉਸ ਬਲਦੀ ਅੱਗ ਵਿੱਚ ਉਹ ਸੜ ਮਰਦਾ ਹੈ। ਜਦ ਅੱਗ ਬੁਝ ਜਾਂਦੀ ਹੈ ਤਾਂ ਉਸ ਵਿੱਚ ਇੱਕ ਅੰਡਾ ਵਿਖਾਈ ਦਿੰਦਾ ਹੈ ਅਤੇ ਥੋੜੇ ਸਮੇਂ ਵਿੱਚ ਹੀ ਉਸੇ ਪ੍ਰਕਾਰ ਦਾ ਇੱਕ ਹੋਰ ਪੰਛੀ ਉਸ ਵਿੱਚੋਂ ਨਿੱਕਲ ਕੇ ਅਕਾਸ਼ ਵਿੱਚ ਉਡਾਰੀਆਂ ਮਾਰਦਾ ਹੈ ਅਤੇ ਫਿਰ ਗੀਤ ਚੱਲ ਪੈਂਦੇ ਹਨ।

ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਵੀ ਕੁੱਝ ਐਸੀ ਹੀ ਸੀ। ਆਪ ਵੈਰਾਗ ਤੇ ਚੜ੍ਹਦੀ ਕਲਾ ਵਿੱਚ ਬਾਣੀ ਗਾਇਨ ਕਰਦੇ ਰਹੇ- **“ਚੇਤਨਾ ਹੈ ਤਉ ਚੇਤ ਲੈ ਨਿਸਿ ਦਿਨਿ ਮੈ ਪ੍ਰਾਨੀ।” (726)** ਆਪ ਹੀ ਔਰੰਗਜ਼ੇਬ ਨੂੰ ਸੁਨੇਹਾ ਭੇਜਿਆ ਤੇ ਸ਼ਹੀਦ ਹੋ ਗਏ। ਇਸ ਸ਼ਹਾਦਤ ਦੇ ਵਿੱਚੋਂ ਹੀ ਖਾਲਸਾ ਪੰਥ ਤੇ ਗੁਰੂ ਖਾਲਸੇ ਦਾ ਜਨਮ ਹੋਇਆ ਜੋ ਹੁਣ ਵੀ ਅਕਾਸ਼ ਵਿੱਚ ਤਾਰੀਆਂ ਲਾ ਰਿਹਾ ਹੈ ਅਤੇ ਚੜ੍ਹਦੀ ਕਲਾ ਵਿੱਚ ਵਿਚਰ ਰਿਹਾ ਹੈ। -0-

# ਸਫਲਤਾ ਪ੍ਰਾਪਤੀ ਦੇ ਚੋਣਵੇਂ ਢੰਗ



**ਮੰਗਤ ਸਿੰਘ ਰਾਹੀ**

ਇਸ ਸੰਸਾਰ ਵਿਚ ਹਰ ਵਿਅਕਤੀ ਇਸ ਗਲ ਦਾ ਚਾਹਵਾਨ ਹੈ ਕਿ ਉਹ ਆਪਣੇ ਖੇਤਰ ਵਿਚ ਹਰ ਤਰ੍ਹਾਂ ਨਾਲ ਕਾਮਯਾਬ ਹੋਵੇ, ਸਫਲਤਾ ਪ੍ਰਾਪਤ ਕਰੇ। ਸਫਲਤਾ ਪ੍ਰਾਪਤੀ ਲਈ ਉਹ ਹਰ ਹੀਲਾ, ਹਰਢੰਗ ਵਰਤਦਾ ਹੈ।

ਜਪੁਜੀ ਸਾਹਿਬ ਦੀ ਇਹ ਪਉੜੀ ਧਿਆਨ ਨਾਲ ਪੜ੍ਹੋ:

**ਮੁੰਦਾ ਸੰਤੋਖੁ ਸਰਮੁ ਪਤੁ ਝੋਲੀ**
**ਧਿਆਨ ਕੀ ਕਰਹਿ ਬਿਭੂਤਿ**
**ਖਿੰਥਾ ਕਾਲੁ ਕੁਆਰੀ ਕਾਇਆ**
**ਜੁਗਤਿ ਡੰਡਾ ਪਰਤੀਤਿ॥**
**ਆਈ ਪੰਥੀ ਸਗਲ ਜਮਾਤੀ**
**ਮਨ ਜੀਤੈ ਜਗੁ ਜੀਤੁ॥**
**ਆਦੇਸੁ ਤਿਸੈ ਆਦੇਸੁ॥**
**ਆਦਿ ਅਨੀਲੁ ਅਨਾਦਿ ਅਨਾਹਤਿ**
**ਜੁਗੁ ਜੁਗੁ ਏਕੋ ਵੇਸੁ॥ (6)**

ਗੁਰੂ ਨਾਨਕ ਪਾਤਸ਼ਾਹ ਸਿਧਾਂ ਪ੍ਰਤੀ ਉਚਾਰਣ ਕੀਤੀ ਇਸ ਪਉੜੀ ਵਿਚ ਫੁਰਮਾਨ ਕਰਦੇ ਹਨ ਕਿ ਐ ਸਿਧ ਗਣੋ! ਤੁਸੀਂ ਸਰੀਰ ਤੇ ਸੁਆਹ ਮਲ ਕੇ, ਖਿੰਥਾ ਤੇ ਡੰਡਾ ਧਾਰਨਣ ਕਰਕੇ ਤੇ ਆਈ ਪੰਥ ਦੇ ਪੰਥੀ ਹੋਣ ਨੂੰ ਹੀ ਜੀਵਨ ਦੀ ਸਫਲਤਾ ਮੰਨ ਬੈਠੇ ਹੋ। ਆਓ ਮੈਂ ਤਹਾਨੂੰ ਦਸਾਂ ਕਿ ਜੀਵਨ ਦੀ ਸਫਲ ਕਿਵੇਂ ਕੀਤਾ ਜਾ ਸਕਦਾ ਹੈ।

ਐ ਸਿਧ ਗਣੋ! ਜੇ ਮੁੰਦਰਾਂ ਹੀ ਪਾਉਣੀਆਂ ਹਨ ਤਾਂ ਸੰਤੋਖ ਦੀਆਂ ਮੁੰਦਰਾਂ ਪਾਓ। ਜੀਵਨ ਵਿਚ ਸੰਤੋਖ ਧਾਰਣ ਕਰੋ। ਮੇਹਨਤ (ਸਰਮ), ਉਦਮ ਦੀ ਝੋਲੀ ਬਣਾਓ। ਬਿਭੂਤ (ਸੁਆਹ) ਮਲਣੀ ਹੈ ਤਾਂ ਧਿਆਨ (Concentration) ਦੀ ਮਲੋ। ਸਮੇਂ (ਕਾਲ) ਦਾ ਖਿਆਲ ਰਖਣਾ, ਉਸਨੂੰ ਅਜਾਈਂ ਨਾ ਗਵਾਣਾ ਮਾਨੋ ਤੁਹਾਡੀ ਖਿੰਥਾ ਹੋਵੇ। ਸਰੀਰ ਨੂੰ ਵਿਕਾਰਾਂ ਤੋਂ ਰਹਿਤ ਰਖਣ ਨੂੰ ਜੁਗਤ ਬਣਾਓ। ਨਿਸਚਾ ਦ੍ਰਿੜ ਰਖਣਾ ਤੁਹਾਡਾ ਡੰਡਾ ਹੋਵੇ। ਆਈ ਪੰਥ ਨੂੰ ਤੁਸੀ ਉਤਮ ਮੰਨਦੇ ਹੋ ਤਾਂ ਸਗਲ ਜਮਾਤੀ, ਸਾਰੇ ਹਮ ਜੋਲੀ, ਸਾਰੀ ਸ੍ਰਿਸ਼ਟੀ ਨੂੰ ਆਪਣਾ ਮਿਤਰ ਸਮਝੋ। ਇਸ ਤਰ੍ਹਾਂ ਆਪਣੇ ਮਨ ਨੂੰ ਜਿਤਣ ਨਾਲ ਹੀ ਤੁਸੀ ਸਾਰੇ ਸੰਸਾਰ ਤੇ ਜਿਤ ਪਾ ਸਕਦੇ। ਜੇ ਆਪਣਾ ਮਨ ਜਿਤਿਆ ਜਾ ਸਕਦਾ ਹੈ। ਸਫਲਤਾ ਪ੍ਰਾਪਤ ਕਰਨ ਦਾ ਇਹੋ ਹੀ ਰਸਤਾ ਹੈ।

ਆਦੇਸ, ਨਮਸਕਾਰ ਕਰਨੀ ਹੈ ਤਾਂ ਕੇਵਲ ਉਸ ਅਕਾਲ ਪੁਰਖ ਨੂੰ ਜੋ ਆਦਿ ਤੋਂ ਹੈ, ਬੇਅੰਤ ਹੈ, ਜਿਸ ਦਾ ਨਾ ਆਦਿ ਹੈ ਨਾ ਅੰਤ ਹੈ, ਹਰ ਜੁਗ ਵਿਚ ਸਦਾ ਸਮਾਨ ਰਹਿੰਦਾ ਹੈ, ਉਸ ਨੂੰ ਹੀ ਕਰਨੀ ਬਣਦੀ ਹੈ।

ਇਸ ਦੀ ਵਿਸਤਾਰ ਪੂਰਵਕ ਵਿਆਖਿਆ ਇਸ ਪ੍ਰਕਾਰ ਹੈ:-

**1. ਸੰਤੋਖ:** ਜੀਵਨ ਵਿਚ ਸਫਲਤਾ ਪ੍ਰਾਪਤੀ ਦੀ ਪਉੜੀ ਦਾ ਪਹਿਲਾ ਡੰਡਾ ਸੰਤੋਖ ਹੈ। ਮਨ ਵਿਚ ਸਦਾ ਇਹ ਖਿਆਲ ਬਣਿਆ ਰਹੇ ਕਿ ਹੇ ਅਕਾਲ ਪੁਰਖ! ਤੂੰ ਮੈਨੂੰ ਜਿਹੋ ਜਿਹਾ ਬਣਾਇਆ ਹੈ ਉਸ ਲਈ ਤੇਰਾ ਧੰਨਵਾਦ ਹੈ। ਤੂੰ ਮੈਨੂੰ ਇਸ ਧਰਤੀ ਦਾ ਸਿਕਦਾਰ ਬਣਾਇਆ ਹੈ।

**ਇਸੁ ਧਰਤੀ ਮਹਿ ਤੇਰੀ ਸਿਕਦਾਰੀ॥**
**(374)**

ਜੇ ਮਨ ਵਿਚ ਸੰਤੋਖ ਨਹੀਂ ਹੈ ਤਾਂ ਨਾ ਤਾਂ ਕਿਸੇ ਕਾਰਜ ਵਿਚ ਧਿਆਨ ਲੱਗੇਗਾ ਤੇ ਨਾ ਹੀ ਕੋਈ ਤਰੱਕੀ ਹੋ ਸਕੇਗੀ।

**ਬਿਨਾ ਸੰਤੋਖ ਨਹੀ ਕੋਊ ਰਾਜੈ॥ (279)**

ਸੰਤੋਖੀ ਹਰ ਵੇਲੇ ਸ਼ੁਕਰਾਨੇ ਵਿਚ ਰਹਿੰਦਾ ਹੈ। ਸੰਤੋਖ ਦੀ ਮਤਲਬ ਇਹ ਨਹੀਂ ਹੈ ਕਿ ਮਨੁੱਖ ਚੁਪ ਕਰਕੇ ਬੈਠ ਜਾਏ। ਤਰੱਕੀ ਦਾ ਅਰਥ ਹੈ ਅਗੇ ਵਧਣਾ ਜੀਵਨ ਸਫਲਾ ਕਰਨਾ ਹੈ। ਦੋ ਧਾਰਾਵਾਂ ਹਨ-ਮਨਮੁਖ ਤੇ ਗੁਰਮੁਖ। ਗੁਰਮੁਖ ਹੋ ਕੇ ਅਗੇ ਵਧਣਾ ਹੈ। ਕਾਦਰ ਨੂੰ ਕੁਦਰਤ ਵਿਚ ਸਮੋਇਆ ਸਮਝ ਕੇ ਸਭ ਤੋਂ ਵਡੇ ਹਨੇਰੇ ਅਗਿਆਨਤਾ ਨੂੰ ਗਿਆਨ ਦੇ ਸਾਗਰ ਸ੍ਰੀ ਗੁਰੂ ਗ੍ਰਥ ਸਾਹਿਬ ਜੀ ਤੋਂ ਸੇਧ ਲੈ ਕੇ ਦੂਰ ਕਰਨਾ ਹੈ। ਟੀਚਾ ਹੈ- ਰਬ ਵਰਗਾ ਹੀ ਬਣਨਾ ਹੈ। ਕਿਵੇਂ?

**ਜਿਨੀ ਆਤਮੁ ਚੀਨਿਆ ਪਰਮਾਤਮੁ ਸੋਈ॥ (421)**

ਨਿਰਭਉ ਹੋਣਾ ਹੈ, ਨਿਰਵੈਰ ਹੋਣਾ ਹੈ ਪਰ ਸੰਤਖੀ ਇਸ ਤੋਂ ਵੀ ਉਪਰ ਹੈ। ਮਨਮੁਖ ਕੋਲ ਓਗੋ ਹਉਮੈ ਹੈ ਪਰ ਗੁਰਮੁਖ ਹੁਕਮ ਵਿਚ ਰਹਿ ਕੇ ਹਉਮੈ ਨੂੰ ਦੂਰ ਕਰ ਲੈਂਦੇ ਹੈ।

**ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ॥ (1)**

**2. ਸਰਮ:** ਮੇਹਨਤ

ਮੇਹਨਤ ਬਾਹਰ ਦੀ ਵੀ ਤੇ ਅੰਦਰ ਦੀ ਵੀ। ਦੋਨੋਂ ਹੀ ਜ਼ਰੂਰੀ ਹਨ। ਕਿਸੇ ਪ੍ਰਾਪਤੀ ਲਈ ਮੇਹਨਤ ਕਰਦੇ ਰਹੋ, ਕਰਦੇ ਰਹੋ ਜਰੂਰ ਸਫਲ ਹੋਵੋਗੇ। ਜਪੁ ਜੀ ਸਾਹਿਬ ਵਿਚ ਸਰਮ ਖੰਡ ਤੋਂ ਪਹਿਲਾਂ ਧਰਮ ਖੰਡ ਤੇ ਗਿਆਨ ਖੰਡ ਬਾਰੇ ਜਿਕਰ ਕੀਤਾ ਗਿਆ ਹੈ। ਸੁਖਮਨੀ ਸਾਹਿਬ ਵਿਚ ਦਸਿਆ ਹੈ:-

**"ਰਬ ਭੁਲੇ ਨਾ ਤੇ ਕਰਮ ਨਿਰਮਲ ਹੋਣ"**
**ਬਸ ਇਹੋ ਹੀ ਸਭ ਤੋਂ ਸ੍ਰੇਸ਼ਟ ਧਰਮ ਹੈ।**
**ਉਦਮੁ ਕਰੇਦਿਆ ਜੀਉ ਤੂੰ**
**ਕਮਾਵਦਿਆ ਸੁਖ ਭੁੰਚੁ॥**
**ਧਿਆਇਦਿਆ ਤੂੰ ਪ੍ਰਭੂ**
**ਮਿਲੁ ਨਾਨਕ ਉਤਰੀ ਚਿੰਤ॥ (522)**

ਯੂ.ਐਸ.ਏ ਵਿਚ ਇਕ ਨੌਜਵਾਨ ਨੇ 21 ਸਾਲ ਦੀ ਉਮਰ ਵਿਚ ਵਪਾਰ ਸ਼ੁਰੂ ਕੀਤਾ ਪਰ ਉਸ ਵਿਚ ਸਫਲਤਾ ਨਾ ਮਿਲੀ। ਅਗਲੇ ਸਾਲ ਉਸ ਨੇ ਚੋਣਾਂ ਲੜੀਆਂ ਪਰ ਹਾਰ ਗਿਆ। ਅਗਲੇ ਸਾਲ ਪਿਆਰ ਵਿਚ ਵੀ ਉਸਨੂੰ ਨਮੋਸ਼ੀ ਹੀ ਹਾਸਲ ਹੋਈ। ਸਤਾਈ ਸਾਲ ਦੀ ਦੀ ਉਮਰ ਵਿਚ ਲੋਕਲ ਬਾਡੀ ਦੀ ਚੋਣਾਂ ਵਿਚ ਖੜਾ ਹੋਇਆ ਪਰ ਜਿਤ ਨਾ ਸਕਿਆ। ਸਤਾਲੀਵੇਂ ਸਾਲ ਵਿਚ ਸੈਨੇਟ ਦੀ ਚੋਣ ਲੜੀ ਤਾਂ ਹਾਰ ਗਿਆ। ਅਗਲੇ ਸਾਲ ਹੀ ਵਾਈਸ ਪ੍ਰੇਜ਼ੀਡੇਂਟ ਦੀ ਚੋਣ ਵਿਚ ਵੀ ਹਾਰ ਦਾ ਮੂੰਹ ਵੇਖਣਾ ਪਿਆ। ਅਗਲੇ ਸਾਲ ਫਿਰ ਸੈਨੇਟ ਦੀ ਚੋਣ ਹਾਰ ਗਿਆ। 51 ਸਾਲ ਦੀ ਉਮਰ ਵਿਚ ਰਾਸ਼ਟਰਪਤੀ ਦੀ ਚੋਣ ਲੜੀ ਪਰ ਕਾਮਯਾਬੀ ਨਾ ਮਿਲੀ। ਪਰ ਉਸਨੇ ਹਿੰਮਤ ਨਾ ਹਾਰੀ ਤੇ ਆਖਿਰ ਰਾਸ਼ਟਰਪਤੀ ਦੀ ਚੋਣ ਜਿਤ ਕੇ ਅਮਰੀਕਾ ਦਾ ਰਾਸ਼ਟਰਪਤੀ ਬਣਿਆ। ਇਹ ਨੌਜਵਾਨ ਅਬਰਾਹਮ ਲਿੰਕਨ ਸੀ ਜੋ ਉਦਮ ਕਰਦਾ ਰਿਹਾ ਤੇ ਸਫਲਤਾ ਮਿਲ ਹੀ ਗਈ।

COL. ਸੈਂਡਰਸ ਨੇ ਇਕ ਪੁਰਾਣੀ ਕਾਰ, 100 ਡਾਲਰ ਦੀ ਪੂੰਜੀ ਤੇ ਆਪਣੀ ਮਾਂ ਤੋਂ ਸਿਖੀ ਹੋਈ ਖਾਣਾ ਬਣਾਨ ਦੀ ਵਿਧੀ ਨਾਲ ਜੀਵਨ ਦਾ ਸੰਘਰਸ਼ ਸ਼ੁਰੂ ਕੀਤਾ। ਆਪਣਾ ਬਣਾਇਆ ਖਾਣਾ ਲੈ ਕੇ ਉਸ ਨੇ ਘਰ-ਘਰ ਜਾ ਕੇ ਦਰਵਾਜੇ ਖਟਖਟਾਏ ਪਰ ਕਿਸੇ ਨੇ ਵੀ ਹਾਮੀ ਨਾ ਭਾਰੀ। ਉਸ ਨੇ ਹਿੰਮਤ ਨਾ ਹਾਰੀ। ਅਖੀਰ 1000 ਵੇਂ ਘਰ ਨੇ ਉਸਦਾ ਖਾਣਾ ਖਰੀਦ ਹੀ ਲਿਆ। ਅਜ ਉਹ ਸੰਸਾਰ-ਪੱਧਰ ਦਾ ਕੈਟਲਰ ਗਿਣਿਆ ਜਾਂਦਾ ਹੈ।

ਵਾਲਟ ਡਿਜ਼ਨੀ ਜਦ ਜਵਾਨ ਸੀ, ਸਾਰੇ ਹੀ ਅਖਬਾਰਾਂ ਕੋਲ ਗਿਆ ਪਰ ਕਿਸੇ ਨੇ ਵੀ ਉਸ ਦੀ ਬਾਂਹ ਨਾ ਫੜੀ। ਆਖਿਰ ਇਕ ਦਿਨ ਉਹ ਗਿਰਜਾ ਘਰ ਗਿਆ। ਪਾਦਰੀ ਨੂੰ ਉਸ ਤੇ ਤਰਸ ਆਇਆ ਤੇ ਉਸ ਨੂੰ ਕੁਝ ਕਾਰਟੂਨ ਬਣਾਉਣ ਲਈ ਕਿਹਾ। ਕੰਮ ਕਰਨ ਲਈ ਉਸਨੂੰ ਜੋ ਕਮਰਾ ਦਿਤਾ ਗਿਆ ਉਸ ਵਿਚ ਬੜੇ ਚੂਹੇ ਸਨ। ਉਥੋਂ ਹੀ ਉਸਦੇ ਦਿਮਾਗ

ਵਿਚ Mickey Mouse (ਮਿਕੀ ਮਾਊਸ) ਦਾ ਕਿਰਦਾਰ ਉਭਰਿਆ ਤੇ ਅਜ ਉਹ ਸੰਸਾਰ ਪ੍ਰਸਿਧ ਹੈ।

ਕਿੰਗ ਬਰੂਸ ਐਂਡ ਦੀ ਸਪਾਈਡਰ ਕਹਾਣੀ ਤਾਂ ਅਸੀਂ ਬਚਪਨ ਵਿਚ ਹੀ ਪੜੀ ਸੀ ਕਿ ਕਿਵੇਂ ਰਾਜਾ ਬਰੂਸ ਹਾਰ ਕੇ ਜੰਗਲਾਂ ਤੇ ਕੁੰਦਰਾਵਾਂ ਵਿਚ ਲੁਕਿਆ ਫਿਰਦਾ ਸੀ। ਇਕ ਦਿਨ ਗੁਫਾ ਵਿਚ ਲੇਟੇ ਲੇਟੇ ਉਸ ਨੇ ਦੇਖਿਆ ਕਿ ਇਕ ਮਕੜੀ ਦੀਵਾਰ ਦੇ ਉਪਰ ਬਣੇ ਹੋਏ ਆਪਣੇ ਜਾਲੇ ਵਲ ਜਾ ਰਹੀ ਹੈ।ਪਰ ਜਾਲੇ ਤੋਂ ਥੋੜੀ ਦੂਰੀ ਤੋਂ ਪਹਿਲੇ ਹੀ ਉਹ ਡਿੱਗ ਗਈ।ਉਸਨੇ ਫਿਰ ਉਪਰ ਚੜਨਾ ਸ਼ੁਰੂ ਕੀਤਾ ਪਰ ਕੁਛ ਉਪਰ ਜਾ ਕੇ ਫਿਰ ਡਿੱਗ ਗਈ। ਇਸ ਤਰਾਂ ਉਸਨੇ ਸਤ ਵਾਰੀ ਕੀਤਾ ਪਰ ਜਾਲੇ ਤਕ ਨਾ ਪੁਜ ਸਕੀ।ਅਖੀਰ ਅਠਵੀਂ ਵਾਰੀ ਉਹ ਜਾਲੇ ਤਕ ਪੁਜਣ ਵਿਚ ਸਫਲ ਹੋ ਗਈ।ਰਾਜਾ ਬਰੂਸ ਇਕ ਦਮ ਉਠ ਖਲੋਤਾ।ਉਸ ਸੋਚਿਆ ਇਕ ਮਾਮੂਲੀ ਜਹੀ ਮਕੜੀ ਨੇ ਹਿੰਮਤ ਨਹੀਂ ਹਾਰੀ।ਉਦਮ ਕਰਦੀ ਰਹੀ ਤੇ ਸਫਲ ਹੋ ਕੇ ਹੀ ਰਹੀ। ਮੈਂ ਇਨਸਾਨ ਹੋ ਕੇ ਕਿਵੇਂ ਹਿੰਮਤ ਹਾਰ ਕੇ ਉਦਮ ਛੱਡ ਬੈਠਾਂ।ਉਸਨੇ ਹੌਸਲਾ ਕਰ ਕੇ ਫੌਜ ਇਕਠੀ ਕੀਤੀ ਤੇ ਦੁਸ਼ਮਨ ਤੇ ਚੜਾਈ ਕਰਕੇ ਉਸਨੂੰ ਹਰਾ ਕੇ ਆਪਣਾ ਰਾਜ ਮੁੜ ਤੋਂ ਵਾਪਸ ਪ੍ਰਾਪਤ ਕੀਤਾ।

ਸਰਮ ਖੰਡ ਵਿਚ ਪਹੁੰਚ ਕੇ ਹੀ "ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ" ਅਤੇ "ਮਤਿ ਵਿਚਿ ਰਤਨ ਜਵਾਹਰ ਮਾਣਿਕ ਜੇ ਇਕ ਗੁਰ ਕੀ ਸਿਖ ਸੁਣੀ" ਨਾਲ ਵਾਸਤਾ ਪੈਂਦਾ ਹੈ। ਅਰਦਾਸ ਕਰੀਏ ਕਿ ਹੇ ਅਕਾਲ ਪੁਰਖ ਜੀ-ਸਾ ਬੁਧਿ ਦੀਜੈ ਜਿਤੁ ਵਿਸਰਹਿ ਨਾਹੀ॥ਸਾ ਮਤਿ ਦੀਜੈ ਜਿਤੁ ਤੁਧੁ ਧਿਆਈ॥ (100)

**3. ਧਿਆਨ:** ਜੋ ਕੋਈ ਸਾਡਾ ਟੀਚਾ ਹੈ ਉਸ ਉਤੇ ਹੀ ਸਾਡਾ ਧਿਆਨ ਹੋਵੇ। ਸਾਡਾ ਟੀਚਾ ਹੈ- ਰਬ ਨਾਲ ਇਕ ਮਿਕ ਹੋਣਾ।

**ਸੇਵਾ ਕਰਤ ਹੋਇ ਨਿਹਕਾਮੀ॥**
**ਤਿਸ ਕਉ ਹੋਤ ਪਰਾਪਤਿ ਸੁਆਮੀ॥**
**(286)**

ਸੇਵਾ ਕੀ ਹੈ?
ਦੂਜੇ ਨੂੰ ਉਹ ਦੇਣਾ ਜਿਸ ਦੀ ਉਸਨੂੰ ਲੋੜ ਹੈ।

**4. ਕਾਲ:** ਖਿੰਥਾ ਕਾਲ।ਸਮੇਂ ਨੂੰ ਸੰਭਾਲੋ। ਇਕ ਪਲ ਵਿਅਰਥ ਨਾ ਗਵਾਓ।ਸਮਾਂ ਬੜੀ ਅਮੋਲਕ ਦਾਤ ਹੈ।

**5. ਕੁਆਰੀ ਕਾਇਆ ਜੁਗਤਿ:** ਵਿਕਾਰਾਂ ਤੋਂ ਬਚ ਕੇ ਰਹੋ। ਜੇ ਗਿਆਨ ਇੰਦਰੇ ਨਹੀਂ ਖੁਲੇ ਤਾਂ ਕਰਮ ਇੰਦਰੇ ਖੁਆਰ ਕਰਨਗੇ।

**ਕਾਮ:** ਵੇਖ ਪਰਾਇਆਂ ਚੰਗੀਆਂ,
ਮਾਵਾਂ ਭੈਣਾਂ ਧੀਆਂ ਜਾਣੇ
(ਭਾਈ ਗੁਰਦਾਸ ਜੀ)
ਪਰ ਤ੍ਰਿਅ ਰੂਪੁ ਨ ਪੇਖੈ ਨੇਤ੍ਰ॥ (274)

**ਰਹਿਤਨਾਮੇ ਅਨੁਸਾਰ-**

ਪਰ ਬੇਟੀ ਕੋ ਬੇਟੀ ਜਾਨੈ,
ਪਰ ਇਸਤ੍ਰੀ ਕੋ ਮਾਤ ਬਖਾਨੈ॥
ਅਪਨਿ ਇਸਤ੍ਰੀ ਸੋਂ ਰਤਿ ਹੋਈ॥
ਰਹਿਤਵੰਤ ਸਿੰਘ ਹੈ ਸੋਈ॥

ਚਾਰ ਕੁਰਹਿਤਾਂ ਵਿਚੋਂ ਇਕ ਕੁਰਹਿਤ ਜੋ ਨਹੀਂ ਕਰਨੀ, ਉਹ ਇਹ ਹੈ ਕਿ- ਪਰ ਇਸਤ੍ਰੀ ਜਾਂ ਪਰ ਪੁਰਸ਼ ਦਾ ਗਮਨ (ਭੋਗਣਾ)

**ਕਰੋਧ:-** ਨਾ ਬੁਰਾ ਕਰਣਾ ਨਾ ਬੁਰਾ ਵੇਖਣਾ।
ਨਾ ਜ਼ੁਲਮ ਕਰਣਾ ਨਾ ਜ਼ੁਲਮ ਸਹਿਣਾ।

**ਲੋਭ:** ਧਰਮ ਦੀ ਕਿਰਤ ਕਰੀਏ।
ਹਕੁ ਪਰਾਇਆ ਨਾਨਕਾ
ਉਸੁ ਸੂਅਰ ਉਸੁ ਗਾਇ॥ (141)

**ਮੋਹ :** ਮੋਹ ਨੂੰ ਪ੍ਰੇਮ ਵਿਚ ਬਦਲੀਏ।
ਸਾਚੁ ਕਹੋਂ ਸੁਨ ਲੇਹੁ ਸਭੈ
ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ॥
(ਤ੍ਵ ਪ੍ਰਸਾਦਿ॥ ਸਵੱਯੇ॥)

**ਅਹੰਕਾਰ:** ਹੰਕਾਰ ਸਵੈਮਾਨ ਬਣ ਜਾਏ।
ਮੇਰੀ ਮੇਰੀ ਕਰਤੇ ਜਨਮੁ ਗਇਓ॥ (479)
"ਮੈਂ" ਨੂੰ ਤੂੰ ਵਿਚ ਬਦਲ ਦਿਓ।

**6. ਡੰਡਾ ਪਰਤੀਤਿ:** ਭਰੋਸੇ ਦਾ ਡੰਡਾ ਰਖੀਏ। ਗੁਰੂ ਦਾ ਭਰੋਸਾ, ਅਕਾਲ ਪੁਰਖ ਦਾ ਭਰੋਸਾ। ਅਰਦਾਸ ਵਿਚ ਵੀ ਅਸੀ "ਭਰੋਸਾ ਦਾਨ" ਹੀ ਮੰਗਦੇ ਹਾਂ।

**7. ਆਈ ਪੰਥੀ ਸਗਲ ਜਮਾਤੀ:** ਖਲਕਤ ਦੀ ਸੇਵਾ ਕਰਨੀ। ਜਦ ਅੱਖਾਂ ਵਿਚ ਵਖਰੇਵਾਂ ਹੋਵੇਗਾ ਤਾਂ ਖਲਕਤ ਦੀ ਸੇਵਾ ਨਹੀਂ ਹੋ ਸਕਦੀ। ਸਰਬਤ ਦਾ ਭਲਾ ਮੰਗਣਾ ਹੈ ਤੇ ਕਰਨਾ ਹੈ।

ਫਰੀਦਾ ਖਾਲਕੁ ਖਲਕ ਮਹਿ
ਖਲਕ ਵਸੈ ਰਬ ਮਾਹਿ॥
ਮੰਦਾ ਕਿਸ ਨੋ ਆਖੀਐ ਜਾਂ ਤਿਸੁ ਬਿਨੁ ਕੋਈ ਨਾਹਿ॥ (1381)

**8. ਮਨਿ ਜੀਤੈ।ਜਗੁ ਜੀਤੁ:** ਮਨ ਜਿਤਣ ਲਈ ਮਰਿਆਦਾ ਧਸਿਚਪਿਲਨਿਏ ਬਹੁਤ ਜ਼ਰੂਰੀ ਹੈ।ਸਰੀਰ ਸਾਧਨ ਹੈ ਪ੍ਰਾਪਤੀ ਦਾ। ਮਨ ਨੇ ਜੋਤ ਸ਼ੁੋਲ ਵਿਚ ਲੀਨ ਹੋਣਾ ਹੈ।ਅਜ ਮਨ ਨਹੀਂ ਕਰਦਾ , ਮੇਰਾ ਮਨ ਨਹੀਂ ਮੰਨਦਾ, ਇਹ ਸਭ ਹੁਜਤਾਂ ਹਨ ਤੇ ਇਨਾਂ ਨੂੰ ਛੱਡਨਾ ਪਵੇਗਾ। ਗਲ ਆਪੇ ਦੇ ਸਵਾਰਣ ਦੀ ਹੈ।ਮਨ ਸੁਆਦਾਂ ਨਾਲ ਲਾ ਲਈਏ, ਵਿਕਾਰਾਂ ਨਾਲ ਲਾ ਲਈਏ ਤਾਂ ਮਨ ਵਿਕਾਰੀ-ਸੰਸਾਰੀ- ਮਨਮੁਖ ਬਣ ਗਿਆ ਸਮਝੋ।ਆਮ ਅਖਾਣ ਹੈ:

ਬੁਲਿਆ ਰੱਬ ਦਾ ਕੀ ਪਾਉਣਾ
ਇਧਰੋਂ ਪੁਟਣਾ ਤੇ ਉਧਰ ਲਾਉਣਾ॥

Self Discipline ਆਪਾ ਨਿਯੰਤਰਣ ਦੀ ਲੋੜ ਸਾਨੂੰ ਹਰ ਵੇਲੇ ਹੈ। "ਕਿਵ ਸਚਿਆਰਾ ਹੋਈਐ" ਹਰ ਵੇਲੇ ਯਾਦ ਰੱਖਣਾ ਹੈ।

**ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰ॥**
**(62)**

ਸਚਾ ਆਚਰਣ ਹੋਵੇ ਸਾਡਾ। ਇਹ ਗੁਰੂ ਦੀ ਮਤਿ ਧਾਰਣ ਕਰਨ ਨਾਲ ਹੀ ਹੋਵੇਗਾ।

**ਗੁਰ ਕੀ ਮਤਿ ਤੂੰ ਲੇਹਿ ਇਆਨੇ॥**
**(288)**

ਜੀਵਨ ਬਾਰ ਬਾਰ ਕਦੀਂ ਮਿਲਣਾ। ਹੁਣ ਮਿਲਿਆ ਹੈ ਤਾਂ ਇਸ ਨੂੰ ਸੰਵਾਰ ਲਈਏ।

**ਨਾਨਕ ਸਤਿਗੁਰਿ ਭੇਟਿਐ**
**ਪੂਰੀ ਹੋਵੈ ਜੁਗਤਿ॥**
**ਹਸੰਦਿਆ ਖੇਲੰਦਿਆ**
**ਪੈਨੰਦਿਆ ਖਾਵੰਦਿਆ**
**ਵਿਚੇ ਹੋਵੈ ਮੁਕਤਿ॥ (522)**

ਇਸ ਤਰਾਂ ਧਿਆਨ Concentration ਰਾਹੀਂ ਆਪਣੇ ਆਪ ਨੂੰ ਮਨ ਦੇ ਅਧੀਨ ਨਾ ਰਖ ਕੇ ਮਨ ਨੂੰ ਆਪਣੇ ਅਨੁਸਾਰ ਢਾਲੀਏ। Hearing ਤਾਂ ਹੋ ਜਾਂਦੀ ਹੈ ਪਰ Listening ਨਹੀਂ ਹੁੰਦੀ।ਸੁਣਿਆ ਤਾਂ ਹੈ ਗੁਰੂ ਦਾ ਉਪਦੇਸ਼ ਪਰ Implementation ਅਮਲ ਨਹੀਂ ਹੋਇਆ। ਅਮਲ ਵਿਚ ਨਹੀਂ ਲਿਆਂਦਾ।ਜੇ ਇਸ ਤਰਾਂ ਹੋ ਜਾਏ ਤਾਂ "ਮਨਿ ਜੀਤੈ ਜਗੁ ਜੀਤੁ" ਜਰੂਰ ਹੋਵੇਗਾ।

ਗੁਰੂ ਨਾਨਕ ਪਾਤਸ਼ਾਹ ਦੇ ਇਸ ਫੁਰਮਾਨ ਨੂੰ ਲੈ ਕੇ 1975 ਵਿਚ ਛਹਰਸਿਟਓਿਨ ਭਸਿਹੋਪ ਈਸਾਈ ਪਾਦਰੀ ਨੇ ਇਕ ਪੁਸਤਲ ਲਿਖੀ "Internal Victory Leads to External Victory" (ਅੰਦਰੂਨੀ ਜਿਤ ਬਾਹਰੀ ਜਿਤ ਵਲ ਲੈ ਜਾਂਦੀ ਹੈ)।

Dr. Stephen ਨੇ ਘੰਟੇ ਦਾ ਲੈਕਚਰ 23900/-ਰੁਪਏ ਫੀਸ ਲੈ ਕੇ "Seven habits of highly effective People" ਸਿਰਲੇਖ ਹੇਠ ਦਿਤਾ। ਪਰ ਇਕ ਪੁਸਤਕ "Eighth Habit" ਆਪਣੇ ਮਰਨ ਤੋਂ ਇਕ ਸਾਲ ਪਹਿਲੇ ਲਿਖੀ ਜੋ "ਮਨੁ ਜੀਤੇ ਜਗੁ ਜੀਤਿਆ" 'ਤੇ ਆਧਾਰਤ ਸੀ।

ਸਾਡੇ ਚਿੰਨ੍ਹ (ਕਕਾਰ) ਵੀ ਸਿਰਫ ਚਿੰਨ੍ਹ ਹੀ ਨਾ ਰਹਿ ਜਾਣ ਇਹ ਖਿਆਲ ਅਸੀਂ ਰਖਣਾ ਹੈ।

ਇਸੇ ਵਿਸ਼ੇ ਨੂੰ ਲੈ ਕੇ Dr. Cruse Well ਨੇ "Create your Mind" ਸਿਰਲੇਖ ਹੇਠ 19 Ph.D ਕੀਤੀਆਂ।

Dr. Dispenje ਅਨੁਸਾਰ Education ਦਾ ਮਤਲਬ ਹੈ ਅੰਦਰੋਂ ਕਢਣਾ। ਤੇ ਮਨ ਜੋ ਅੰਦਰ ਹੈ ਉਸੇ ਨੇ ਹੀ ਜੋਤ ਨਾਲ ਜੁੜਨਾ ਹੈ। ਗਿਆਨ ਰਾਹੀਂ ਗਿਆਨੀ ਬਣਨਾ ਹੈ। ਗਿਆਨ ਮਾਇਆ ਨੂੰ ਜਿਤ ਲੈਂਦਾ ਹੈ। ਪਰ ਮਾਇਆ ਨੇ ਸਾਰੇ ਜਗਤ ਨੂੰ ਜਿਤਿਆ ਹੋਇਆ ਹੈ।

ਉਸ ਅਕਾਲ ਪੁਰਖ ਨੂੰ ਹੀ ਆਦੇਸ, ਨਮਸਕਾਰ ਹੈ ਜੋ ਆਦਿ ਵਿਚ ਵੀ ਸੀ, ਜਿਸ ਦਾ ਕੋਈ ਅੰਤ ਪਾਰਾਵਾਰ ਨਹੀਂ ਹੈ। ਜੋ ਹਰ ਜੁਗ ਵਿਚ ਹਰ ਸਮੇਂ ਇਕੋ ਜਿਹਾ ਹੀ ਰਹਿੰਦਾ ਹੈ। ਉਸੇ ਵਿਚ ਅਭੇਦ ਹੋਣਾ ਹੀ ਜੀਵਨ ਦੀ ਸਫਲਤਾ ਹੈ।

-0-




# ਸਮੁੰਦਰ ਦੀ ਗਹਿਰਾਈ ਕਿਵੇਂ ਨਾਪੀ ਜਾਂਦੀ ਹੈ?

ਡੂੰਘਾਈ ਨਾਪਣਾ ਸੌਖਾ ਕੰਮ ਨਹੀਂ ਹੈ ਕਿਉਂਕਿ ਆਦਮੀ ਇਸ ਵਿੱਚ ਨਹੀਂ ਜਾ ਸਕਦਾ। ਫਿਰ ਡੂੰਘੇ ਪਾਣੀ ਵਿੱਚ ਕਿਵੇਂ ਪਤਾ ਲਗਾਇਆ ਜਾਂਦਾ ਹੈ ਕਿ ਆਖਰ ਡੂੰਘਾਈ ਕਿੰਨੀ ਹੈ? ਵਿਗਿਆਨੀ ਇਹੋ ਜਿਹੇ ਯੰਤਰ ਦੀ ਕਾਢ ਕਾਫ਼ੀ ਸਮਾਂ ਪਹਿਲਾਂ ਕੱਢ ਚੁੱਕੇ ਹਨ, ਜਿਸ ਨਾਲ ਡੂੰਘੇ ਪਾਣੀ ਵਿੱਚ ਉਤਰੇ ਬਿਨਾਂ ਹੀ ਸਮੁੰਦਰ ਦੀ ਡੂੰਘਾਈ ਨੂੰ ਨਾਪਿਆ ਜਾ ਸਕਦਾ ਹੈ। ਇਸ ਯੰਤਰ ਦਾ ਨਾਂ ਹੈ 'ਫੈਦੋਮੀਟਰ' ਜੋ ਸਮੁੰਦਰ ਦੀ ਡੂੰਘਾਈ ਨਾਪਣ ਦੇ ਕੰਮ ਆਉਂਦਾ ਹੈ। ਇਸ ਯੰਤਰ ਦੇ ਨਾਂ ਦੇ ਪਿੱਛੇ ਵੀ ਸਮੁੰਦਰੀ ਨਾਪ ਨੂੰ ਹੀ ਆਧਾਰ ਬਣਾਇਆ ਗਿਆ ਹੈ। ਮਤਲਬ ਸਮੁੰਦਰ ਦੀ ਡੂੰਘਾਈ ਮੀਟਰ ਜਾਂ ਕਿਲੋਮੀਟਰ ਵਿੱਚ ਨਹੀਂ ਨਾਪੀ ਜਾਂਦੀ ਬਲਕਿ ਇਸ ਨੂੰ ਨਾਪਣ ਦੀ ਜੋ ਇਕਾਈ ਹੈ, ਉਸ ਨੂੰ ਫੈਦਮ ਕਹਿੰਦੇ ਹਨ। ਇਸ ਲਈ ਇਸ ਯੰਤਰ ਦਾ ਨਾਂ ਫੈਦੋਮੀਟਰ ਪੈ ਗਿਆ।


**ਫੈਦੋਮੀਟਰ**

ਇਸ ਯੰਤਰ ਨਾਲ ਸਮੁੰਦਰ ਦੀ ਡੂੰਘਾਈ ਨਾਪਣ ਦਾ ਫਾਰਮੂਲਾ ਬਹੁਤ ਸੌਖਾ ਹੈ। ਇਸ ਯੰਤਰ ਨੂੰ ਜਹਾਜ਼ 'ਤੇ ਲਗਾ ਦਿੱਤਾ ਜਾਂਦਾ ਹੈ। ਇਸ ਵਿੱਚੋਂ ਨਿਕਲਣ ਵਾਲੀਆਂ ਤਰੰਗਾਂ ਵਿੱਚੋਂ ਸਮੁੰਦਰ ਦੀ ਡੂੰਘਾਈ ਨੂੰ ਨਾਪਿਆ ਜਾਂਦਾ ਹੈ। ਜਦੋਂ ਇਸ ਯੰਤਰ ਨੂੰ ਜਹਾਜ਼ 'ਤੇ ਲਗਾਇਆ ਜਾਂਦਾ ਹੈ ਤਾਂ ਇਸ ਦੀਆਂ ਤਰੰਗਾਂ ਸਮੁੰਦਰ ਦੇ ਹੇਠਲੇ ਹਿੱਸੇ ਨਾਲ ਟਕਰਾ ਕੇ ਮੁੜਦੀਆਂ ਹਨ। ਇਸ ਦੌਰਾਨ ਫੈਦੋਮੀਟਰ ਵਿੱਚ ਇਹ ਅੰਕਿਤ ਹੋ ਜਾਂਦਾ ਹੈ ਕਿ ਸਮੁੰਦਰ ਤਲ ਨਾਲ ਟਕਰਾਅ ਕੇ ਵਾਪਸ ਆਉਣ ਵਿੱਚ ਤਰੰਗਾਂ ਨੂੰ ਕਿੰਨਾ ਸਮਾਂ ਲੱਗਿਆ। ਇਹ ਤਰੰਗਾਂ ਸੁਣਾਈ ਨਹੀਂ ਦਿੰਦੀਆਂ, ਇਸ ਸਮੇਂ ਨੂੰ ਨੋਟ ਕਰ ਲਿਆ ਜਾਂਦਾ ਹੈ। ਸਮੁੰਦਰ ਤਲ ਤਕ ਜਾਣ ਅਤੇ ਆਉਣ ਵਿੱਚ ਜਿੰਨਾ ਸਮਾਂ ਲੱਗਦਾ ਹੈ, ਉਸ ਨੂੰ ਅੱਧਾ ਕਰ ਲਿਆ ਜਾਂਦਾ ਹੈ। ਪਾਣੀ ਵਿੱਚ ਧਮਨੀ ਦੇ ਵੇਗ ਨਾਲ ਇਸ ਨੂੰ ਗੁਣਾਂ ਕਰਕੇ ਜੋ ਮਾਨ ਆਉਂਦਾ ਹੈ, ਉਹੀ ਉਸ ਖ਼ਾਸ ਜਗ੍ਹਾ 'ਤੇ ਸਮੁੰਦਰ ਦੀ ਡੂੰਘਾਈ ਹੈ।

# ਫੂਲੀ ਰੋਟੀ ਦੀ ਇਕ ਪਰਤ ਪਤਲੀ ਕਿਉਂ ਹੁੰਦੀ ਹੈ?



ਬੱਚਿਓ! ਰੋਟੀ ਕਣਕ, ਮੱਕੀ ਅਤੇ ਬਾਜਰੇ ਆਦਿ ਦੀ ਬਣਾਈ ਜਾਂਦੀ ਹੈ। ਇਨ੍ਹਾਂ ਵਿੱਚ ਸਟਾਰਚ ਦੀ ਜ਼ਿਆਦਾ ਮਾਤਰਾ ਹੁੰਦੀ ਹੈ। ਸਟਾਰਚ ਉੱਚੇ ਤਾਪਮਾਨ 'ਤੇ ਡੈਕਸਟਰਿਨ ਵਿੱਚ ਬਦਲ ਜਾਂਦਾ ਹੈ। ਡੈਕਸਟਰਿਨ ਇੱਕ ਗੂੰਦੀ ਪਦਾਰਥ ਹੈ ਅਤੇ ਪਾਚਨਯੋਗ ਹੁੰਦਾ ਹੈ। ਇਹ ਗੁਲੂਕੋਜ਼ ਦੀ ਇੱਕ ਕਿਸਮ ਹੈ।

ਰੋਟੀ ਨੂੰ ਗਰਮ ਤਵੇ 'ਤੇ ਪਾਇਆ ਜਾਂਦਾ ਹੈ। ਉੱਚੇ ਤਾਪਮਾਨ 'ਤੇ ਰੋਟੀ ਦੇ ਹੇਠਲੇ ਪਾਸੇ ਦਾ ਸਟਾਰਚ ਡੈਕਸਟਰਿਨ ਵਿੱਚ ਬਦਲ ਜਾਂਦਾ ਹੈ। ਜਿਸ ਕਾਰਨ ਰੋਟੀ ਹੇਠਾਂ ਡੈਕਸਟਰਿਨ ਦੀ ਪਤਲੀ ਪਰਤ ਬਣ ਜਾਂਦੀ ਹੈ। ਇਸ ਪਰਤ 'ਤੇ ਸਟਾਰਚ ਦੀ ਪਤਲੀ ਪਰਤ ਰਹਿ ਜਾਂਦੀ ਹੈ। ਰੋਟੀ ਦਾ ਪਾਸਾ ਬਦਲਿਆ ਜਾਂਦਾ ਹੈ ਜਿਸ ਕਾਰਨ ਡੈਕਸਟਰਿਨ ਦੀ ਪਤਲੀ ਪਰਤ ਉੱਤੇ ਅਤੇ ਸਟਾਰਚ ਦੀ ਮੋਟੀ ਪਰਤ ਹੇਠਾਂ ਆ ਜਾਂਦੀ ਹੈ। ਉੱਚੇ ਤਾਪਮਾਨ 'ਤੇ ਸਟਾਰਚ ਦੀ ਮੋਟੀ ਪਰਤ ਵੀ ਡੈਕਸਟਰਿਨ ਵਿੱਚ ਬਦਲਣਾ ਸ਼ੁਰੂ ਕਰ ਦਿੰਦੀ ਹੈ ਜਿਸ ਕਾਰਨ ਡੈਕਸਟਰਿਨ ਦੀ ਮੋਟੀ ਪਰਤ ਬਣ ਜਾਂਦੀ ਹੈ। ਇਸ ਪਰਤ ਦਾ ਅੰਦਰਲਾ ਹਿੱਸਾ ਕੁਝ ਨਰਮ ਹੁੰਦਾ ਹੈ। ਉੱਚੇ ਤਾਪਮਾਨ 'ਤੇ ਪਾਣੀ ਦੇ ਵਾਸ਼ਪ ਬਣਦੇ ਹਨ। ਇਹ ਵਾਸ਼ਪ (ਭਾਫ਼) ਰੋਟੀ ਦੇ ਦੋਵੇਂ ਪਾਸੇ ਪਰਤ ਬਣਨ ਕਾਰਨ ਬਾਹਰ ਨਿਕਲ ਨਹੀਂ ਸਕਦੇ। ਪਾਣੀ ਦੇ ਵਾਸ਼ਪ ਦੋਵੇਂ ਪਰਤਾਂ 'ਤੇ ਦਬਾਅ ਪਾਉਂਦੇ ਹਨ ਜਿਸ ਕਾਰਨ ਪਤਲੀ ਪਰਤ, ਮੋਟੀ ਪਰਤ ਤੋਂ ਵੱਖ ਹੋ ਜਾਂਦੀ ਹੈ। ਰੋਟੀ ਫੁੱਲ ਜਾਂਦੀ ਹੈ। ਇਸ ਤਰ੍ਹਾਂ ਰੋਟੀ ਦੀ ਪਹਿਲੀ ਬਣਨ ਵਾਲੀ ਪਰਤ ਦੂਸਰੀ ਪਰਤ ਤੋਂ ਹਮੇਸ਼ਾਂ ਪਤਲੀ ਹੁੰਦੀ ਹੈ।

-ਕਰਨੈਲ ਸਿੰਘ ਰਾਮਗੜ੍ਹ
ਸੰਪਰਕ: 79864-99563

## ਵਾਤਾਵਰਨ ਬਚਾਓ

-ਸੁਰਿੰਦਰ ਚਹਿਲ ਖੇੜੀ, ਮੋਬਾ: 94655-20414

ਵਾਤਾਵਰਨ ਬਚਾਉਣ ਦੇ ਲਈ,
ਆਓ ਰਲ ਕੇ ਲਹਿਰ ਚਲਾਈਏ।
ਜੇ ਬਚੇ ਨਾ ਰੁੱਖ, ਕਿਥੋਂ ਮਿਲਣੇ ਸੁੱਖ,
ਨਾ ਰਹਿਣੇ ਪੰਛੀ, ਨਾ ਹੀ ਮਨੁੱਖ।
ਆਓ ਘਰ-ਘਰ ਹੋਕਾ ਇਹੋ ਲਾਈਏ,
ਵਾਤਾਵਰਨ ਬਚਾਉਣ...........।
ਪਾਣੀ ਦਿਨੋ-ਦਿਨ ਨੀਵਾਂ ਹੁੰਦਾ ਜਾਵੇ,
ਹੋਰ ਦੱਸੋ ਸਾਨੂੰ ਕਿਹੜਾ ਆ ਕੇ ਸਮਝਾਵੇ।
ਆਓ ਆਪਣੇ ਫਰਜ਼ ਨਿਭਾਈਏ,
ਵਾਤਾਵਰਨ ਬਚਾਉਣ...........।
ਕਰਕੇ ਸਪਰੇਆਂ ਹਵਾ ਗੰਧਲੀ ਬਣਾਈ,
ਆਪਣੀ ਹੀ ਜਾਨ ਆਪੇ ਦੁੱਖਾਂ ਵਿਚ ਪਾਈ।
ਕੁਦਰਤੀ ਸੋਮਿਆਂ ਨੂੰ ਮਿਲ ਕੇ ਬਚਾਈਏ,
ਵਾਤਾਵਰਨ ਬਚਾਉਣ...........।
ਕਾਵਾਂ, ਚਿੜੀਆਂ,
ਗਿਰਝਾਂ ਨਜ਼ਰੀਂ ਨਾ ਆਉਣ,
ਨਾ ਹੀ ਪਹਿਲਾਂ ਜਿਹੀ ਭਾਦੋਂ,
ਨਾ ਉਹੀ ਸਾਉਣ।
ਸਮਾਂ ਹੋਰ ਨਾ 'ਚਹਿਲਾ' ਐਵੇਂ ਗਵਾਈਏ,
ਵਾਤਾਵਰਨ ਬਚਾਉਣ ਦੇ ਲਈ,
ਆਓ ਰਲ ਕੇ ਲਹਿਰ ਚਲਾਈਏ।

# ਬਹੁਤ ਬੁੱਧੀਮਾਨੀ ਜੀਵ ਹੈ ਬਿੱਲੀ

**ਅਮਰੀਕ ਸਿੰਘ ਕੰਡਾ**

ਸਿਆਣੇ ਕਹਿੰਦੇ ਹਨ ਕਿ 'ਬਿੱਲੀ ਸ਼ੇਰ ਦੀ ਮਾਸੀ ਲੱਗਦੀ ਹੈ।' ਇਸ ਦਾ ਮਤਲਬ ਇਹ ਹੋਇਆ ਕਿ ਬਿੱਲੀ ਤੇ ਸ਼ੇਰ ਇੱਕ ਹੀ ਕੁਲ ਦੇ ਪ੍ਰਾਣੀ ਹਨ। ਇਨ੍ਹਾਂ ਦੋਨਾਂ ਦੇ ਜੀਵਨ ਦਾ ਉਦੇਸ਼ ਹੈ ਸ਼ਿਕਾਰ ਕਰਨਾ। ਬਿੱਲੀ ਪਾਲਤੂ ਵੀ ਹੁੰਦੀ ਹੈ ਤੇ ਜੰਗਲੀ ਵੀ। ਪਾਲਤੂ ਬਿੱਲੀਆਂ ਦੀਆਂ ਤਿੰਨ ਸੌ ਤੋਂ ਜ਼ਿਆਦਾ ਨਸਲਾਂ ਹੁੰਦੀਆਂ ਹਨ।

ਬਿੱਲੀ ਬਹੁਤ ਹੀ ਸਵੈਅਭਿਮਾਨੀ ਤੇ ਇਕਾਂਤਵਾਸੀ ਪ੍ਰਾਣੀ ਹੈ। ਪਾਲਤੂ ਬਿੱਲੀ ਆਪਣੇ ਸਵਾਮੀ ਨਾਲ ਮਿੱਤਰਤਾ ਤਾਂ ਕਰਦੀ ਹੈ, ਪਰ ਕੁੱਤੇ ਦੀ ਤਰ੍ਹਾਂ ਦਾਸ ਨਹੀਂ ਬਣਦੀ ਤੇ ਨਾ ਹੀ ਵਫ਼ਾਦਾਰ ਬਣਦੀ ਹੈ। ਇਹ ਇੱਕ ਬੁੱਧੀਮਾਨ ਜੀਵ ਹੋਣ ਕਾਰਨ ਹਰ ਗੱਲ ਛੇਤੀ ਹੀ ਸਿੱਖ ਲੈਂਦੀ ਹੈ, ਪਰ ਆਪਣੇ ਹੰਕਾਰ ਤੇ ਆਜ਼ਾਦੀ ਨੂੰ ਨਹੀਂ ਛੱਡਦੀ। ਅਫ਼ਰੀਕੀ ਤੇ ਯੂਰੋਪੀਅਨ ਬਿੱਲੀਆਂ ਦੇ ਸਰੀਰ 'ਤੇ ਛੋਟੇ ਛੋਟੇ ਰੋਏਂ ਹੁੰਦੇ ਹਨ। ਅੰਗੋਰਾ ਤੇ ਪਰਸ਼ਿਅਨ ਨਾਮੀ ਬਿੱਲੀਆਂ ਦੇ ਵਾਲ ਬਹੁਤ ਸੰਘਣੇ ਤੇ ਨਰਮ ਹੁੰਦੇ ਹਨ। ਰਾਇਲ ਸਿਆਮੀ ਬਿੱਲੀਆਂ ਆਪਣੇ ਸਰੀਰ ਦੇ ਲੰਬੇ ਤੇ ਚਮਕੀਲੇ ਵਾਲਾਂ ਕਾਰਨ ਬਹੁਤ ਪ੍ਰਸਿੱਧ ਹਨ। ਸਿਆਮੀ ਬਿੱਲੀਆਂ 130 ਪ੍ਰਕਾਰ ਦੀਆਂ ਹੁੰਦੀਆਂ ਹਨ। ਇਨ੍ਹਾਂ ਦਾ ਸਭ ਤੋਂ ਵਧੀਆ ਤੇ ਸੁੰਦਰ ਰੂਪ ਇੰਗਲੈਂਡ 'ਚ ਪਾਇਆ ਜਾਂਦਾ ਹੈ। ਸਿਆਮੀ ਬਿੱਲੀਆਂ ਦਾ ਕੁੱਤਿਆਂ ਨਾਲ ਬੜਾ ਪਿਆਰ ਹੁੰਦਾ ਹੈ। ਇਹ ਕੁੱਤਿਆਂ ਦੀ ਤਰ੍ਹਾਂ ਹੀ ਆਦਮੀ ਨਾਲ ਸਬੰਧ ਜੋੜਦੀਆਂ ਹਨ। ਵੈਸੇ ਤਾਂ ਇਹ ਖਰਗੋਸ਼ ਮਾਰ ਕੇ ਖਾਂਦੀਆਂ ਹਨ, ਪਰ ਚੂਹਿਆਂ ਦਾ ਸ਼ਿਕਾਰ ਇਨ੍ਹਾਂ ਦਾ ਵਿਸ਼ੇਸ਼ ਭੋਜਨ ਹੁੰਦਾ ਹੈ। ਪੁਰਾਣੇ ਸਮੇਂ 'ਚ ਜਹਾਜ਼ ਜਦੋਂ ਲੱਕੜ ਦੇ ਬਣੇ ਹੁੰਦੇ ਸਨ ਤਾਂ ਜਹਾਜ਼ 'ਚ ਸਿਆਮੀ ਬਿੱਲੀਆਂ ਰੱਖਣ ਦੀ ਪ੍ਰਥਾ ਹੁੰਦੀ ਸੀ ਕਿਉਂਕਿ ਇਨ੍ਹਾਂ ਦੇ ਰਹਿਣ ਕਾਰਨ ਜਹਾਜ਼ 'ਚ ਕੋਈ ਚੂਹਾ ਨਹੀਂ ਆਉਂਦਾ ਸੀ। ਜਹਾਜ਼ ਦੀ ਰਖਵਾਲੀ ਕਰਨ ਵਾਲੀ ਸਿਆਮੀ ਤੋਂ ਇਲਾਵਾ ਹੋਰ ਵੀ ਬਿੱਲੀਆਂ ਹਨ। ਜਿਵੇਂ ਟੈਬੀ, ਬਲੈਕ, ਮਨਕਸ, ਪਰਸ਼ਿਅਨ ਆਦਿ। ਇਹ ਸਾਰੀਆਂ ਅਸਾਧਾਰਨ ਰੂਪ 'ਚ ਬੁੱਧੀਮਾਨ ਹੁੰਦੀਆਂ ਹਨ। ਜਿਹੜੇ ਲੋਕ ਉੱਚ ਕੋਟੀ ਦੀਆਂ ਬਿੱਲੀਆਂ ਪਾਲਦੇ ਹਨ, ਉਹ ਜ਼ਿਆਦਾਤਾਰ ਪਰਸ਼ਿਅਨ ਬਿੱਲੀਆਂ ਹੀ ਪਾਲਦੇ ਹਨ ਕਿਉਂਕਿ ਇਹ ਦੇਖਣ 'ਚ ਬਹੁਤ ਸੁੰਦਰ ਹੁੰਦੀਆਂ ਹਨ। ਇਨ੍ਹਾਂ ਦੇ ਵਾਲ ਰੇਸ਼ਮੀ ਹੁੰਦੇ ਹਨ। ਜਿਹੜੇ ਖਾਂਦੇ ਸਮੇਂ ਅਕਸਰ ਇਨ੍ਹਾਂ ਦੇ ਗਲ਼ ਵਿੱਚ ਫਸ ਜਾਂਦੇ ਹਨ, ਪਰ ਇਨ੍ਹਾਂ ਨੂੰ ਬਚਪਨ ਵਿੱਚ ਹੀ ਮਾਂ ਕੋਲੋਂ ਸਿੱਖਿਆ ਮਿਲ ਜਾਂਦੀ ਹੈ ਕਿ ਕਿਵੇਂ ਇਨ੍ਹਾਂ ਬਾਲਾਂ ਨੂੰ ਨਿਗਲਨਾ ਹੈ। ਇਨ੍ਹਾਂ ਦੀਆਂ ਨੀਲੇ ਰੰਗ ਦੀਆਂ ਅੱਖਾਂ ਬਹੁਤ ਹੀ ਸੁੰਦਰ ਹੁੰਦੀਆਂ ਹਨ। ਕਿਸੇ ਕਿਸੇ ਬਿੱਲੀ ਦੀਆਂ ਦੋਨੋਂ ਅੱਖਾਂ ਇੱਕ ਰੰਗ ਦੀਆਂ ਨਹੀਂ ਹੁੰਦੀਆਂ। ਇੱਕ ਕਾਲੀ ਹੁੰਦੀ ਹੈ ਤੇ ਦੂਜੀ ਨੀਲੀ।

ਅੰਗੋਰਾ ਬਿੱਲੀ ਬਹੁਤ ਹੀ ਖੁਸ਼ ਮਿਜਾਜ਼ ਹੁੰਦੀ ਹੈ। ਟੈਬੀ ਬਿੱਲੀ ਦੇ ਸਰੀਰ 'ਤੇ ਪਾਣੀ ਰੰਗੇ ਦਾਗ ਹੁੰਦੇ ਹਨ। ਇੱਕ ਮਨਕਸ ਨਸਲ ਦੀ ਬਿੱਲੀ ਹੁੰਦੀ ਹੈ। ਇਸ ਦੀ ਪੂਛ ਨਹੀਂ ਹੁੰਦੀ। ਕੁਝ ਜੰਗਲੀ ਬਿੱਲੀਆਂ ਵੀ ਹੁੰਦੀਆਂ ਹਨ ਜਿਨ੍ਹਾਂ ਦੀਆਂ ਪੂਛਾਂ ਨਹੀਂ ਹੁੰਦੀਆਂ। ਜਿਨ੍ਹਾਂ ਬਿੱਲੀਆਂ ਦੀਆਂ ਪੂਛਾਂ ਨਹੀਂ ਹੁੰਦੀਆਂ ਉਨ੍ਹਾਂ ਦੇ ਮਗਰ ਵਾਲਾਂ ਦਾ ਗੁੱਛਾ ਹੁੰਦਾ ਹੈ ਜਿਹੜਾ ਦੋ ਭਾਗਾਂ 'ਚ ਵੰਡਿਆ ਹੁੰਦਾ ਹੈ। ਇਨ੍ਹਾਂ ਬਿੱਲੀਆਂ ਤੋਂ ਇਲਾਵਾ ਕਈ ਹੋਰ ਵੀ ਬਿੱਲੀਆਂ ਹਨ ਜਿਨ੍ਹਾਂ ਵਿੱਚ ਹੈ ਪੱਛਮੀ ਅਫ਼ਰੀਕਾ ਦੀ ਬਾਘ ਬਿੱਲੀ। ਇਹ ਕਈ ਰੰਗਾਂ ਦੀ ਹੁੰਦੀ ਹੈ। ਹਲਕੇ ਭੂਰੇ ਰੰਗ ਦੀ, ਜਿਸ 'ਤੇ ਹਲਕੇ ਪੀਲੇ ਰੰਗ ਦੇ ਧੱਬੇ ਹੁੰਦੇ ਹਨ ਜਾਂ ਲਾਲ ਰੰਗ ਦੀ ਜਿਸ 'ਚ ਕਿਸੇ ਕਿਸੇ ਦੇ ਗਹਿਰੇ ਰੰਗ ਦੇ ਧੱਬੇ ਹੁੰਦੇ ਹਨ, ਪਰ ਕਿਸੇ 'ਤੇ ਕੋਈ ਧੱਬਾ ਹੁੰਦਾ ਵੀ ਨਹੀਂ। ਬਾਘ ਬਿੱਲੀ ਦੇ ਬੱਚਿਆਂ ਦਾ ਰੰਗ ਇੱਕੋ ਜਿਹਾ ਨਾ ਹੋ ਕੇ ਅੱਡ ਅੱਡ ਹੁੰਦਾ ਹੈ। ਇਹ ਸੱਪ ਵਾਂਗ ਸਾਲ 'ਚ ਇੱਕ ਵਾਰ ਆਪਣੀ ਖੱਲ ਉਤਾਰ ਦਿੰਦੀ ਹੈ।

ਏਸ਼ੀਅਨ ਬਿੱਲੀ ਤਿੱਬਤ ਤੇ ਹਿਮਾਲਿਆ ਦੇ ਜੰਗਲਾਂ ਵਿੱਚ ਪਾਈ ਜਾਂਦੀ ਹੈ। ਇਸ ਤੋਂ ਇਲਾਵਾ ਇਹ ਦੱਖਣੀ ਚੀਨ, ਦੱਖਣੀ ਬਰਮਾ, ਥਾਈਲੈਂਡ ਤੇ ਸੁਮਾਤਰਾ 'ਚ ਵੀ ਇਸ ਨੂੰ ਦੇਖਿਆ ਜਾਂਦਾ ਹੈ, ਪਰ ਅੱਜ ਤਕ ਇਸ ਦੀਆਂ ਆਦਤਾਂ ਬਾਰੇ ਬਹੁਤ ਘੱਟ ਜਾਣਕਾਰੀ ਮਿਲੀ ਹੈ। ਚਾਰ ਫੁੱਟ ਲੰਬੀ ਇਸ ਬਿੱਲੀ ਦੀਆਂ ਲੱਤਾਂ ਕਾਫ਼ੀ ਲੰਬੀਆਂ ਹੁੰਦੀਆਂ ਹਨ। ਚੀਨੀ ਇਸ ਨੂੰ ਪੀਲਾ ਤੇਂਦੂਆ ਜਾਂ ਚੀਤਾ ਕਹਿੰਦੇ ਹਨ। ਤਿੱਬਤੀ ਇਸ ਨੂੰ ਚੱਟਾਨੀ ਬਿੱਲੀ ਕਹਿੰਦੇ ਹਨ। ਬਰਮੀ ਇਸ ਨੂੰ ਸਾਰੀਆਂ ਬਿੱਲੀਆਂ ਦਾ ਸਵਾਮੀ ਮੰਨਦੇ ਹਨ। ਇਹ ਜੰਗਲੀ ਬਿੱਲੀ ਨਿਰਦਈ ਤੇ ਬਹੁਤ ਭਿਅੰਕਰ ਹੁੰਦੀ ਹੈ।

ਕੋਮਲ ਚਮੜੀ ਵਾਲੀ ਚੀਤਾ ਬਿੱਲੀ ਨੂੰ ਸ਼ਿਕਾਰੀ ਇਸ ਲਈ ਬੰਦੂਕ ਦੀ ਗੋਲੀ ਜਾਂ ਤਿੱਖੇ ਹਥਿਆਰ ਨਾਲ ਨਹੀਂ ਮਾਰਦੇ ਕਿਉਂਕਿ ਇਸ ਦੀ ਖੱਲ ਬਹੁਤ ਹੀ ਸੁੰਦਰ ਤੇ ਆਕਰਿਸ਼ਤ ਹੁੰਦੀ ਹੈ। ਇਸ ਲਈ ਇਸ ਨੂੰ ਫੰਦੇ ਨਾਲ ਹੀ ਫੜ੍ਹਿਆ ਜਾਂ ਮਾਰਿਆ ਜਾਂਦਾ ਹੈ। ਇਸ ਦੀ ਖੱਲ ਬਹੁਤ ਮਹਿੰਗੀ ਵਿਕਦੀ ਹੈ। ਇਹ ਏਸ਼ੀਆ ਦੇ ਦੱਖਣੀ ਪੂਰਬੀ ਹਿੱਸੇ ਵਿੱਚ ਪਾਈ ਜਾਂਦੀ ਹੈ।

ਜੰਗਲੀ ਬਿੱਲੀਆਂ ਤਿੱਬਤ ਦੇ ਪਹਾੜਾਂ ਵਿੱਚ, ਸਾਈਬੇਰੀਆਂ ਦੇ ਦੱਖਣੀ ਭਾਗ ਵਿੱਚ ਮੈਦਾਨੀ ਇਲਾਕਿਆਂ ਤੇ ਕਸ਼ਮੀਰ ਵਿੱਚ ਪਾਈਆਂ ਜਾਂਦੀਆਂ ਹਨ। ਇਸ ਨੂੰ ਪਰਸ਼ਿਅਨ ਬਿੱਲੀ ਦਾ ਪੂਰਵਜ ਵੀ ਮੰਨਿਆ ਜਾਂਦਾ ਹੈ। ਇਸ ਦਾ ਆਕਾਰ ਪਾਲਤੂ ਬਿੱਲੀ ਜਿੰਡਾ ਹੁੰਦਾ ਹੈ, ਪਰ ਇਹ ਬਹੁਤ ਲੜਾਕੂ ਤੇ ਕਰੂਰ ਸੁਭਾਅ ਦੀ ਹੁੰਦੀ ਹੈ। ਇਸ ਦੀ ਖੱਲ ਹਲਕੇ ਭੂਰੇ ਰੰਗ ਦੀ ਮੋਟੀ ਹੁੰਦੀ ਹੈ ਜਿਹੜੀ ਇਸ ਨੂੰ ਸਾਇਬੇਰੀਆ ਦੀ ਬਰਫਾਨੀ ਠੰਢ 'ਚ ਬਚਾਈ ਰੱਖਦੀ ਹੈ।

ਘਰੇਲੂ ਬਿੱਲੀਆਂ ਦੀ ਕਹਾਣੀ ਬੜੀ ਰਹੱਸਮਈ ਹੈ ਜਿਸ ਜੰਗਲੀ ਬਿੱਲੀ ਨੂੰ ਮਿਸਰ ਵਾਲਿਆਂ ਨੇ ਪਾਲਤੂ ਬਣਾਇਆ ਸੀ। ਉਹ ਬੁਸ਼ ਬਿੱਲੀ ਜਾਂ ਅਫ਼ਰੀਕੀ ਜੰਗਲੀ ਬਿੱਲੀ ਹੈ। ਇਹ ਭਿਅੰਕਰ ਹੁੰਦੀ ਹੈ। ਸਕਾਟ ਦੇਸ਼ ਦੀ ਜੰਗਲੀ ਬਿੱਲੀ ਦੀ ਪੂਛ 'ਤੇ ਚਾਰ ਤੋਂ ਛੇ ਤਕ ਕਾਲੇ ਰੰਗ ਦੇ ਗੋਲ ਛੱਲੇ ਵਰਗੇ ਦਾਗ ਹੁੰਦੇ ਹਨ। ਇਹ ਇਨਸਾਨ ਤੇ ਪਸ਼ੂਆਂ ਲਈ ਬਹੁਤ ਖਤਰਨਾਕ ਹੁੰਦੀ ਹੈ। ਹਿਮਾਲਿਆ ਪਰਬਤ ਦੇ ਜੰਗਲਾਂ 'ਚ ਤੇ ਨੇਪਾਲ 'ਚ ਸੁੰਦਰ ਸੰਗਮਰਮਰੀ ਬਿੱਲੀ ਪਾਈ ਜਾਂਦੀ ਹੈ। ਇਸ ਦੀ ਖੱਲ ਸੁੰਦਰ ਤੇ ਆਕਰਸ਼ਿਤ ਹੁੰਦੀ ਹੈ। ਇਨ੍ਹਾਂ ਜੰਗਲੀ ਤੇ ਪਾਲਤੂ ਬਿੱਲੀਆਂ ਤੋਂ ਇਲਾਵਾ ਸੰਸਾਰ 'ਚ ਘਰੇਲੂ ਬਿੱਲੀਆਂ ਵੀ ਪਾਈਆਂ ਜਾਂਦੀਆਂ ਹਨ। ਜਿਨ੍ਹਾਂ ਨੂੰ ਆਪਾਂ ਰੋਜ਼ਾਨਾ ਘਰਾਂ ਦੇ ਆਸ ਪਾਸ ਦੇਖਦੇ ਹਾਂ।

–0–

<u>ਬਾਲ ਕਵਿਤਾਵਾਂ</u>

## ਸਕੂਲ

ਵਿੱਦਿਆ ਦਾ ਮੈਂ ਹਾਂ ਮੰਦਰ,
ਭੇਦ-ਭਾਵ ਨਾ ਕੋਈ ਮੇਰੇ ਅੰਦਰ।
ਸਭ ਧਰਮਾਂ ਦੇ ਬੱਚੇ ਆਉਂਦੇ,
ਮੇਰੇ ਮਨ ਨੂੰ ਬੜੇ ਹੀ ਭਾਉਂਦੇ।
ਮਿਲ ਜੁਲ ਕੇ ਸਭ ਨੇੜੇ ਬਹਿੰਦੇ,
ਭਾਰਤ ਮਾਤਾ ਦੀ 'ਜੈ ਹੋ' ਕਹਿੰਦੇ।
ਸਮਾਜ ਭਲਾਈ ਦੇ ਕੰਮ ਸਿਖਾਵਾਂ,
ਦੇਸ਼ ਭਗਤੀ ਦਾ ਪਿਆਰ ਜਗਾਵਾਂ।
ਮੇਰੀ ਹੈ ਸਭ ਤੋਂ ਅੱਜ ਉੱਚੀ ਥਾਂ,
ਬੁੱਝੋ ਬੱਚਿਓ ਤੁਸੀਂ ਮੇਰਾ ਨਾਂ।

–ਰਵਿੰਦਰ ਕੁਲਾਰ ਕੌਲਗੜ੍ਹ

## ਪੇਪਰ

ਰੁੱਤ ਹੁਣ ਪੇਪਰਾਂ ਦੀ ਆਈ ਬੱਚਿਓ,
ਮਨ ਲਾ ਕੇ ਕਰ ਲਓ ਪੜ੍ਹਾਈ ਬੱਚਿਓ।
ਬਹੁਤ ਚਿਰ ਹੁਣ ਖੇਡ- ਮਲ ਲਿਆ,
ਪਰ ਹੁਣ ਚਲਣੀ ਨਾ ਲਾਪਰਵਾਹੀ ਬੱਚਿਓ।
ਮੰਮੀ ਡੈਡੀ ਨੂੰ ਵੀ ਆਸਾਂ ਬਹੁਤ ਤੁਹਾਡੇ 'ਤੇ,
ਪੜ੍ਹ- ਲਿਖ ਧੁੰਮਾਂ ਜਾਓ ਪਾਈ ਬੱਚਿਓ।
ਸਾਰਾ ਸਾਲ ਜੋ ਵੀ ਸਕੂਲ ਵਿੱਚੋਂ ਸਿੱਖਿਆ,
ਉਸੇ ਦੀ ਕਰ ਲਵੋ ਦੁਹਰਾਈ ਬੱਚਿਓ।
ਜਾਵੋ ਮਾਪਿਆਂ ਦਾ ਨਾਂ ਰੁਸ਼ਨਾਈ ਬੱਚਿਓ,
ਰੁੱਤ ਹੁਣ ਪੇਪਰਾਂ ਦੀ ਆਈ ਬੱਚਿਓ,
ਮਨ ਲਾ ਕੇ ਕਰ ਲਓ ਪੜ੍ਹਾਈ ਬੱਚਿਓ।

–ਪਰਮ

# ਸਿੱਖ ਸੱਭਿਆਚਾਰ

**ਇੰਜੀ: ਜੋਗਿੰਦਰ ਸਿੰਘ**

ਮਨੁੱਖ ਦਾ ਦੂਸਰੇ ਮਨੁੱਖਾਂ ਨਾਲ, ਦੂਸਰੇ ਜੀਵ-ਪ੍ਰਾਣੀਆਂ ਨਾਲ ਤੇ ਪੂਰੀ ਪ੍ਰਕਿਰਤੀ ਨਾਲ ਅਨਿੱਖੜਵੇਂ ਸੰਬੰਧਾਂ ਨੂੰ ਸੰਤੁਲਿਤ ਕਰਨ ਦੀ ਜ਼ਰੂਰਤ ਮੁੱਢ-ਕਦੀਮੋਂ ਮਹਿਸੂਸ ਕੀਤੀ ਗਈ ਸੀ। ਸਹਿਹੋਂਦ ਦੀ ਪ੍ਰਫੁੱਲਤਾ ਲਈ ਨਿੱਜੀ ਤੇ ਸਮੂਹਿਕ ਸਭਾ ਜਾਂ ਇਕੱਠ ਵਿਚ ਬੈਠਣ-ਉੱਠਣ, ਵਿਚਾਰਨ ਤੇ ਅਦਬ-ਇਲਮ ਦੀ ਤਹਿਜ਼ੀਬ, ਬੋਲਣ ਵਿਚਾਰਨ ਦੀ ਯੋਗਤਾ, ਭਲੇਮਾਣਸਾਊ ਤੇ ਸ਼ਰਾਫਤ ਦੇ ਵਿਹਾਰ ਦੀ ਕਾਰਜਸ਼ੈਲੀ ਨੂੰ ਸੱਭਿਅਤਾ ਜਾਂ ਸੱਭਿਆਚਾਰ ਆਖਿਆ ਗਿਆ। ਸੱਭਿਆਚਾਰ ਦਾ ਅੰਗਰੇਜੀ ਭਾਸ਼ਾ ਵਿਚ ਪਰਿਆਇਵਾਚੀ ਸ਼ਬਦ 'ਕਲਚਰ' ਹੈ, ਇਸ ਦਾ ਮੂਲ ਲਾਤੀਨੀ ਭਾਸ਼ਾ ਤੋਂ ਹੈ ਅਤੇ ਇਸਦੇ ਸ਼ਾਬਦਿਕ ਅਰਥ, ਵਿਸ਼ੇਸ਼ ਪ੍ਰਕਾਰ ਦਾ ਵਿਕਾਸ, ਉਪਜਾਊ ਕਾਰਜ ਜਾਂ ਜੋਤਣਾ ਹਨ। ਜਿਵੇਂ ਕਿ ਐਗਰੀਕਲਚਰ ਆਮ ਪ੍ਰਚੱਲਿਤ ਸ਼ਬਦ ਹੈ, ਜਿੱਥੇ ਲਾਤੀਨੀ 'ਅਗਰ' ਦਾ ਅਰਥ ਹੈ ਖੇਤ ਤੇ 'ਕਲਚਰ' ਤੋਂ ਭਾਵ, ਹਲ ਜੋਤ ਕੇ ਧਰਤੀ ਨੂੰ ਵਧੀਆ-ਉਪਜਾਊ ਪ੍ਰਕਿਰਿਆ ਲਈ ਤਿਆਰ ਕਰਨਾ ਹੈ। ਇਸੇ ਤਰ੍ਹਾਂ ਮਨੁੱਖੀ ਖੁਸ਼ਹਾਲੀ ਲਈ 'ਸਮਾਜਿਕ ਸਹਿਹੋਂਦ' ਰੂਪੀ ਧਰਤੀ ਨੂੰ ਸੰਵਾਰਨਾ ਤੇ ਸੁਖੀ ਜੀਵਨ ਦੇ ਕਾਬਿਲ ਬਣਾਉਣਾ ਹੀ ਸੱਭਿਆਚਾਰ ਦਾ ਆਦਰਸ਼ ਹੈ। ਮਨੁੱਖਾਂ ਦੇ ਸਾਂਝੇ ਭਲੇ ਵਾਸਤੇ ਪ੍ਰਕਿਰਤਕ ਵਸੀਲਿਆਂ ਦੀ ਵਰਤੋਂ ਸੰਬੰਧੀ ਘੜੇ ਨਿਯਮਾਂ, ਕਾਨੂੰਨਾਂ, ਰੀਤੀ-ਰਿਵਾਜਾਂ, ਮਰਯਾਦਾਵਾਂ ਤੇ ਪਰੰਪਰਾਵਾਂ ਦਾ ਲਿਖਤ ਜਾਂ ਅਣ-ਲਿਖਤ ਅਚਾਰ-ਵਿਹਾਰ 'ਸੱਭਿਆਚਾਰ' ਦੇ ਰੂਪ ਵਿਚ ਵਿਕਸਿਤ ਹੋਇਆ ਹੈ। ਸੰਸਾਰ ਦੇ ਵੱਖ-ਵੱਖ ਖਿੱਤਿਆਂ ਦੇ ਜਨ-ਸਮੂਹਾਂ ਨੇ ਆਪੋ-ਆਪਣੀ ਸਮਝ ਦੇ ਅਨੁਕੂਲ ਸੱਭਿਆਚਾਰਾਂ ਨੂੰ ਸਾਜਿਆ ਸੰਵਾਰਿਆ ਹੈ।

ਮਾਨਵੀ ਜੀਵਨ ਦੀ ਅਰੰਭਤਾ ਤੋਂ ਹੀ ਮਨੁੱਖੀ ਸੱਭਿਆਚਾਰ ਦੀ ਹੋਂਦ ਦੀ ਸ਼ੁਰੂਆਤ ਮੰਨਣਯੋਗ ਹੈ ਅਤੇ ਇਸ ਦੀ ਸਿਰਜਣਾ ਦਾ ਖੇਤਰ ਸਮੁੱਚੇ ਜੀਵਨ ਦੀ ਤਰ੍ਹਾਂ ਹੀ ਸਰਬਵਿਆਪਕ ਤੇ ਵਿਸ਼ਾਲ ਸੰਭਾਵਨਾਵਾਂ ਵਾਲਾ ਹੈ। ਮੁਢਲੀਆਂ ਸਰੀਰਕ ਭੁੱਖਾਂ-ਦੁੱਖਾਂ ਦੇ ਸਮਾਧਾਨ ਲਈ ਕੀਤੇ ਯਤਨਾਂ ਅਤੇ ਜੁਗਤਾਂ ਵਿਚ ਹੋਏ ਚੇਤੰਨ ਵਿਕਾਸ ਦੇ ਇਤਿਹਾਸ ਨੂੰ ਹੀ ਸੱਭਿਆਚਾਰ ਦੀ ਸਰਲ ਪਰਿਭਾਸ਼ਾ ਵਜੋਂ ਸਮਝਿਆ ਜਾ ਸਕਦਾ ਹੈ। ਉਂਝ ਵੱਖ-ਵੱਖ ਸਮਿਆਂ ਵਿਚ ਵੱਖ-ਵੱਖ ਵਿਦਵਾਨਾਂ, ਚਿੰਤਕਾਂ, ਸਮਾਜ ਵਿਗਿਆਨੀਆਂ ਅਤੇ ਮਨੋਵਿਗਿਆਨੀਆਂ ਨੇ ਵੱਖ-ਵੱਖ ਸੰਦਰਭਾਂ ਵਿਚ ਅਨੇਕਾਂ ਬਹੁਪੱਖੀ ਪਰਿਭਾਸ਼ਾਵਾਂ ਦਾ ਵਰਨਣ ਕੀਤਾ ਹੈ, ਜਿਸ ਦੀ ਵਿਸਤ੍ਰਿਤ ਜਾਣਕਾਰੀ ਦੇਣੀ ਇਸ ਲੇਖ ਦਾ ਵਿਸ਼ਾ ਨਹੀਂ। ਸਾਰੇ ਮਾਨਵ ਵਿਗਿਆਨੀ ਮੰਨਦੇ ਹਨ ਕਿ ਸੱਭਿਆਚਾਰ, ਵਿਰਸੇ ਤੋਂ ਪ੍ਰਾਪਤ ਸੁਭਾਅ-ਪ੍ਰਵਿਰਤੀਆਂ ਤੋਂ ਉਲਟ, ਵਤੀਰੇ ਜਾਂ ਢੰਗਾਂ ਨੂੰ ਸਿੱਖਣ ਤੇ ਗ੍ਰਹਿਣ ਕਰਨ ਨਾਲ ਹੀ ਬਣਦਾ ਹੈ। ਪਸ਼ੂ-ਸੰਸਾਰ ਮੂਲ ਪ੍ਰਵਿਰਤੀਆਂ ਲੈ ਕੇ ਜਨਮਦਾ ਹੈ, ਮਨੁੱਖੀ ਵਿਹਾਰ ਅਜਿਹਾ ਨਹੀਂ। ਜੇ ਇਕ ਬਿੱਲੀ ਦੇ ਬੱਚੇ ਨੂੰ ਜੰਮਦਿਆਂ ਹੀ ਕੁੱਤਿਆਂ ਦੇ ਕਬੀਲੇ ਵਿਚ ਛੱਡ ਦਿੱਤਾ ਜਾਏ ਤਾਂ ਵੱਡਾ ਹੋ ਕੇ ਬਲੂੰਗੜਾ 'ਮਿਆਊਂ ਮਿਆਊਂ' ਹੀ ਕਰੇਗਾ, 'ਭੌਂ-ਭੌਂ' ਨਹੀਂ। ਪਰ ਜੇ ਇਕ ਮਨੁੱਖੀ ਬੱਚੇ ਨੂੰ ਜਨਮ ਤੋਂ ਹੀ ਜੰਗਲੀ ਜਾਨਵਰਾਂ ਵਿਚ ਛੱਡ ਦਿੱਤਾ ਜਾਵੇ ਤਾਂ ਉਹ ਵੱਡਾ ਹੋ ਕੇ ਜਾਨਵਰਾਂ ਵਾਂਗ ਹੀ ਟੁਰੇਗਾ, ਟੱਪੇਗਾ, ਖਾਵੇਗਾ ਤੇ ਬੋਲੇਗਾ ਬਿਲਕੁਲ ਇਵੇਂ, ਜਿਵੇਂ ਨਵ-ਜਨਮੇ ਪੰਜਾਬੀ ਬੱਚੇ ਨੂੰ ਕਿਸੇ ਅੰਗ੍ਰੇਜ਼ ਪਰਿਵਾਰ ਵਿਚ ਪਾਲਿਆ ਜਾਵੇ ਤਾਂ ਉਹ ਅੰਗਰੇਜ਼ੀ ਸੱਭਿਆਚਾਰ ਦਾ ਸਾਰਾ ਕੁਝ ਸੁਤੇ-ਸਿਧ ਹੀ ਸਿੱਖ ਜਾਵੇਗਾ। ਸੱਭਿਆਚਾਰ ਮਨੁੱਖ ਦਾ ਸਮਾਜਿਕ-ਵਿਰਸਾ ਹੈ, ਜਮਾਂਦਰੂ ਜੀਵ-ਵਿਗਿਆਨਕ ਨਿਯਮਾਂ ਅਨੁਸਾਰ ਨਹੀਂ, ਬਲਕਿ ਇਸ ਨੂੰ ਅਭਿਆਸ ਨਾਲ ਸਿੱਖਣਾ ਪੈਂਦਾ ਹੈ। ਹਰ ਮਨੁੱਖੀ ਨਵੀਂ ਪੀੜ੍ਹੀ ਪਿਛਲੀਆਂ ਪੁਸ਼ਤਾਂ ਤੋਂ ਪ੍ਰਾਪਤ ਸੱਭਿਆਚਾਰ ਨੂੰ ਨਵੀਆਂ ਪ੍ਰਸਥਿਤੀਆਂ ਅਨੁਸਾਰ ਕੁਝ ਤਿਆਗ ਕੇ ਤੇ ਕੁਝ ਬਦਲ ਕੇ ਗ੍ਰਹਿਣ ਕਰਦੀ ਹੈ। ਇਸ ਤਰ੍ਹਾਂ ਇਹ ਪ੍ਰਬੰਧ ਨਿਰੰਤਰ ਪਰਿਵਰਤਨਸ਼ੀਲ ਹੁੰਦਿਆਂ, ਕੁਦਰਤੀ ਚੌਗਿਰਦੇ ਦੇ ਅਨੁਕੂਲ ਢਲਦਾ ਰਹਿੰਦਾ ਹੈ ਅਤੇ ਆਪਣੀ ਨਿਤ-ਨਵੀਂ ਤਾਜ਼ਗੀ ਤੇ ਨਰੋਆਪਣ ਕਾਇਮ ਰੱਖਣ ਦੀ ਸਮਰੱਥਾ ਰੱਖਦਾ ਹੈ।

ਸੱਭਿਆਚਾਰ ਦੇ ਤਿੰਨ ਮੁੱਖ ਅੰਗ ਹੇਠ ਲਿਖੇ ਅਨੁਸਾਰ ਹਨ:

**(ੳ) ਪਦਾਰਥਕ ਸੱਭਿਆਚਾਰ:** ਮਨੁੱਖੀ ਸਿਰਜਣਾ ਦੀਆਂ ਸਾਰੀਆਂ ਵਸਤਾਂ ਤੇ ਵਸੀਲੇ ਜਿਵੇਂ ਕਿ ਖਾਣਯੋਗ ਪਦਾਰਥਾਂ ਦੀ ਵਿਭਿੰਨਤਾ, ਔਜ਼ਾਰ, ਸ਼ਸਤਰ, ਵਸਤਰ, ਗਹਿਣੇ, ਘਰ ਵਸੇਬੇ ਤੇ ਉਨ੍ਹਾਂ ਵਿਚ ਰੱਖੀਆਂ ਸੁਖ-ਸੁਵਿਧਾਵਾਂ ਦੀਆਂ ਸਹੂਲਤਾਂ ਅਤੇ ਭੋਜਨ-ਭੰਡਾਰ ਆਦਿ ਕਿਸੇ ਵਿਸ਼ੇਸ਼ ਸੱਭਿਆਚਾਰ ਦੀ ਪਹਿਚਾਣ ਦਾ ਬਾਹਰਮੁਖੀ ਨਿਵੇਕਲਾ ਚਿੰਨ੍ਹ ਤੇ ਉਸ ਦੇ ਨਿਆਰੇਪਨ ਦਾ ਪ੍ਰਤੀਕ ਹੈ।

**(ਅ) ਪ੍ਰਤਿਮਾਨਿਕ ਸੱਭਿਆਚਾਰ:** ਇਸ ਅੰਗ ਵਿਚ ਮਨੁੱਖੀ ਵਿਹਾਰ ਲਈ ਨਿਯਮ-ਮਾਪਦੰਡ ਭਾਵ 'ਇਹ ਕਰੋ ਤੇ ਇਹ ਨਾ ਕਰੋ' ਆਦਿ ਨਿਰਧਾਰਿਤ ਕੀਤੇ ਜਾਂਦੇ ਹਨ। ਭਾਈਚਾਰੇ ਵਿਚ ਵਿਚਰਦਿਆਂ, ਮਨੁੱਖ ਇਹਨਾਂ ਪ੍ਰੋਖ ਨਿਯਮਾਂ ਤੇ ਨਿਸ਼ੇਧਾਂ ਨੂੰ ਵੇਖੋ-ਵੇਖੀ ਆਪੇ ਗ੍ਰਹਿਣ ਕਰ ਲੈਂਦਾ ਹੈ ਜਿਵੇਂ ਕਿ ਵੱਡਿਆਂ ਦੇ ਰੂਬਰੂ ਸਤਿਕਾਰ ਵਿਚ ਹਲੇਮੀ-ਨਿਮਰਤਾ ਵਿਚ ਰਹਿਣਾ, ਸਿਰ ਢਕ ਲੈਣ ਤੇ ਸਲੀਕੇ ਨਾਲ ਪੇਸ਼ ਆਉਣਾ। ਪ੍ਰਤੱਖ ਨਿਯਮ ਸਿੱਖਣੇ ਪੈਂਦੇ ਹਨ ਜਿਵੇਂ ਕਿ ਛਿੱਕ ਮਾਰਦਿਆਂ, ਉਬਾਸੀ ਲੈਂਦਿਆਂ ਮੂੰਹ ਅੱਗੇ ਹੱਥ ਰੱਖ ਲੈਣਾ ਆਦਿ। ਆਚਰਣਿਕ ਨਿਯਮਾਂ ਨੂੰ ਵਿਆਪਕ, ਆਦਰਸ਼ਕ, ਲੋਕਾਚਾਰ, ਸਦਾਚਾਰ ਅਤੇ ਨਿੰਦਣਯੋਗ ਤੇ ਦੰਡਣਯੋਗ ਸ਼੍ਰੇਣੀਆਂ ਵਿਚ ਵੰਡਿਆ ਜਾ ਸਕਦਾ ਹੈ।

**(ੲ) ਬੌਧਾਤਮਿਕ ਸੱਭਿਆਚਾਰ:** ਅਕੀਦੇ, ਵਿਸ਼ਵਾਸ, ਸਾਹਿਤਕਾਰੀ, ਕਲਾਕਾਰੀ, ਫ਼ਿਲਾਸਫ਼ੀ, ਧਰਮ, ਅਧਿਆਤਮਿਕਤਾ ਦਰਸ਼ਨ-ਸ਼ਾਸਤਰ, ਮਾਨਵੀ ਕਦਰਾਂ-ਕੀਮਤਾ ਦੇ ਮਿਆਰ, ਮਨੁੱਖੀ ਕਾਰਜਾਂ ਦੀ ਉਚਿਤਤਾ ਜਾਂ ਅਣਉਚਿਤਤਾ ਆਦਿ ਅਣਗਿਣਤ ਛੋਟੇ-ਵੱਡੇ ਅੰਸ਼ ਇਸ ਅੰਗ ਦੀ ਘਾੜਤ ਕਰਦੇ ਹਨ।

ਉਪਰੋਕਤ ਤਿੰਨੇ ਅੰਗ ਆਪਸ ਵਿਚ ਇਸ ਤਰ੍ਹਾਂ ਘੁਲੇ ਮਿਲੇ ਹੁੰਦੇ ਹਨ ਕਿ ਸਪੱਸ਼ਟ ਨਿਖੇੜਾ ਨਹੀਂ ਕੀਤਾ ਜਾ ਸਕਦਾ ਤੇ ਕੋਈ ਵੀ ਵਿਸ਼ੇਸ਼ ਸੱਭਿਆਚਾਰ ਇਹਨਾਂ ਸਾਰਿਆਂ ਅੰਗਾਂ ਦਾ ਸਮੁੱਚਾ ਰੂਪ ਹੁੰਦਾ ਹੈ। ਸੱਭਿਆਚਾਰ ਨਿਰੋਲ ਮਨੁੱਖੀ ਵਰਤਾਰਾ ਹੈ ਪਰ ਕਿਸੇ ਇਕ ਮਨੁੱਖ ਦਾ ਕਾਰਜ ਨਹੀਂ, ਬਲਕਿ ਇਕ ਵੱਡੀ ਗਿਣਤੀ ਵਾਲੇ ਜਨ-ਸਮੂਹ ਦੇ ਸਾਂਝੇ ਵਿਚਾਰਾਂ-ਵਿਹਾਰਾਂ ਤੋਂ ਉਪਜੀ ਸਮੂਹਿਕ-ਸ਼ਖ਼ਸੀਅਤ-ਸਿਰਜਣਾ ਹੈ। ਪ੍ਰਚੱਲਿਤ ਸੱਭਿਆਚਾਰ ਆਮ ਤੌਰ 'ਪਰ ਇਕ ਮਨੁੱਖ ਦੀ ਸ਼ਖ਼ਸੀਅਤ ਉਸਾਰੀ ਨੂੰ ਪ੍ਰਭਾਵਿਤ ਕਰਦਾ ਹੈ ਪਰ ਕਾਲ-ਗਤੀ ਦੌਰਾਨ ਕਈ ਇਤਿਹਾਸਕ ਸਮਿਆਂ ਉੱਪਰ ਕਿਸੇ ਕਿਸੇ ਵਿਸ਼ੇਸ਼ ਮਨੁੱਖੀ ਸ਼ਖ਼ਸੀਅਤ ਨੇ ਸਮੁੱਚੇ ਸੱਭਿਆਚਾਰ ਨੂੰ ਭਰਪੂਰ ਪ੍ਰਭਾਵਿਤ ਕੀਤਾ ਹੈ। ਪ੍ਰਾਚੀਨ ਭਾਰਤ ਤੇ ਆਸੇ-ਪਾਸੇ ਦੇ ਭੂ-ਖੰਡਾਂ ਵਿਚਲੇ ਹੋਂਦ ਵਿਚ ਆਏ ਅਣਗਿਣਤ ਸੱਭਿਆਚਾਰਾਂ ਨੂੰ, ਗੁਰੂ ਨਾਨਕ ਆਗਮਨ ਅਤੇ ਉਹਨਾਂ ਦੀ ਸਰਬਸਾਂਝੀ ਮਾਨਵ-ਕਲਿਆਣਕਾਰੀ ਵਿਚਾਰਧਾਰਾ ਨੇ, ਨਵੀਆਂ ਸੇਧਾਂ ਬਖ਼ਸ਼ੀਆਂ। ਗੁਰ ਉਪਦੇਸ਼ਾਂ ਨੇ ਉੱਚ-ਸੁੱਚੇ ਮਨੁੱਖੀ ਆਚਾਰ-ਵਿਹਾਰ ਦੇ ਨਵੇਂ ਨਿਵੇਕਲੇ ਦਿਸਹੱਦੇ ਦ੍ਰਿਸ਼ਟਾਏ। ਮਾਨਵੀ ਸਾਧਨਾ ਤੇ ਸਮਰੱਥਾਵਾਂ ਦੀਆਂ ਸ੍ਰੇਸ਼ਟਤਮ ਸੰਭਾਵਨਾਵਾਂ, ਉਦੇਸ਼, ਆਦਰਸ਼ ਅਤੇ ਟੀਚੇ ਨਿਸ਼ਚਿਤ ਕੀਤੇ। ਵਿਭਿੰਨ ਮਾਨਤਾਵਾਂ ਅਤੇ ਸੱਭਿਆਚਾਰਾਂ ਨਾਲ ਜੁੜੇ, ਪਰ ਸੰਸਾਰਕ ਤੇ ਪਰਮਾਰਥਕ ਕਦਰਾਂ-ਕੀਮਤਾਂ ਅਤੇ ਟੀਚਿਆਂ ਵਲੋਂ ਪੁੱਗ ਚੁੱਕੇ ਹਮ-ਖਿਆਲੀ ਮਹਾਂਪੁਰਖਾਂ ਦੀ ਪ੍ਰਮਾਣੀਕ ਬਾਣੀ-ਰਚਨਾਵਾਂ ਨੂੰ ਇਕੱਤਰ ਕੀਤਾ ਗਿਆ। ਪੰਜਵੀਂ ਪਾਤਸ਼ਾਹੀ ਜੀ ਨੇ ਸਮੁੱਚੀਆਂ ਬਾਣੀਆਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ ਸੰਕਲਿਤ ਤੇ ਸੰਪਾਦਿਤ ਕਰਕੇ ਮਨੁੱਖਤਾ ਨੂੰ

ਸਰਬਸਾਂਝੀਵਾਲਤਾ, ਸਮਾਨਤਾ, ਸੁਤੰਤਰਤਾ ਤੇ ਨਿਆਂ-ਯੁਕਤ ਬਰਾਬਰਤਾ ਨੂੰ ਪ੍ਰਤੀਬੱਧ ਸਿੱਖ-ਸੱਭਿਆਚਾਰ ਦਾ ਪ੍ਰਮਾਣੀਕ ਦਾਰਸ਼ਨਿਕ ਆਧਾਰ ਪ੍ਰਦਾਨ ਕੀਤਾ ਹੈ।

ਸਮੁੱਚੀ ਗੁਰਬਾਣੀ ਵਿਚਾਰਧਾਰਾ ਦੀ ਵਿਸ਼ਾਲਤਾ ਤੇ ਬਹੁਪੱਖਤਾ ਦੇ ਸਨਮੁਖ ਕਵਲ ਚੋਣਵੇਂ ਤੇ ਉਘੜਵੇਂ ਰੂਪ ਵਿਚ ਉਜਾਗਰ ਹੋਏ ਮਨੁੱਖੀ ਸੱਭਿਆਚਾਰਕ ਪੱਖਾਂ ਦੀ ਮੁਢਲੀ ਤੇ ਸੰਖੇਪ ਵਿਚਾਰ ਹੀ ਇਸ ਹਥਲੇ ਲੇਖ ਦਾ ਮਨੋਰਥ ਹੈ। ਤਿੰਨੇ ਮੁੱਖ ਅੰਗਾਂ ਅਧੀਨ ਗੁਰ-ਉਪਦੇਸ਼ਾਂ ਨੂੰ ਹੇਠ ਦਿੱਤੇ ਅਨੁਸਾਰ ਸਮਝਿਆ ਤੇ ਗ੍ਰਹਿਣ ਕੀਤਾ ਜਾ ਸਕਦਾ ਹੈ।

**(ੳ) ਪਦਾਰਥਕ ਨੇਮ ਤੇ ਨਿਸ਼ੇਧ :** ਸਾਦਾ ਪੌਸ਼ਟਿਕ ਭੋਜਨ ਲਿਆ ਜਾਣਾ ਚਾਹੀਦਾ ਹੈ, ਜਿਸ ਨਾਲ ਸਰੀਰ ਨਰੋਆ ਤੇ ਮਨ ਦੀ ਸਵੱਛਤਾ ਬਣੀ ਰਹੇ। ਪ੍ਰਕਿਰਤਕ ਪ੍ਰਭਾਵਾਂ ਤੋਂ ਸਰੀਰ ਦੇ ਬਚਾਅ ਅਤੇ ਤਨ ਦੇ ਨੰਗੇਜ ਨੂੰ ਕੱਜਣ ਲਈ ਢੁਕਵਾਂ ਪਹਿਰਾਵਾ ਹੀ ਯੋਗ ਹੈ। ਲੋੜੀਂਦੇ ਸਵਾਰੀ ਵਾਹਨ, ਅਸਤ੍ਰ-ਸ਼ਸਤ੍ਰ ਤੇ ਔਜ਼ਾਰਾਂ ਦੀ ਵਰਤੋਂ ਪਰਮਾਤਮਾ ਦੀ ਭੈ-ਭਾਵਨੀ ਵਿਚ ਦਰਕਾਰ ਹੈ। ਕਰਤਾ-ਪੁਰਖ ਦੇ ਹੁਕਮ ਰਜ਼ਾ ਵਿਚ ਚਲਦਿਆਂ ਘਰ ਵਸੇਬੇ ਦੀਆਂ ਸੁਖ-ਸੁਵਿਧਾਵਾਂ ਦੀ ਸਿਰਜਣਾ ਪ੍ਰਵਾਨ ਹੈ। ਵਿਕਾਰੀ ਐਸ਼ੋ-ਇਸ਼ਰਤ ਦੇ ਸਾਮਾਨ ਵਿਵਰਜਿਤ ਹਨ। ਸਿਰੀ ਰਾਗ ਦੇ ਅੰਤਰਗਤਿ ਮਹਲਾ ੧ ਦਾ ਇਕ ਸ਼ਬਦ ਇਸ ਸਮੁੱਚੇ ਪਰਿਪੇਖ ਨੂੰ ਵਿਸਤਾਰ ਨਾਲ ਸਪੱਸ਼ਟ ਕਰ ਰਿਹੈ:

**ਬਾਬਾ ਹੋਰੁ ਖਾਣਾ ਖੁਸੀ ਖੁਆਰੁ ॥**
**ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥ ਰਹਾਉ ॥**
**ਰਤਾ ਪੈਨਣੁ ਮਨੁ ਰਤਾ ਸੁਪੇਦੀ ਸਤੁ ਦਾਨੁ ॥**
**ਨੀਲੀ ਸਿਆਹੀ ਕਦਾ ਕਰਣੀ ਪਹਿਰਣੁ ਪੈਰ ਧਿਆਨੁ ॥**
**ਕਮਰਬੰਦੁ ਸੰਤੋਖ ਕਾ ਧਨੁ ਜੋਬਨੁ ਤੇਰਾ ਨਾਮੁ ॥**
**ਬਾਬਾ ਹੋਰੁ ਪੈਨਣੁ ਖੁਸੀ ਖੁਆਰੁ ॥**
**ਜਿਤੁ ਪੈਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥ ਰਹਾਉ ॥**
**ਘੋੜੇ ਪਾਖਰ ਸੁਇਨੇ ਸਾਖਤਿ ਬੂਝਣੁ ਤੇਰੀ ਵਾਟ ॥**
**ਤਰਕਸ ਤੀਰ ਕਮਾਣ ਸਾਂਗ ਤੇਗਬੰਦ ਗੁਣ ਧਾਤੁ ॥**
**ਵਾਜਾ ਨੇਜਾ ਪਤਿ ਸਿਉ ਪਰਗਟੁ ਕਰਮੁ ਤੇਰਾ ਮੇਰੀ ਜਾਤਿ ॥**
**ਬਾਬਾ ਹੋਰੁ ਚੜਣਾ ਖੁਸੀ ਖੁਆਰੁ ॥**
**ਜਿਤੁ ਚੜਿਐ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥ ਰਹਾਉ ॥**
**ਘਰ ਮੰਦਰ ਖੁਸੀ ਨਾਮ ਕੀ ਨਦਰਿ ਤੇਰੀ ਪਰਵਾਰੁ ॥**
**ਹੁਕਮੁ ਸੋਈ ਤੁਧੁ ਭਾਵਸੀ ਹੋਰੁ ਆਖਣੁ ਬਹੁਤੁ ਅਪਾਰੁ ॥**
**ਨਾਨਕ ਸਚਾ ਪਾਤਿਸਾਹੁ ਪੂਛਿ ਨ ਕਰੇ ਬੀਚਾਰੁ ॥**
**ਬਾਬਾ ਹੋਰੁ ਸਉਣਾ ਖੁਸੀ ਖੁਆਰੁ ॥**
**ਜਿਤੁ ਸੁਤੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥ ਰਹਾਉ ॥**
**(16)**

ਉਪਰੋਕਤ ਦਿਸ਼ਾ-ਨਿਰਦੇਸ਼ਾਂ ਦੇ ਸਨਮੁੱਖ ਨਿੱਜੀ ਤੇ ਸੰਗਤੀ ਲੋੜਾਂ ਦੀ ਪੂਰਤੀ ਵਾਸਤੇ ਧਰਮਸ਼ਾਲਾਵਾਂ, ਗੁਰਦੁਆਰਿਆਂ, ਝੰਡਿਆਂ-ਬੁੰਗਿਆਂ, ਲੰਗਰ ਅਸਥਾਨਾਂ, ਸਰੋਵਰਾਂ ਤੇ ਸਰਾਵਾਂ ਦੀ ਸਿਰਜਨਾ ਵਿਸ਼ਵ-ਵਿਆਪੀ ਸਰਬੱਤ ਲੋਕਾਈ ਦੇ ਭਲੇ ਨੂੰ ਸਮਰਪਿਤ ਜੀਵਨ ਸ਼ੈਲੀ, ਗੁਰਬਾਣੀ ਆਧਾਰਿਤ ਸਿੱਖ ਸੱਭਿਆਚਾਰ ਵਜੋਂ ਨਿਰੰਤਰ ਪ੍ਰਫੁੱਲਤ ਹੋ ਰਹੀ ਹੈ।



**ਖਾਣਾ ਪੀਣਾ ਪਵਿਤ੍ਰੁ ਹੈ ਦਿਤੋਨੁ ਰਿਜਕੁ ਸੰਬਾਹਿ ॥** ਦੀ ਭਾਵਨਾ ਦਰਸਾਉਂਦੀ ਹੈ ਕਿ ਖੁੱਲ੍ਹਾ ਡੁੱਲ੍ਹਾ ਖਾਣਾ-ਪੀਣਾ ਅਤੇ ਬੇਪਰਵਾਹੀਆਂ ਵਿਚ ਹਸੰਦਿਆਂ ਖੇਡੰਦਿਆਂ ਪਹਿਨੰਦਿਆਂ ਸਰੀਰਕ ਰਿਸ਼ਟ-ਪੁਸ਼ਟਤਾ, ਸੁਡੌਲਤਾ ਤੇ ਦਲੇਰਾਨਾ ਜੀਵਨ-ਜਾਚ ਦੀਆਂ ਲੋੜਾਂ ਪੂਰੀਆਂ ਕਰਨੀਆਂ ਗੁਰਬਾਣੀ ਵਿਚ ਵਿਵਰਜਤ ਨਹੀਂ। ਨਾ ਹੀ ਪੁਰਾਤਨ ਭਾਰਤੀ ਸੱਭਿਆਚਾਰ ਵਿਚਲੇ ਸ਼ੈਵਾਂ, ਵੈਸ਼ਣਵ ਜਾਂ ਸਾਕਤ-ਮੱਤੀਆਂ ਵਾਂਗ ਖਾਣ ਪੀਣ ਤੇ ਪਹਿਨਣ ਸੰਬੰਧੀ ਵਿਸ਼ੇਸ਼ ਵਿਧਾਨ ਨਿਯਤ ਕੀਤਾ ਗਿਆ ਹੈ। ਪਰ ਕੇਵਲ ਖਾਣ-ਪੀਣ ਪਹਿਨਣ ਤੇ ਹੋਰ-ਹੋਰ ਖ਼ਰਮਸਤੀਆਂ ਵੱਲ ਰੁਚਿਤ ਰਹਿਣ ਦੀ ਸਪੱਸ਼ਟ ਨਿਖੇਧੀ ਕੀਤੀ ਗਈ ਹੈ। ਗੁਰੂ ਨਾਨਕ ਵਿਚਾਰਧਾਰਾ ਜਾਂ ਗੁਰਬਾਣੀ ਆਧਾਰਿਤ ਸਿੱਖ ਸੱਭਿਆਚਾਰ ਅੰਨ ਤਿਆਗਣ ਦਾ ਖੰਡਨ ਤੇ ਅਲਪ-ਆਹਾਰ ਦਾ ਮੰਡਨ ਕਰਦਾ ਹੈ। ਸੱਚਾ ਸੁੱਚਾ ਅਧਿਆਤਮਕ ਜੀਵਨ ਜਿਊਣ ਵਾਸਤੇ ਚੇਤਾਵਨੀਆਂ ਦੇਂਦਿਆਂ ਪ੍ਰਭੂ ਪਿਆਰ ਵੱਲ ਪ੍ਰੇਰਿਤ ਕੀਤਾ ਗਿਆ ਹੈ:

**ਫਿਟੁ ਇਵੇਹਾ ਜੀਵਿਆ ਜਿਤੁ ਖਾਇ ਵਧਾਇਆ ਪੇਟੁ ॥**
**ਨਾਨਕ ਸਚੇ ਨਾਮ ਵਿਣੁ ਸਭੋ ਦੁਸਮਨੁ ਹੇਤੁ ॥ (790)**

**ਬਹੁ ਸਾਦਹੁ ਦੂਖੁ ਪਰਾਪਤਿ ਹੋਵੈ ॥**
**ਭੋਗਹੁ ਰੋਗ ਸੁ ਅੰਤਿ ਵਿਗੋਵੈ ॥ (1034)**

**ਅੰਨੁ ਨ ਖਾਇਆ ਸਾਦੁ ਗਵਾਇਆ ॥**
**ਬਹੁ ਦੁਖੁ ਪਾਇਆ ਦੂਜਾ ਭਾਇਆ ॥ ਇਤਿਆਦਿਕ। (467)**

ਇਸੇ ਤਰ੍ਹਾਂ ਮਾਸ-ਸ਼ਰਾਬ ਤੇ ਨਸ਼ਿਆਂ ਸਬੰਧੀ ਵਿਵਹਾਰਿਕ ਅਤੇ ਵਿਵੇਕਪੂਰਣ ਆਧਾਰ ਸਿਰਜਿਆ ਗਿਆ ਹੈ:

**ਮਾਸੁ ਮਾਸੁ ਕਰਿ ਮੂਰਖੁ ਝਗੜੇ ਗਿਆਨੁ ਧਿਆਨੁ ਨਹੀ ਜਾਣੈ ॥**
**ਕਉਣੁ ਮਾਸੁ ਕਉਣੁ ਸਾਗੁ ਕਹਾਵੈ ਕਿਸੁ ਮਹਿ ਪਾਪ ਸਮਾਣੇ ॥**
**(1289)**

**ਜਿਤੁ ਪੀਤੈ ਮਤਿ ਦੂਰਿ ਹੋਇ ਬਰਲੁ ਪਵੈ ਵਿਚਿ ਆਇ ॥**
**ਆਪਣਾ ਪਰਾਇਆ ਨ ਪਛਾਣਈ ਖਸਮਹੁ ਧਕੇ ਖਾਇ ॥**
**ਜਿਤੁ ਪੀਤੈ ਖਸਮੁ ਵਿਸਰੈ ਦਰਗਹ ਮਿਲੈ ਸਜਾਇ ॥**
**ਝੂਠਾ ਮਦੁ ਮੂਲਿ ਨ ਪੀਚਈ ਜੇ ਕਾ ਪਾਰਿ ਵਸਾਇ ॥** ਇਤਿਆਦਿਕ।
**(448)**

**(ਅ) ਪ੍ਰਤਿਮਾਨਿਕ ਗੁਣਵੱਤਾ :**

**1. ਜਨਮ ਜਾਤ ਵਰਣ ਆਸ਼ਰਮ :** ਮੱਧਕਾਲੀਨ ਭਾਰਤੀ ਸੰਸਕਾਰਾਂ ਵਿਚ ਵਰਣ ਆਸ਼ਰਮੀ ਜਾਤ-ਪਾਤ ਦਾ ਵਿਧਾਨ ਡੂੰਘਾ ਘਰ ਬਣਾ ਚੁੱਕਾ ਸੀ। ਮਨੁੱਖਾਂ ਵਿਚ ਆਪਸੀ ਅ-ਸਮਾਨਤਾ, ਨਾ-ਬਰਾਬਰੀ, ਉਚ-ਨੀਚ ਤੇ ਛੂਆ-ਛੂਤ ਨੇ ਵੰਡੀਆਂ ਤੇ ਪਾਟੋਧਾੜ ਪਾ ਦਿੱਤੀ ਸੀ। ਸਮਾਜਿਕ ਕਾਰ-ਵਿਹਾਰ ਵਿਚ ਬ੍ਰਾਹਮਣ ਸ਼੍ਰੇਣੀ ਦੀ ਅਜਾਰੇਦਾਰੀ ਨੇ ਅਖੌਤੀ ਨਿਮਨ-ਵਰਗ ਦਾ ਸ਼ੋਸ਼ਣ ਤੇ ਤ੍ਰਿਸਕਾਰ ਇਸ ਹੱਦ ਤੱਕ ਪਹੁੰਚਾ ਦਿੱਤਾ ਕਿ ਉਹ ਆਪਣੇ ਹੀ ਦੇਸ਼ ਵਿਚ ਗ਼ੁਲਾਮਾਂ ਦੀ ਜ਼ਿੰਦਗੀ ਜਿਊਣ ਲਈ ਮਜਬੂਰ ਸਨ। ਕਸ਼ੱਤਰੀ ਰਾਜੇ-ਰਾਣੇ ਵੀ ਆਪਣੇ ਜਾਤੀ ਦਰਜਾ-ਬਦਰਜੀਆਂ ਵਿਚਲੇ ਅੰਤਰਾਂ ਕਾਰਣ ਆਪਸੀ ਵੈਰ-ਵਿਰੋਧ ਤੇ ਈਰਖਾ ਭਾਵਨਾਵਾਂ ਤਹਿਤ ਇਲਾਕਾਈ ਲੜਾਈ-ਝਗੜਿਆਂ ਵਿਚ ਆਪਣੀਆਂ ਬਹੁਪੱਖੀ ਸਮਰੱਥਾਵਾਂ ਨੂੰ ਵਿਅਰਥ ਗਵਾ ਰਹੇ ਸਨ। ਨਤੀਜੇ ਵਜੋਂ ਵਿਦੇਸ਼ੀ ਹਮਲਾਵਰਾਂ ਲਈ ਭਾਰਤ ਖੰਡ ਦੀ ਭੂਗੋਲਕ,



ਆਰਥਿਕ ਤੇ ਸਮਾਜਿਕ ਆਨੁਸ਼ਾਨ ਦੀ ਲੁੱਟ-ਖਸੁੱਟ ਕਰਨਾ ਨਿਹਾਇਤ ਸੌਖਾ ਹੋ ਗਿਆ ਸੀ। ਕਿਉਂਕਿ ਭਾਰਤੀਆਂ ਨੂੰ ਇਕਜੁਟ ਸਾਂਝਾ-ਮੁਹਾਜ਼ ਕਾਇਮ ਕਰਨ ਲਈ ਕੋਈ ਸਨਮਾਨਯੋਗ ਤੇ ਸਦਭਾਵਨਾ ਵਾਲੇ ਸੱਭਿਆਚਾਰ ਦਾ ਦਾਰਸ਼ਨਿਕ ਆਧਾਰ ਹੀ ਉਪਲਬਧ ਨਹੀਂ ਸੀ। ਹੌਲੀ-ਹੌਲੀ ਦੇਸ਼ ਗ਼ੁਲਾਮੀ ਦੀਆਂ ਜ਼ੰਜੀਰਾਂ ਵਿਚ ਜਕੜਿਆ ਗਿਆ।

ਅਜਿਹੀ ਘਿਨਾਉਣੀ, ਅਣ-ਮਨੁੱਖੀ, ਵੈਰ-ਵਿਰੋਧਾਂ ਤੇ ਆਪਸੀ ਟਕਰਾਉ ਨੂੰ ਵਧਾਉਂਦੀ, ਢਹਿੰਦੀਆਂ ਕਲਾਂ ਵਾਲੀ ਸਮਾਜਿਕ ਪਿੱਠ-ਭੂਮੀ ਵਿਚ ਮੱਧਕਾਲੀ ਭਗਤਾਂ ਤੇ ਗੁਰੂ ਸਾਹਿਬਾਨ ਨੇ ਸਮਕਾਲੀ ਭਾਰਤੀ ਸੱਭਿਆਚਾਰ ਵਿਚ ਬ੍ਰਾਹਮਣੀ ਗ਼ਲਬੇ ਨੂੰ ਬੜੀ ਬੇਬਾਕੀ ਨਾਲ ਭੰਡਿਆ ਅਤੇ ਅਖੌਤੀ ਉੱਚ-ਜਾਤੀਆਂ ਵਲੋਂ ਕੀਤੀਆਂ ਵਧੀਕੀਆਂ-ਅਸਹਿਣਸ਼ੀਲ ਕਰਤੂਤਾਂ ਅਤੇ ਕੁਕਰਮਾਂ ਨੂੰ ਵਿਵੇਕਪੂਰਨ ਬਾਣੀ-ਉਪਦੇਸ਼ਾਂ ਰਾਹੀਂ ਸਹੀ ਮਾਰਗ-ਦਰਸ਼ਨ ਬਖ਼ਸ਼ਿਆ ਹੈ:

**ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ॥**
**ਇਸੁ ਗਰਬ ਤੇ ਚਲਹਿ ਬਹੁਤੁ ਵਿਕਾਰਾ॥ (1127)**
ਧੋਤੀ ਖੋਲਿ ਵਿਛਾਏ ਹੇਠਿ॥
ਗਰਧਪ ਵਾਂਗੂ ਲਾਹੇ ਪੇਟਿ॥
ਬਿਨੁ ਕਰਤੂਤੀ ਮੁਕਤਿ ਨ ਪਾਈਐ॥
ਮੁਕਤਿ ਪਦਾਰਥੁ ਨਾਮੁ ਧਿਆਈਐ॥ ਰਹਾਉ॥
ਪੂਜਾ ਤਿਲਕ ਕਰਤ ਇਸਨਾਂਨਾ॥
ਛੁਰੀ ਕਾਢਿ ਲੇਵੈ ਹਥਿ ਦਾਨਾ॥
ਬੇਦੁ ਪੜੈ ਮੁਖਿ ਮੀਠੀ ਬਾਣੀ॥
ਜੀਆਂ ਕੁਹਤ ਨ ਸੰਗੈ ਪਰਾਣੀ॥ (201)
ਕਾਦੀ ਕੂੜੁ ਬੋਲਿ ਮਲੁ ਖਾਇ॥
ਬ੍ਰਾਹਮਣੁ ਨਾਵੈ ਜੀਆ ਘਾਇ॥
ਜੋਗੀ ਜੁਗਤਿ ਨ ਜਾਣੈ ਅੰਧੁ॥
ਤੀਨੇ ਓਜਾੜੇ ਕਾ ਬੰਧੁ ॥ ਇਤਿਆਦਿਕ। (662)

ਗੁਰੂ ਪਾਤਸ਼ਾਹ ਨੇ ਕੁਲ-ਜਾਤ-ਪਾਤ ਅਭਿਮਾਨੀਆਂ ਨੂੰ ਨਕਾਰਦਿਆਂ, ਦਲਿਤਾਂ ਤੇ ਮਜ਼ਲੂਮਾਂ ਦਾ ਪੱਖ ਪੂਰਿਆ ਤੇ ਏਕ ਪਿਤਾ ਏਕਸ ਕੇ ਹਮ ਬਾਰਿਕ ਦਾ ਸਿਧਾਂਤ ਦ੍ਰਿੜ੍ਹ ਕਰਵਾਉਂਦਿਆਂ ਭਗਵੰਤ-ਭਗਤੀ ਵੱਲ ਪ੍ਰੇਰਿਤ ਕੀਤਾ :

**ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥**
**ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥ (15)**
**ਸੋ ਸੂਰਾ ਕੁਲਵੰਤੁ ਸੋਇ ਜਿਨਿ ਭਜਿਆ ਭਗਵੰਤੁ॥**
**ਖਤ੍ਰੀ ਬ੍ਰਾਹਮਣੁ ਸੂਦੁ ਬੈਸੁ ਉਧਰੈ ਸਿਮਰਿ ਚੰਡਾਲ॥ (300)**

**2. ਇਸਤਰੀ ਵਰਗ ਦਾ ਸਥਾਨ :** ਕਿਸੇ ਵੀ ਸੱਭਿਆਚਾਰ ਦਾ ਮੁਲਾਂਕਣ ਤੱਤਕਾਲੀਨ ਮਾਨਵੀ- ਅਧਿਕਾਰਾਂ ਦੇ ਪੱਖੋਂ ਕੀਤਾ ਜਾ ਸਕਦਾ ਹੈ। ਵਿਸ਼ੇਸ਼ ਰੂਪ ਵਿਚ ਇਸਤਰੀ ਦੇ ਰੁਤਬੇ, ਪਰਿਵਾਰ ਵਿਚ ਮਾਨ ਸਨਮਾਨ ਤੇ ਸਮਾਜ ਵਿਚ ਸਥਿਤੀ-ਸਥਾਨ ਮਹੱਤਵਪੂਰਨ ਮਾਪਦੰਡ ਹਨ। ਬਹੁ-ਪਤਨੀਵਾਦ ਨੂੰ ਤੱਤਕਾਲੀਨ ਧਰਮਾਂ ਦੀ ਪ੍ਰਵਾਨਗੀ, ਧੀਆਂ ਨੂੰ ਜੰਮਦਿਆਂ ਮਾਰ ਦੇਣ ਅਤੇ ਪਤੀ ਦੇ ਦਿਹਾਂਤ ਸਮੇਂ ਸਤੀ-ਪ੍ਰਥਾ ਵਰਗੀਆਂ ਜ਼ੁਲਮੀ ਰੀਤਾਂ ਨੇ ਔਰਤ-ਜਾਤ ਨੂੰ ਬਿਲਕੁਲ ਸਾਹ-ਸਤ-ਹੀਣ ਕਰ ਦਿਤਾ ਹੋਇਆ ਸੀ। ਸਮਾਜ ਦੇ ਲਗਭਗ ਅੱਧੇ ਹਿੱਸੇ ਦਾ ਇਸ ਤਰ੍ਹਾਂ ਆਪਣਿਆਂ ਵਲੋਂ ਤ੍ਰਿਸਕਾਰ ਤੇ ਬੇਪੱਤ ਕੀਤੇ ਜਾਣਾ ਤੇ ਫਿਰ ਵਿਦੇਸ਼ੀ ਜਰਵਾਣਿਆਂ ਦੀਆਂ ਬਾਬਰੀ-ਪਾਪ ਦੀਆਂ ਜੰਜਾਂ ਨੇ ਭਾਰਤੀ-ਨਾਰੀ ਨੂੰ ਕਿੰਨਾ ਜ਼ਲੀਲ ਤੇ ਬੇਇੱਜ਼ਤ ਕੀਤਾ, ਇਸ ਦਾ ਲੇਖਾ-ਜੋਖਾ ਬਹੁਤ ਵਿਸਥਾਰ ਮੰਗਦਾ ਹੈ। ਪਰ ਮਹਾਨ ਸੰਤਾਂ-ਭਗਤਾਂ ਤੇ ਗੁਰੂ ਸਾਹਿਬਾਨ ਨੇ ਅਭਾਗਣ ਕੰਨਿਆਵਾਂ, ਬਾਲ-ਵਿਧਵਾਵਾਂ, ਅਬਲਾ-ਸੁਹਾਗਣਾਂ ਤੇ ਦੁਹਾਗਣਾਂ, ਰਖੇਲਾਂ-ਕੁਲਟਾਂ ਤੇ ਵੇਸਵਾ ਗਮਨੀ 'ਚ ਸ਼ੋਸ਼ਿਤ ਕੀਤੀਆਂ ਜਾ ਰਹੀਆਂ ਦੀ ਦੁਰਦਸ਼ਾ ਨੂੰ ਭਾਂਪਦਿਆਂ, ਕ੍ਰਾਂਤੀਕਾਰੀ ਸੁਧਾਰਵਾਦੀ ਸੱਭਿਆਚਾਰ ਦਾ ਮੁੱਢ ਬੰਨ੍ਹਿਆ।



**ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ॥**
**ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ॥**
**ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ॥**
**ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥ (473)**
**ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨ੍ਹਿ॥**
**ਨਾਨਕ ਸਤੀਆ ਜਾਣੀਅਨ੍ਹਿ ਜਿ ਬਿਰਹੇ ਚੋਟ ਮਰੰਨ੍ਹਿ॥**
**ਭੀ ਸੋ ਸਤੀਆ ਜਾਣੀਅਨਿ ਸੀਲ ਸੰਤੋਖਿ ਰਹੰਨਿ- ॥**
**ਸੇਵਨਿ ਸਾਈ ਆਪਣਾ ਨਿਤ ਉਠਿ ਸੰਮ੍ਹਾਲੰਨ੍ਹਿ॥** (787)

ਇਤਿਆਦਿਕ।

ਸਮਗ੍ਰ ਗੁਰਬਾਣੀ ਵਿਚ 'ਜੀਵ-ਆਤਮਾ' ਲਈ ਇਸਤਰੀ ਦਾ ਰੂਪਕ ਵਰਤਿਆ ਜਾਣਾ ਨਵ-ਸੰਕਲਪਿਕ ਸਿੱਖ ਸੱਭਿਆਚਾਰ ਵਿਚ ਔਰਤ ਦੇ ਸਥਾਨ ਤੇ ਸਨਮਾਨ ਨੂੰ ਵਿਸ਼ੇਸ਼ ਮਹੱਤਵ ਪ੍ਰਦਾਨ ਕਰਦਾ ਹੈ।

**3. ਮੂਰਤੀ ਪੂਜਾ :** ਪ੍ਰਾਚੀਨ ਸਮਿਆਂ ਤੋਂ ਚਲਿਆ ਆ ਰਿਹਾ ਬੁੱਤ-ਪੂਜਾ ਦਾ ਵਿਧਾਨ ਮੱਧਕਾਲ ਤੱਕ ਅੱਪੜਦਿਆਂ ਅੱਪੜਦਿਆਂ ਆਪਣੀ ਚਰਮ ਸੀਮਾ 'ਤੇ ਪਹੁੰਚ ਗਿਆ ਸੀ। ਹਰ ਨਗਰ ਅਤੇ ਪਿੰਡ ਵਿਚ ਆਪੋ-ਆਪਣਾ ਵੱਖਰਾ ਦੇਵਤਾ, ਦੇਵ-ਮੂਰਤੀ, ਦੇਵ ਸਥਾਨ ਤੇ ਉਹਨਾਂ ਦੀ ਪੂਜਾ-ਅਰਚਨਾ ਲਈ ਮੰਦਰ ਸਥਾਪਿਤ ਹੋ ਗਏ। ਪੂਜਾ ਦੇ ਅੱਡੋ-ਅੱਡਰੇ ਨੇਮ ਨਿਰਧਾਰਿਤ ਹੋਏ ਤੇ ਦੂਜਿਆਂ ਨੂੰ ਛੁਟਿਆਉਣ ਤੇ ਨੀਂਵਿਆਉਣ ਵਾਲਾ ਵੈਰ-ਵਿਰੋਧ ਵਧ ਗਿਆ। ਧਰਮ ਤੇ ਸਮਾਜਿਕ ਸਮੀਕਰਣਾਂ ਦਾ ਰੋਲ-ਘਚੋਲਾ ਪੈ ਗਿਆ। 'ਸਚ ਕਿਨਾਰੇ ਰਹਿ ਗਿਆ ਖਹਿ ਮਰਦੇ ਬਾਮਣ ਮੌਲਾਣੇ' ਵਾਲੇ ਵਰਤਾਰੇ ਦੀ ਬੇ-ਲਗਾਮਤਾ ਤੇ ਬੇ-ਮੁਹਾਰਤਾ ਵਰਤ ਰਹੀ ਸੀ।

**ਹਿੰਦੂ ਮੂਲੇ ਭੂਲੇ ਅਖੁਟੀ ਜਾਂਹੀ॥ ਨਾਰਦਿ ਕਹਿਆ ਸਿ ਪੂਜ ਕਰਾਂਹੀ॥**
**ਅੰਧੇ ਗੁੰਗੇ ਅੰਧ ਅੰਧਾਰੁ॥ ਪਾਥਰੁ ਲੇ ਪੂਜਹਿ ਮੁਗਧ ਗਵਾਰ॥**
**ਓਹਿ ਜਾ ਆਪਿ ਡੁਬੇ ਤੁਮ ਕਹਾ ਤਰਣਹਾਰੁ॥ (556)**
**ਕਬੀਰ ਪਾਹਨੁ ਪਰਮੇਸੁਰੁ ਕੀਆ ਪੂਜੈ ਸਭੁ ਸੰਸਾਰੁ॥**
**ਇਸ ਭਰਵਾਸੇ ਜੋ ਰਹੇ ਬੂਡੇ ਕਾਲੀ ਧਾਰ॥ ਇਤਿਆਦਿਕ। (1371)**

ਬਾਣੀਕਾਰਾਂ ਦੀ ਆਸਥਾ ਕੇਵਲ ਸਗੁਣੀ ਨਿਰਾਕਾਰ-ਬ੍ਰਹਮ ਵਿਚ ਸੀ । ਉਨ੍ਹਾਂ ਸਰਗੁਣੀ ਦੇਵ-ਉਪਾਸ਼ਨਾ ਅਤੇ ਸ਼ੰਕਰਾਚਾਰੀਆ ਦੇ ਪ੍ਰਾਣਹੀਨ ਨਿਰਗੁਣ-ਬ੍ਰਹਮ ਦੋਨਾਂ ਵਿਚਾਰਾਂ ਨੂੰ ਰੱਦ ਕੀਤਾ। ਗੁਰਬਾਣੀ ਆਧਾਰਿਤ ਸੱਭਿਆਚਾਰ ਵਿਚ ਭੌਤਿਕ ਪਦਾਰਥਾਂ ਤੇ ਬਿਨਸਣਹਾਰ ਪ੍ਰਾਣੀਆਂ ਦੀ ਪੂਜਾ ਅਰਾਧਨਾ ਲਈ ਕੋਈ ਥਾਂ ਨਹੀਂ। ਬਾਣੀ ਵਿਚਲਾ ਬ੍ਰਹਮ ਦਿਆਲੂ, ਕ੍ਰਿਪਾਲੂ, ਪ੍ਰੀਤਮ, ਬਿਰਦ ਪਾਲਕ, ਪਤਿਤ ਪਾਵਨ, ਮਾਤਾ ਪਿਤਾ ਬੰਧਪ ਸਖਾ ਸੈਨ ਤੇ 'ਸਦ ਬੋਲੰਤਾ' ਹੈ।

**ਤੂੰ ਮੇਰਾ ਪਿਤਾ ਤੂੰ ਮੇਰਾ ਮਾਤਾ॥ ਤੂੰ ਮੇਰਾ ਬੰਧਪੁ ਤੂੰ ਮੇਰਾ ਭ੍ਰਾਤਾ॥**
**ਤੂੰ ਮੇਰਾ ਰਾਖਾ ਸਭਨੀ ਥਾਈ ਤਾ ਭਉ ਕੇਹਾ ਕਾੜਾ ਜੀਉ॥ (103)**
**ਠਾਕੁਰੁ ਹਮਰਾ ਸਦ ਬੋਲੰਤਾ॥**
**ਸਰਬ ਜੀਆ ਕਉ ਪ੍ਰਭੁ ਦਾਨੁ ਦੇਤਾ॥ ਇਤਿਆਦਿਕ। (1160)**

**4. ਭੇਖ ਅਤੇ ਵਸਤ੍ਰਹੀਣਤਾ :** ਗੁਰਬਾਣੀ ਵਿਚ ਭੇਖਾਂ-ਵਿਖਾਵਿਆਂ, ਲਾਲ, ਗੇਰੂਏ, ਭਗਵੇ, ਚਿੱਟੇ, ਨੀਲੇ ਆਦਿ ਰੰਗਾਂ ਦੇ ਅਖੌਤੀ ਧਰਮ ਸੰਕੇਤਕ ਢੋਂਗੀ-ਵੇਸਾਂ ਦਾ ਖੰਡਨ ਤੇ ਸਦਾਚਾਰਕ-ਅਧਿਆਤਮਕ ਜੀਵਨ ਜਾਚ ਦਾ ਮੰਡਨ ਕੀਤਾ ਗਿਆ ਹੈ।

**ਮੋਨਿ ਭਇਓ ਕਰਪਾਤੀ ਰਹਿਓ ਨਗਨ ਫਿਰਿਓ ਬਨ ਮਾਹੀ॥**
**ਤਟ ਤੀਰਥ ਸਭ ਧਰਤੀ ਭ੍ਰਮਿਓ ਦੁਬਿਧਾ ਛੁਟਕੈ ਨਾਹੀ॥ (641)**

**ਜੋਗੁ ਨ ਭਗਵੀ ਕਪੜੀ ਜੋਗੁ ਨ ਮੈਲੇ ਵੇਸਿ॥**
**ਨਾਨਕ ਘਰਿ ਬੈਠਿਆ ਜੋਗੁ ਪਾਈਐ ਸਤਿਗੁਰ ਕੈ ਉਪਦੇਸਿ॥**
**(1421) ਇਤਿਆਦਿਕ।**

**5. ਤੀਰਥ ਯਾਤਰਾ-ਇਸ਼ਨਾਨ, ਮਹਾਤਮ ਤੇ ਕਰਮਕਾਂਡ:** ਸ਼ਾਸਤਰਾਂ ਵਿਚ ਨਿਯਮਤ ਕੀਤੇ ਕਰਮਕਾਂਡੀ ਧਾਰਮਿਕ ਬੰਧਨਾਂ ਤੋਂ ਸੁਤੰਤਰ ਕਰਦਿਆਂ ਸਚੁ ਦੇ ਢੂੰਢਾਊ ਜਗਿਆਸੂਆਂ ਨੂੰ ਅੰਤਹਿਕਰਣੀ ਮੈਲ ਧੋਣ ਲਈ ਭਲੇ ਪੁਰਸ਼ਾਂ ਦੀ ਸੰਗਤ ਵਿਚ ਦੁਰਮਤੀ-ਵਿਕਾਰਾਂ ਨੂੰ ਤਿਆਗਣ ਦੀ ਪ੍ਰੇਰਨਾ ਕੀਤੀ ਹੈ:



**ਅੰਤਰਿ ਮੈਲੁ ਜੇ ਤੀਰਥ ਨਾਵੈ ਤਿਸੁ ਬੈਕੁੰਠ ਨ ਜਾਨਾਂ॥**
**ਲੋਕ ਪਤੀਣੇ ਕਛੂ ਨ ਹੋਵੈ ਨਾਹੀ ਰਾਮੁ ਅਯਾਨਾ॥**
**ਪੂਜਹੁ ਰਾਮੁ ਏਕੁ ਹੀ ਦੇਵਾ॥**
**ਸਾਚਾ ਨਾਵਣੁ ਗੁਰ ਕੀ ਸੇਵਾ॥ (484)**
**ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ॥**
**ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ॥**
**ਗੁਰ ਗਿਆਨੁ ਸਾਚਾ ਥਾਨੁ ਤੀਰਥੁ ਦਸ ਪੁਰਬ ਸਦਾ ਦਸਾਹਰਾ॥**
**(687)**

**6. ਸੰਸਾਰਕ ਰੀਤੀਆਂ-ਰਿਵਾਜ:** ਗੁਰੂ ਸਾਹਿਬਾਨ ਨੇ ਪੁਰਾਤਨ ਸਮਿਆਂ ਤੋਂ ਧਾਰਮਿਕ ਭਾਵਨਾਵਾਂ ਅਧੀਨ ਚਲੀਆਂ ਆਉਂਦੀਆਂ ਵਿਅਰਥ ਰੀਤੀ-ਰਿਵਾਜਾਂ ਦੇ ਖੋਖਲੇਪਨ ਨੂੰ ਜਨਤਾ ਵਿਚ ਚੰਗੀ ਤਰ੍ਹਾਂ ਨਸ਼ਰ ਕੀਤਾ। ਇਨ੍ਹਾਂ ਰੀਤਾਂ ਦਾ ਭਰਮ-ਜਾਲ, ਬੱਚੇ ਦੇ ਜਨਮ ਤੋਂ ਵੀ ਪਹਿਲਾਂ ਤੋਂ ਸ਼ੁਰੂ ਹੋ ਕੇ ਸੂਤਕ-ਪਾਤਕ, ਜਨੇਊ, ਵਿਆਹ ਸੰਸਕਾਰ ਅਤੇ ਅੰਤ ਸਮੇਂ ਪ੍ਰਾਣੀ ਨੂੰ ਭੁੰਜੇ ਲਾਹੁਣਾ, ਘੜਾ ਭੰਨਣਾ, ਅੱਗ-ਲੰਬੂ ਲਾਂਦਿਆਂ ਕਈ ਰਸਮਾਂ, ਮੜ੍ਹੀਆਂ ਬਨਾਉਣੀਆਂ, ਸ੍ਰਾਧ ਕਰਨੇ, ਪਿਤਰ ਪੂਜਾ ਕਰਨੀ, ਮੜ੍ਹੀ ਪੂਜਣ, ਦੀਵੇ ਬਾਲਣ, ਤੀਰਥਾਂ 'ਪਰ ਫੁੱਲ ਤਾਰਨੇ ਆਦਿ, ਬਹੁਤ ਦੂਰ ਤੱਕ ਫੈਲਿਆ ਹੋਇਆ ਸੀ ਤੇ ਭੋਲੀ ਭਾਲੀ ਲੁਕਾਈ ਨੂੰ ਬ੍ਰਾਹਮਣੀ ਪੁਜਾਰੀਵਾਦ ਦੀ ਗ਼ੁਲਾਮੀ ਵਿਚ ਜਕੜਿਆ ਹੋਇਆ ਸੀ ਜਿਵੇਂ ਪਸ਼ੂਆਂ ਨੂੰ ਪੰਜਾਲੀ ਵਿਚ ਨੂੜ ਕੇ ਰੱਖਿਆ ਜਾਂਦਾ ਹੈ । ਗੁਰਬਾਣੀ ਆਧਾਰਿਤ ਸਿੱਖ ਸੱਭਿਆਚਾਰ ਐਸੀਆਂ ਸਾਰੀਆਂ ਮਾਨਤਾਵਾਂ ਨੂੰ ਨਹੀਂ ਸਵੀਕਾਰਦਾ।

**ਜੇ ਕਰਿ ਸੂਤਕੁ ਮੰਨੀਐ ਸਭ ਤੈ ਸੂਤਕੁ ਹੋਇ॥**
**ਗੋਹੇ ਅਤੈ ਲਕੜੀ ਅੰਦਰਿ ਕੀੜਾ ਹੋਇ॥**
**ਜੇਤੇ ਦਾਣੇ ਅੰਨ ਕੇ ਜੀਆ ਬਾਝੁ ਨ ਕੋਇ॥**
**ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ॥**
**ਸੂਤਕੁ ਕਿਉ ਕਰਿ ਰਖੀਐ ਸੂਤਕੁ ਪਵੈ ਰਸੋਇ॥**
**ਨਾਨਕ ਸੂਤਕੁ ਏਵ ਨ ਉਤਰੈ ਗਿਆਨੁ ਉਤਾਰੇ ਧੋਇ॥ (472)**

**ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ॥**
**ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ॥ (471)**

**ਪਿੰਡੁ ਪਤਲਿ ਮੇਰੀ ਕੇਸਉ ਕਿਰਿਆ ਸਚੁ ਨਾਮੁ ਕਰਤਾਰੁ॥**
**ਐਥੈ ਓਥੈ ਆਗੈ ਪਾਛੈ ਏਹੁ ਮੇਰਾ ਆਧਾਰੁ (358)**

**ਦੁਬਿਧਾ ਨ ਪੜਉ ਹਰਿ ਬਿਨੁ ਹੋਰੁ ਨ ਪੂਜਉ ਮੜੈ ਮਸਾਣਿ ਨ ਜਾਈ॥**
**ਤ੍ਰਿਸਨਾ ਰਾਚਿ ਨ ਪਰ ਘਰਿ ਜਾਵਾ ਤ੍ਰਿਸਨਾ ਨਾਮਿ ਬੁਝਾਈ॥**
**(634)**

**(ੲ) ਬੌਧਾਤਮਿਕ ਜਾਗ੍ਰਿਤੀ :** ਵਿਸ਼ਵਾਸ, ਭਰੋਸਾ ਨਿਸ਼ਚਾ, ਭਰਮ, ਮਿਥਿਹਾਸ, ਫ਼ਲਸਫ਼ਾ, ਵਿਚਾਰ, ਸਿਧਾਂਤ, ਧਰਮ ਤੇ ਕਲਾਵਾਂ ਨੂੰ ਸੱਭਿਆਚਾਰ ਦੇ ਬੌਧਿਕ ਅੰਗ ਵਜੋਂ ਜਾਣਿਆ ਜਾਂਦਾ ਹੈ। ਇਸ ਅੰਗ ਦੇ ਘੇਰੇ ਅਤੇ ਬਹੁਪੱਖੀ-ਵਿਸ਼ਾਲਤਾ ਤੇ ਬਾਰੀਕੀ ਨੇ ਸਮੁੱਚੇ ਮਨੁੱਖੀ ਸੱਭਿਆਚਾਰ ਅਤੇ ਲੋਕ-ਮਾਨਸਿਕਤਾ ਨੂੰ ਆਪਣੇ ਪ੍ਰਭਾਵਾਂ ਹੇਠ ਢੱਕਿਆ ਹੋਇਆ ਹੈ। ਵਿਭਿੰਨ ਮਤ-ਮਤਾਂਤਰਾਂ ਨੂੰ ਉਹਨਾਂ ਦੀਆਂ ਅੰਤਰ-ਵਿਰੋਧਤਾਵਾਂ ਕਰਕੇ ਹੀ ਨਿਖੇੜਿਆ ਜਾ ਸਕਦਾ ਹੈ।ਮੱਧਕਾਲੀਨ ਭਗਤੀ ਲਹਿਰ ਨੇ ਭਾਰਤੀ ਸੱਭਿਆਚਾਰ ਦੇ ਵੱਖ-ਵੱਖ ਪਹਿਲੂਆਂ ਦੀ ਵਾਸਤਵਿਕਤਾ ਦਾ ਅਧਿਐਨ ਕਰਕੇ, ਉਹਨਾਂ ਵਿਚਲੀ ਖੋਟ ਅਤੇ ਧਰਮ ਦੇ ਨਾਂ ਹੇਠ ਅੰਨ੍ਹੀ ਲੁੱਟ-ਖਸੁੱਟ ਨੂੰ ਨੰਗਿਆਂ ਕਰਕੇ ਭੋਲੀ-ਭਾਲੀ ਗਿਆਨ-ਵਿਹੂਣੀ ਪਛੜੀ-ਦਲਿਤ ਜਨਤਾ ਦੇ ਦੁੱਖ-ਦਰਦਾਂ ਦਾ ਨਿਵਾਰਣ ਕਰਨ ਲਈ ਪ੍ਰਚੱਲਿਤ ਲੋਕ-ਵਿਸ਼ਵਾਸਾਂ ਤੇ ਭਾਵਨਾਵਾਂ ਦੇ ਮੁਢਲੇ-ਮੂਲਿਕ ਅਰਥਾਂ ਨੂੰ ਪੁਨਰ-ਜੀਵਤ ਕੀਤਾ। ਅੰਧ-ਵਿਸ਼ਵਾਸਾਂ ਨੂੰ ਵਿਵੇਕਤਾ ਦੀ ਕਸਵੱਟੀ ਨਾਲ ਨਕਾਰਦਿਆਂ, ਜਨ-ਜੀਵਨ ਨੂੰ ਸਮਾਜਿਕ, ਆਤਮਿਕ ਅਤੇ ਅਧਿਆਤਮਿਕ ਉੱਨਤੀ ਦੇ ਸ੍ਰੇਸ਼ਟਤਮ ਸੱਭਿਆਚਾਰ ਦਾ ਪੱਕਾ-ਬਝਵਾਂ ਆਧਾਰ 'ਗੁਰਬਾਣੀ' ਦੇ ਰੂਪ ਵਿਚ ਪ੍ਰਦਾਨ ਕੀਤਾ ਗਿਆ ਹੈ। ਅਮਾਨਵੀ ਸ਼ਕਤੀਆਂ ਜਿਵੇਂ ਚੰਦਰ, ਸੂਰਜ, ਗ੍ਰਹਿਆਂ, ਜਲ, ਵਰੁਣ, ਅਗਨੀ ਤੇ ਇੰਦਰ, ਦੇਵਤਿਆਂ ਆਦਿ ਦੀ ਪੂਜਾ ਅਤੇ ਮਿਥਿਹਾਸਿਕ ਅਵਤਾਰਾਂ ਦੀ ਅਰਾਧਨਾ ਦੀ ਵਿਅਰਥਤਾ ਨੂੰ ਸਮਝਾ-ਬੁਝਾ ਕੇ, ਇਕ ਕਰਤਾ-ਪੁਰਖ, ਸਰਬ ਸ਼ਕਤੀਮਾਨ ਪਰਮਾਤਮਾ ਪ੍ਰਤੀ ਅਟੱਲ ਵਿਸ਼ਵਾਸ ਦ੍ਰਿੜ੍ਹਾਇਆ ਹੈ:

ਮਹਿਮਾ ਨ ਜਾਨਹਿ ਬੇਦ ॥ ਬ੍ਰਹਮੇ ਨਹੀ ਜਾਨਹਿ ਭੇਦ ॥ … ਸੰਕਰਾ ਨਹੀ ਜਾਨਹਿ ਭੇਵ ॥ ਖੋਜਤ ਹਾਰੇ ਦੇਵ ॥ ਦੇਵੀਆ ਨਹੀ ਜਾਨੈ ਮਰਮ॥ ਸਭ ਊਪਰਿ ਅਲਖ ਪਾਰਬ੍ਰਹਮ॥ (894) ਇਤਿਆਦਿਕ।

ਬਹੁ-ਇਸ਼ਟਵਾਦ ਨੇ ਬਹੁ-ਪਰਕਾਰੀ ਕਰਮਕਾਂਡਾਂ ਨੂੰ ਜਨਮ ਦਿੱਤਾ ਤੇ ਇਸ ਤਰ੍ਹਾਂ ਮਨੁੱਖੀ ਭਾਈਚਾਰੇ ਵਿਚ ਪੱਕੀਆਂ ਵੰਡੀਆਂ ਪੈ ਗਈਆਂ।'ਬਾਨਾਰਸ ਕੇ ਠੱਗ' ਧਰਮੀਆਂ ਤੇ ਭ੍ਰਿਸ਼ਟ ਰਾਜਨੀਤਿਕਾਂ ਦੀ ਗਾਂਢ-ਸਾਂਢ ਨੇ ਰੱਬ ਦੇ ਬੰਦਿਆਂ ਨੂੰ ਇਕੱਠਿਆਂ ਨਹੀਂ ਬਹਿਣ ਦਿੱਤਾ ਤੇ ਵਿਭਿੰਨ ਸੱਭਿਆਚਾਰਾਂ ਦੀਆਂ ਆਪਸੀ ਵਿਰੋਧਤਾਈਆਂ ਨੇ ਵੱਡੀਆਂ ਜੰਗਾਂ-ਜੁੱਧਾਂ ਵਿਚ ਮਾਨਵ-ਸਮਰੱਥਾਵਾਂ ਦਾ ਘਾਣ ਕੀਤਾ। ਗੁਰੂ ਸਾਹਿਬਾਨ ਨੇ ਵਿਭਿੰਨ ਪੂਜਾ-ਪ੍ਰਣਾਲੀਆਂ ਵਿਚ ਵੰਡਾਂ-ਵਿੱਥਾਂ ਤੇ ਵਿਤਕਰਿਆਂ ਵਾਲੇ ਵਿਧਾਨਾਂ ਨੂੰ ਨਕਾਰਦਿਆਂ, ਚਹੁੰ ਵਰਨਾਂ ਨੂੰ ਸਾਂਝਾ ਉਪਦੇਸ਼ ਦਿੱਤਾ, ਕਿ ਪ੍ਰਭੂ-ਮਿਲਾਪ ਲਈ ਵਿਖਾਵਿਆਂ ਤੇ ਅਡੰਬਰਾਂ ਦੀ ਬਿਲਕੁਲ ਅਵੱਸ਼ਕਤਾ ਨਹੀਂ।

**ਸੋ ਜਪੁ ਸੋ ਤਪੁ ਸਾ ਬ੍ਰਤ ਪੂਜਾ ਜਿਤੁ ਹਰਿ ਸਿਉ ਪ੍ਰੀਤਿ ਲਗਾਇ ॥**
**(੭੨੦)**
**ਅਨਿਕ ਪੂਜਾ ਮੈ ਬਹੁ ਬਿਧਿ ਖੋਜੀ ਸਾ ਪੂਜਾ ਜਿ ਹਰਿ ਭਾਵਾਸਿ ॥**
**(੧੩੦੪)**

**ਤੇਰਾ ਨਾਮੁ ਕਰੀ ਚਨਣਾਠੀਆ ਜੇ ਮਨੁ ਉਰਸਾ ਹੋਇ॥**
**ਕਰਣੀ ਕੁੰਗੂ ਜੇ ਰਲੈ ਘਟ ਅੰਤਰਿ ਪੂਜਾ ਹੋਇ॥**
**ਪੂਜਾ ਕੀਚੈ ਨਾਮੁ ਧਿਆਈਐ ਬਿਨੁ ਨਾਵੈ ਪੂਜ ਨ ਹੋਇ॥**

ਨਿਰੰਕਾਰ ਨਾਲ ਅਭੇਦਤਾ ਤਾਂ 'ਜਗਿਆਸੂ ਦੀ ਅੰਤਰੀਵੀ-ਆਤਮਿਕ ਨਿਰੰਤਰ-ਸਾਂਝ ਨੇ ਹੀ ਬਣਾਉਣੀ ਹੈ, ਆਪਣਾ ਮੂਲ ਪਛਾਨਣਾ ਹੈ। 'ਹਰਿ ਜਨੁ ਐਸਾ ਚਾਹੀਐ ਜੈਸਾ ਹਰਿ ਹੀ ਹੋਇ॥' ਹੋਣਾ ਹੈ, ਗੁਣ ਕਹਿ ਗੁਣੀ ਸਮਾਵਣਾ ਹੈ। ਇਸ ਤਰ੍ਹਾਂ ਇਕ ਨਵੇਂ-ਨਿਰਾਲੇ ਤੇ ਨਰੋਏ ਸਿੱਖ ਸੱਭਿਆਚਾਰ ਦੀ ਨੀਂਹ ਰੱਖੀ ਗਈ ਜਿਸ ਦੇ ਅਮਲ, ਪ੍ਰਚਾਰ, ਪਾਸਾਰ ਤੇ ਪ੍ਰਫੁਲਤਾ ਦੀ ਜ਼ਿੰਮੇਵਾਰੀ ਸਾਡੇ ਸਾਰਿਆਂ ਦੇ ਮੋਢਿਆਂ ਉੱਪਰ ਹੈ।

-0-



## ਸੂਚਨਾ

**ਪਾਠਕ ਜਨਾਂ ਦਾ ਕੋਈ ਗੁਰਮਤਿ ਸਬੰਧੀ ਸਵਾਲ ਹੈ ਤਾਂ ਜ਼ਰੂਰ ਲਿਖ ਭੇਜੋ ਜੀ ਅਤੇ ਇਸ ਨੰਬਰ 79733-70542 'ਤੇ ਵਟਸਐਪ ਕਰ ਸਕਦੇ ਹੋ।**

# ਲੈਫਟੀਨੈਂਟ ਜਨਰਲ ਹਰਬਖਸ਼ ਸਿੰਘ

## ਜਿਸ ਨੇ 1965 ਦੀ ਜੰਗ ਵਿੱਚ ਬਿਆਸੋਂ ਪਾਰ ਪੰਜਾਬ ਦੇ ਖੇਤਰਾਂ ਨੂੰ ਪਾਕਿਸਤਾਨ ਨੂੰ ਸੌਂਪਣ ਤੋਂ ਇਨਕਾਰ ਕੀਤਾ

**-ਡਾ. ਦਲਵਿੰਦਰ ਸਿੰਘ ਗ੍ਰੇਵਾਲ**

ਮੈਨੂੰ 1965 ਅਤੇ 1971 ਦੇ ਯੁੱਧ ਲੜਨ ਦੇ ਨਾਲ-ਨਾਲ ਇਨ੍ਹਾਂ ਯੁੱਧਾਂ ਨੂੰ ਜਿੱਤਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਣ ਵਾਲੇ ਮਹਾਨ ਜਰਨੈਲਾਂ ਨੂੰ ਮਿਲਣ ਦਾ ਮੌਕਾ ਵੀ ਮਿਲਿਆ। ਇਨ੍ਹਾਂ ਵਿਸ਼ੇਸ਼ ਜਰਨੈਲਾਂ ਵਿੱਚੋਂ ਇੱਕ ਸੀ ਲੈਫਟੀਨੈਂਟ ਜਨਰਲ ਹਰਬਖਸ਼ ਸਿੰਘ: ਉੱਚਾ-ਲੰਬਾ, ਮਜ਼ਬੂਤ ਕਾਠੀ ਦਾ, ਬੁੱਧੀਮਾਨ ਅਤੇ ਕ੍ਰਿਸ਼ਮਈ। 1965 ਦੀ ਜੰਗ ਵਿੱਚ, ਉਹ ਸਭ ਤੋਂ ਮਹਤਵਪੂਰਨ ਫੌਜ ਦੀ ਪੱਛਮੀ ਕਮਾਂਡ ਦਾ ਜਨਰਲ ਅਫਸਰ ਕਮਾਂਡਿੰਗ ਸੀ, ਜਿਸ ਵਿੱਚ ਉਸ ਦਾ ਯੁੱਧ ਖੇਤਰ ਲਗਭਗ ਪੂਰੇ ਪੱਛਮੀ ਪਾਕਿਸਤਾਨ ਦੇ ਸਾਹਮਣੇ ਦਾ ਸੀ।




ਲੈਫਟੀਨੈਂਟ ਜਨਰਲ ਹਰਬਖਸ਼ ਸਿੰਘ ਨੂੰ ਇੱਕ ਸੈਨਿਕ-ਜਰਨੈਲ ਵਜੋਂ ਜਾਣਿਆ ਜਾਂਦਾ ਸੀ ਕਿਉਂਕਿ ਇੱਕ ਪਾਸੇ ਉਹ ਸੈਨਿਕਾਂ ਦੇ ਸਨਮੁੱਖ ਹੋ ਕੇ ਲੜਦਾ ਸੀ ਅਤੇ ਦੂਜੇ ਪਾਸੇ ਉਹ ਸੈਨਿਕਾਂ ਵਿੱਚ ਇੰਨਾ ਜੋਸ਼ ਭਰ ਦਿੰਦਾ ਸੀ ਕਿ ਸਭ ਤੋਂ ਮੁਸ਼ਕਿਲ ਸਥਿਤੀਆਂ ਵਿੱਚ ਵੀ ਜਿੱਤ ਯਕੀਨੀ ਹੋ ਜਾਂਦੀ ਸੀ। ਉਹ ਇੱਕ ਸੱਚਾ ਤੇ ਸ਼ੁਧ ਜੰਗੀ ਜਰਨੈਲ ਸੀ। ਸੰਨ 1965 ਦੇ ਯੁੱਧ ਤੋਂ ਪਹਿਲਾਂ ਹੀ ਉਸ ਦਾ ਜੰਗੀ ਤਜਰੁਬਾ ਬਹੁਤ ਸੀ। ਉਹ ਉੱਤਰ-ਪੱਛਮੀ ਸਰਹੱਦੀ ਸੂਬੇ ਵਿੱਚ ਲੜਿਆ; ਦੂਜੇ ਵਿਸ਼ਵ ਯੁੱਧ ਵਿੱਚ ਮਲਾਇਆ ਵਿੱਚ ਜਾਪਾਨੀਆਂ ਨਾਲ ਲੜਦੇ ਹੋਏ ਗੰਭੀਰ ਰੂਪ ਵਿੱਚ ਜ਼ਖਮੀ ਵੀ ਹੋਇਆ; ਸ਼ੈਲਟਾਂਗ ਦੀ ਵੀ ਲੜਾਈ ਲੜੀ ਅਤੇ 1947 ਵਿੱਚ ਸ੍ਰੀਨਗਰ ਨੂੰ ਪਾਕਿਸਤਾਨੀ ਹਮਲਾਵਰਾਂ ਤੋਂ ਬਚਾਇਆ ਅਤੇ ਟਿਥਵਾਲ ਨੂੰ ਪਾਕਿਸਤਾਨੀ ਫੌਜ ਤੋਂ ਮੁੜ ਹਾਸਲ ਕਰ ਲਿਆ। 1962 ਵਿੱਚ ਚੀਨ ਨਾਲ ਜੰਗ ਦੌਰਾਨ, ਜਦੋਂ ਲੈਫਟੀਨੈਂਟ ਜਨਰਲ ਬੀ. ਐਮ. ਕੌਲ ਬਿਮਾਰ ਹੋ ਗਏ ਅਤੇ ਸ਼ੁਰੂਆਤੀ ਹਾਰ ਤੋਂ ਬਾਅਦ ਜਵਾਨਾਂ ਦਾ ਮੋਹ ਭੰਗ ਹੋ ਗਿਆ, ਤਾਂ ਜਨਰਲ ਹਰਬਖਸ਼ ਸਿੰਘ ਨੂੰ 4 ਕੋਰ ਦਾ ਚਾਰਜ ਸੰਭਾਲਣ ਲਈ ਤੇਜ਼ਪੁਰ ਭੇਜਿਆ ਗਿਆ। ਜਨਰਲ ਹਰਬਖਸ਼ ਸਿੰਘ ਨੇ ਹਾਰਨ ਵਾਲੇ ਸੈਨਿਕਾਂ ਅਤੇ ਕਮਾਂਡਰਾਂ ਵਿੱਚ ਵਿਸ਼ਵਾਸ ਬਹਾਲ ਕੀਤਾ ਅਤੇ ਉਨ੍ਹਾਂ ਦਾ ਮਨੋਬਲ ਵਧਾਉਣਾ ਸ਼ੁਰੂ ਕਰ ਦਿੱਤਾ। ਜਿਵੇਂ ਹੀ ਜਨਰਲ ਕੌਲ ਵਾਪਸ ਆਏ ਅਤੇ 4 ਕੋਰ ਨੂੰ ਸੰਭਾਲਿਆ, ਜਨਰਲ ਹਰਬਖਸ਼ ਸਿੰਘ ਨੂੰ 33 ਕੋਰ ਦਾ ਕੋਰ ਕਮਾਂਡਰ ਨਿਯੁਕਤ ਕੀਤਾ ਗਿਆ। ਉੱਥੋਂ ਉਨ੍ਹਾਂ ਨੂੰ ਪੱਛਮੀ ਕਮਾਂਡ ਦੇ ਆਰਮੀ ਕਮਾਂਡਰ ਦੇ ਅਹੁਦੇ ’ਤੇ ਤਰੱਕੀ ਦਿੱਤੀ ਗਈ।

ਤੁਸੀਂ ਕਸ਼ਮੀਰ ਦੇ ਪ੍ਰਸਿੱਧ ਉੜੀ ਖੇਤਰ ਵਿੱਚ ਜਨਰਲ ਹਰਬਖਸ਼ ਸਿੰਘ ਦੀ ਤਸਵੀਰ ਜ਼ਰੂਰ ਵੇਖੀ ਹੋਵੇਗੀ। ਉਸ ਸਮੇਂ ਪੂਰਾ ਜੰਮੂ-ਕਸ਼ਮੀਰ ਪੱਛਮੀ ਕਮਾਂਡ ਦੇ ਅਧੀਨ ਸੀ। ਉੱਤਰੀ ਕਮਾਂਡ ਦਾ ਗਠਨ ਬਾਅਦ ਵਿੱਚ ਪੱਛਮੀ ਕਮਾਂਡ ਦੇ ਖੇਤਰ ਤੋਂ ਕੀਤਾ ਗਿਆ ਸੀ। ਜਨਰਲ ਹਰਬਖਸ਼ ਸਿੰਘ ਦੀ ਅਗਵਾਈ ਹੇਠ ਫੌਜਾਂ ਨੇ ਜੰਮੂ-ਕਸ਼ਮੀਰ ਦੇ ਲੋਕਾਂ ਦੀ ਮਦਦ ਨਾਲ ਪਾਕਿਸਤਾਨ ਜਿਬਰਾਲਟਰ ਫੋਰਸ ਦੇ ਸਾਰੇ ਗੁਰੀਲਾ ਬਲਾਂ ਨੂੰ ਘੇਰ ਲਿਆ ਅਤੇ ਛੰਬ-ਅਖਨੂਰ ਸੈਕਟਰ ਵਿੱਚ ਪਾਕਿਸਤਾਨ ਦੇ ਅਪਰੇਸ਼ਨ ਗ੍ਰੈਂਡ ਸਲੈਮ ਨੂੰ ਰੋਕ ਦਿੱਤਾ। ਅੰਤਰਰਾਸ਼ਟਰੀ ਸਰਹੱਦ ਪਾਰ ਤਿੰਨ-ਪੱਖੀ ਹਮਲੇ ਦੇ ਕੁਝ ਘੰਟਿਆਂ ਦੇ ਅੰਦਰ, ਇੱਕ ਭਾਰਤੀ ਡਿਵੀਜ਼ਨ ਲਾਹੌਰ ਦੇ ਦਰ ’ਤੇ ਦਸਤਕ ਦੇ ਰਹੀ ਸੀ, ਜਿਸ ਬਾਰੇ ਸ਼ਾਸਤਰੀ ਜੀ ਨੇ ਕਿਹਾ ਸੀ- "ਅਸੀਂ ਲਾਹੌਰ ਵੱਲ ਪੈਦਲ ਚੱਲਾਂਗੇ।"

ਇਸ ਯੁੱਧ ਦਾ ਸਭ ਤੋਂ ਮਹੱਤਵਪੂਰਨ ਪਹਿਲੂ ਇਹ ਸੀ ਕਿ ਜਦੋਂ ਪਾਕਿਸਤਾਨੀ ਪੈਟਨ ਟੈਂਕਾਂ ਦੀ ਵੰਡ ਖੇਮਕਰਨ ਖੇਤਰ ਵੱਲ ਵਧਣ ਲੱਗੀ, ਤਾਂ ਇੱਕ ਖ਼ਤਰਾ ਸੀ ਕਿ ਭਾਰਤ ਦੇ ਪੁਰਾਣੇ ਸੈਂਚੁਰੀਅਨ ਟੈਂਕ ਉਨ੍ਹਾਂ ਦਾ ਸਾਹਮਣਾ ਨਹੀਂ ਕਰ ਸਕਣਗੇ ਅਤੇ ਲੜਾਈ ਵਿੱਚ ਹਾਰ ਦਾ ਮੂੰਹ ਦੇਖਣਾ ਪਵੇਗਾ। ਇਸ ਡਰ ਦੇ ਮੱਦੇਨਜ਼ਰ, ਫੌਜ ਮੁਖੀ ਜਨਰਲ ਜੇ.ਐਨ. ਚੌਧਰੀ ਨੇ ਜਨਰਲ ਹਰਬਖਸ਼ ਸਿੰਘ ਨੂੰ ਬਿਆਸ ਨਦੀ ਦੀ ਰੇਖਾ ਤੋਂ ਪਿੱਛੇ ਆਪਣੀਆਂ ਫੌਜਾਂ ਵਾਪਸ ਲੈਣ ਦਾ ਆਦੇਸ਼ ਦਿੱਤਾ। ਇਸ ਦਾ ਮਤਲਬ ਸੀ ਕਿ ਖੇਮਕਰਨ, ਤਰਨ ਤਾਰਨ, ਗੋਇੰਦਵਾਲ, ਅੰਮ੍ਰਿਤਸਰ ਅਤੇ ਗੁਰਦਾਸਪੁਰ ਵਰਗੇ ਖੇਤਰਾਂ ਨੂੰ ਬਿਨਾਂ ਕਿਸੇ ਲੜਾਈ ਦੇ ਪਾਕਿਸਤਾਨ ਨੂੰ ਸੌਂਪ ਦਿੱਤਾ ਜਾਣਾ ਸੀ।

ਆਪਣੀ ਕਿਤਾਬ ‘ਇਨ ਦ ਲਾਈਨ ਆਫ ਡਿਊਟੀ ਏ ਸੋਲਜਰ ਰਿਮੈਂਬਰਜ਼’ ਵਿੱਚ ਜਨਰਲ ਹਰਬਖਸ਼ ਸਿੰਘ ਲਿਖਦੇ ਹਨ “9 ਸਤੰਬਰ ਦੀ ਦੇਰ ਰਾਤ ਨੂੰ, ਫੌਜ ਮੁਖੀ ਨੇ ਮੈਨੂੰ ਬੁਲਾਇਆ... ਪੂਰੀ ਫੌਜ ਨੂੰ ਡਿਵੀਜ਼ਨ ਤੋਂ ਬਚਾਉਣ ਲਈ ਮੈਨੂੰ ਆਪਣੀ ਫੌਜ ਨੂੰ ਵਾਪਸ ਬਿਆਸ ਨਦੀ ਰੇਖਾ ਵੱਲ ਲਿਜਾਣਾ ਚਾਹੀਦਾ






**ਲੈਫਟੀਨੈਂਟ ਜਨਰਲ ਹਰਬਖ਼ਸ਼ ਸਿੰਘ ਨੂੰ ਇੱਕ ਸੈਨਿਕ-ਜਰਨੈਲ ਵਜੋਂ ਜਾਣਿਆ ਜਾਂਦਾ ਸੀ ਕਿਉਂਕਿ ਇੱਕ ਪਾਸੇ ਉਹ ਸੈਨਿਕਾਂ ਦੇ ਸਨਮੁੱਖ ਹੋ ਕੇ ਲੜਦਾ ਸੀ ਅਤੇ ਦੂਜੇ ਪਾਸੇ ਉਹ ਸੈਨਿਕਾਂ ਵਿੱਚ ਇੰਨਾ ਜੋਸ਼ ਭਰ ਦਿੰਦਾ ਸੀ ਕਿ ਸਭ ਤੋਂ ਮੁਸ਼ਕਿਲ ਸਥਿਤੀਆਂ ਵਿੱਚ ਵੀ ਜਿੱਤ ਯਕੀਨੀ ਹੋ ਜਾਂਦੀ ਸੀ। ਉਹ ਇੱਕ ਸੱਚਾ ਤੇ ਸ਼ੁਧ ਜੰਗੀ ਜਰਨੈਲ ਸੀ। ਸੰਨ 1965 ਦੇ ਯੁੱਧ ਤੋਂ ਪਹਿਲਾਂ ਹੀ ਉਸ ਦਾ ਜੰਗੀ ਤਜਰੁਬਾ ਬਹੁਤ ਸੀ। ਉਹ ਉੱਤਰ-ਪੱਛਮੀ ਸਰਹੱਦੀ ਸੂਬੇ ਵਿੱਚ ਲੜਿਆ; ਦੂਜੇ ਵਿਸ਼ਵ ਯੁੱਧ ਵਿੱਚ ਮਲਾਇਆ ਵਿੱਚ ਜਾਪਾਨੀਆਂ ਨਾਲ ਲੜਦੇ ਹੋਏ ਗੰਭੀਰ ਰੂਪ ਵਿੱਚ ਜ਼ਖਮੀ ਵੀ ਹੋਇਆ; ਸ਼ੈਲਟਾਂਗ ਦੀ ਵੀ ਲੜਾਈ ਲੜੀ ਅਤੇ 1947 ਵਿੱਚ ਸ੍ਰੀਨਗਰ ਨੂੰ ਪਾਕਿਸਤਾਨੀ ਹਮਲਾਵਰਾਂ ਤੋਂ ਬਚਾਇਆ ਅਤੇ ਟਿਥਵਾਲ ਨੂੰ ਪਾਕਿਸਤਾਨੀ ਫੌਜ ਤੋਂ ਮੁੜ ਹਾਸਲ ਕਰ ਲਿਆ।1962 ਵਿੱਚ ਚੀਨ ਨਾਲ ਜੰਗ ਦੌਰਾਨ, ਜਦੋਂ ਲੈਫਟੀਨੈਂਟ ਜਨਰਲ ਬੀ. ਐਮ. ਕੌਲ ਬਿਮਾਰ ਹੋ ਗਏ ਅਤੇ ਸ਼ੁਰੂਆਤੀ ਹਾਰ ਤੋਂ ਬਾਅਦ ਜਵਾਨਾਂ ਦਾ ਮੋਹ ਭੰਗ ਹੋ ਗਿਆ, ਤਾਂ ਜਨਰਲ ਹਰਬਖ਼ਸ਼ ਸਿੰਘ ਨੂੰ 4 ਕੋਰ ਦਾ ਚਾਰਜ ਸੰਭਾਲਣ ਲਈ ਤੇਜ਼ਪੁਰ ਭੇਜਿਆ ਗਿਆ। ਜਨਰਲ ਹਰਬਖ਼ਸ਼ ਸਿੰਘ ਨੇ ਹਾਰਨ ਵਾਲੇ ਸੈਨਿਕਾਂ ਅਤੇ ਕਮਾਂਡਰਾਂ ਵਿੱਚ ਵਿਸ਼ਵਾਸ ਬਹਾਲ ਕੀਤਾ ਅਤੇ ਉਨ੍ਹਾਂ ਦਾ ਮਨੋਬਲ ਵਧਾਉਣਾ ਸ਼ੁਰੂ ਕਰ ਦਿੱਤਾ। ਜਿਵੇਂ ਹੀ ਜਨਰਲ ਕੌਲ ਵਾਪਸ ਆਏ ਅਤੇ 4 ਕੋਰ ਨੂੰ ਸੰਭਾਲਿਆ, ਜਨਰਲ ਹਰਬਖ਼ਸ਼ ਸਿੰਘ ਨੂੰ 33 ਕੋਰ ਦਾ ਕੋਰ ਕਮਾਂਡਰ ਨਿਯੁਕਤ ਕੀਤਾ ਗਿਆ। ਉੱਥੋਂ ਉਨ੍ਹਾਂ ਨੂੰ ਪੱਛਮੀ ਕਮਾਂਡ ਦੇ ਆਰਮੀ ਕਮਾਂਡਰ ਦੇ ਅਹੁਦੇ ’ਤੇ ਤਰੱਕੀ ਦਿੱਤੀ ਗਈ।**

ਹੈ। ਬਿਆਸ ਤੋਂ ਵਾਪਸ ਜਾਣ ਦਾ ਮਤਲਬ ਅੰਮ੍ਰਿਤਸਰ ਅਤੇ ਗੁਰਦਾਸਪੁਰ ਜ਼ਿਲ੍ਹਿਆਂ ਸਮੇਤ ਪੰਜਾਬ ਦੇ ਮੁੱਖ ਖੇਤਰਾਂ ਨੂੰ ਕੁਰਬਾਨ ਕਰਨਾ ਹੋਵੇਗਾ, ਜੋ ਕਿ 1962 ਵਿੱਚ ਚੀਨ ਦੇ ਹੱਥੋਂ ਹੋਈ ਹਾਰ ਤੋਂ ਵੀ ਬਦਤਰ ਹੋਵੇਗਾ॥” ਇਸ ਗੱਲ ਦੀ ਪੁਸ਼ਟੀ ਵੀ ਕੈਪਟਨ ਅਮਰਿੰਦਰ ਸਿੰਘ ਨੇ ਵੀ ਕੀਤੀ ਜੋ ਉਸ ਸਮੇਂ ਜਨਰਲ ਹਰਬਖ਼ਸ਼ ਸਿੰਘ ਦੇ ਏ.ਡੀ.ਸੀ. ਸਨ ਅਤੇ ਜਿਨ੍ਹਾਂ ਨੂੰ ਫੌਜ ਮੁਖੀ ਦਾ ਫੋਨ ਆਇਆ ਸੀ। ਕੈਪਟਨ ਅਮਰਿੰਦਰ ਸਿੰਘ ਨੇ ਲਿਖਿਆ, “ਸਵੇਰੇ 2.30 ਵਜੇ ਫੌਜ ਮੁਖੀ ਜਨਰਲ ਜੇ.ਐਨ. ਚੌਧਰੀ ਨੇ ਜਨਰਲ ਨੂੰ ਬੁਲਾਇਆ ਅਤੇ ਗੱਲ ਕੀਤੀ। ‘ਬਿਆਸ ਲਾਈਨ ਤੋਂ 11 ਕੋਰ ਨੂੰ ਵਾਪਸ ਲੈ ਜਾਓ’। ਜਨਰਲ ਹਰਬਖ਼ਸ਼ ਸਿੰਘ ਨੇ ਇਸ ਹੁਕਮ ਨੂੰ ਲਾਗੂ ਕਰਨ ਤੋਂ ਇਨਕਾਰ ਕਰ ਦਿੱਤਾ। ਆਪਣੇ ਸੈਨਾ ਮੁਖੀ ਦੇ ਜ਼ੁਬਾਨੀ ਆਦੇਸ਼ਾਂ ਦੀ ਪਾਲਣਾ ਕਰਨ ਤੋਂ ਇਨਕਾਰ ਕਰਨਾ ਇੱਕ ਗੰਭੀਰ ਅਪਰਾਧ ਮੰਨਿਆ ਜਾਂਦਾ ਹੈ ਪਰ ਜਨਰਲ ਹਰਬਖ਼ਸ਼ ਸਿੰਘ ਨੇ ਆਪਣੇ ਦੇਸ਼ ਨੂੰ ਆਪਣੇ ਤੋਂ ਪਹਿਲਾਂ ਤਰਜੀਹ ਦਿੱਤੀ। ਨਤੀਜਾ ਭਾਰਤ ਦੇ ਪੱਖ ਵਿੱਚ ਸੀ। ‘ਅਸਲ ਉੱਤਰ’ ਦੀ ਲੜਾਈ ਵਿੱਚ, ਪਾਕਿਸਤਾਨ ਆਰਮਰਡ (ਟੈਂਕ) ਡਿਵੀਜ਼ਨ ਦੇ ਪ੍ਰਸਿੱਧ ਐਮ-47 ਪੈਟਨ ਟੈਂਕਾਂ ਨੂੰ ਸੈਂਚੁਰੀਅਨ ਟੈਂਕਾਂ ਦੀ ਇੱਕ ਭਾਰਤੀ ਰੈਜੀਮੈਂਟ ਨੇ ਮੁੱਠੀ ਭਰ ਪੈਦਲ ਸੈਨਾ ਦੀ ਸਹਾਇਤਾ ਨਾਲ ਨਸ਼ਟ ਕਰ ਦਿੱਤਾ ਸੀ। ਅਮਰੀਕੀ ਪੈਟਨ ਦਾ ਇੱਕ ਟੈਂਕ ਕਬਰਸਤਾਨ ਅਜੇ ਵੀ ਖੇਮਕਰਨ ਸੈਕਟਰ ਵਿੱਚ ਦੇਖਿਆ ਜਾ ਸਕਦਾ ਹੈ।

1965 ਦੇ ਯੁੱਧ ਬਾਰੇ ਲਿਖਦੇ ਹੋਏ, ਮੇਜਰ ਜਨਰਲ ਡੀ. ਕੇ. ਪਲਿਤ ਨੇ ਪੁਸ਼ਟੀ ਕੀਤੀ ਕਿ "ਅਸਲ ਵਿੱਚ, ਅਜਿਹਾ ਆਦੇਸ਼ ਸੈਨਾ ਮੁਖੀ ਦੁਆਰਾ ਜਾਰੀ ਕੀਤਾ ਗਿਆ ਸੀ, ਪਰ ਹਰਬਖ਼ਸ਼ ਅੜਿਗ ਸੀ ਅਤੇ ਉਸ ਨੇ ਇਸ ਦੀ ਪਾਲਣਾ ਕਰਨ ਤੋਂ ਇਨਕਾਰ ਕਰ ਦਿੱਤਾ। ਉਸ ਨੇ ਜਨਰਲ ਚੌਧਰੀ ਨੂੰ ਕਿਹਾ ਕਿ ਉਹ ਅਜਿਹੇ ਮਹੱਤਵਪੂਰਨ ਮੁੱਦੇ ’ਤੇ ਜ਼ੁਬਾਨੀ ਆਦੇਸ਼ ਸਵੀਕਾਰ ਨਹੀਂ ਕਰੇਗਾ”। ਫੌਜ ਮੁਖੀ ਵੱਲੋਂ ਕੋਈ ਲਿਖਤੀ ਆਦੇਸ਼ ਕਦੇ ਨਹੀਂ ਆਇਆ ਕਿਉਂਕਿ ਜਦੋਂ ਤੱਕ ਇਹ ਪਹੁੰਚਿਆ ਉਹ ਪਹਿਲਾਂ ਹੀ ਮੈਦਾਨ ਜਿੱਤ ਚੁੱਕਾ ਸੀ। ਇਹ ਯੁੱਧ ਦੀ ਮਹਾਨ ਰਣਨੀਤਕ ਜਿੱਤਾਂ ਵਿੱਚੋਂ ਇੱਕ ਸੀ ਜਦੋਂ ਹਰਬਖ਼ਸ਼ ਦੀ ਅਗਵਾਈ ਵਿੱਚ ਸੈਂਚੁਰੀਆਂ ਅਤੇ 106 ਐਮ. ਐਮ. ਤੋਪਾਂ ਨੇ ਖੇਮਕਰਨ ਦੀ ਇਸ ਲੜਾਈ ਵਿੱਚ ਪਾਕਿਸਤਾਨੀ ਪੈਟਨ ਟੈਂਕਾਂ ਨਾਲ ਤਬਾਹੀ ਮਚਾਈ।

ਪ੍ਰਸਿੱਧ ਰੱਖਿਆ ਵਿਸ਼ਲੇਸ਼ਕ ਅਤੇ ਕਾਲਮਨਵੀਸ ਇੰਦਰ ਮਲਹੋਤਰਾ ਨੇ ਲਿਖਿਆ ਕਿ ਜਨਰਲ ਚੌਧਰੀ ਘਬਰਾ ਗਏ ਅਤੇ ਉਨ੍ਹਾਂ ਨੇ ਹਰਬੱ ਹਰਬਖ਼ਸ਼ ਨੂੰ ਬਿਆਸ ਦੇ ਪਿੱਛੇ ਆਪਣੀਆਂ ਫੌਜਾਂ ਵਾਪਸ ਲੈਣ ਦਾ ਆਦੇਸ਼ ਦਿੱਤਾ ਅਤੇ ਹਰਬਖ਼ਸ਼ ਸਿੰਘ ਨੇ ਇਨਕਾਰ ਕਰ ਦਿੱਤਾ ਅਤੇ ਅੰਮ੍ਰਿਤਸਰ ਅਤੇ ਗੁਰਦਾਸਪੁਰ ਜ਼ਿਲ੍ਹਿਆਂ ਸਮੇਤ ਪੰਜਾਬ ਦੇ ਮੁੱਖ ਖੇਤਰਾਂ ਨੂੰ ਬਚਾਇਆ । ਇਸੇ ਦਲੇਰੀ ਸਦਕਾ ਅੱਜ ਖੇਮਕਰਨ, ਤਰਨ ਤਾਰਨ, ਗੋਇੰਦਵਾਲ, ਅੰਮ੍ਰਿਤਸਰ ਅਤੇ ਗੁਰਦਾਸਪੁਰ ਵਰਗੇ ਮਹੱਤਵ ਪੂਰਨ ਅਸਥਾਨ ਸਾਡੇ ਕੋਲ ਹਨ।

ਇਸ ਤਰ੍ਹਾਂ ਬਿਪਤਾ ਦਾ ਸਾਹਮਣਾ ਕਰਨ ਵਿੱਚ ਦ੍ਰਿੜ ਰਹਿੰਦੇ ਹੋਏ, ਬੇਮਿਸਾਲ ਅਗਵਾਈ ਅਤੇ ਜੰਗੀ ਹੁਨਰ ਦਿਖਾਉਂਦੇ ਹੋਏ ਜਨਰਲ ਹਰਬਖ਼ਸ਼ ਸਿੰਘ ਨੇ ਇੱਕ ਬਹੁਤ ਵੱਡੀ ਲੜਾਈ ਵਿੱਚ ਪਾਕਿਸਤਾਨ ਨੂੰ ਹਰਾਇਆ।

-0-

## ਜੇਕਰ ਮੈਗਜ਼ੀਨ ਨਾ ਮਿਲੇ ਤਾਂ ...

ਸਾਰੇ ਪ੍ਰਚਾਰਕ ਵੀਰਾਂ ਨੂੰ ਬੇਨਤੀ ਹੈ ਕਿ ‘ਗੁਰਮਤਿ ਵਿਰਸਾ’ ਦੀ ਬੁਕਿੰਗ ਕਰਦਿਆਂ ਰਿਕਾਰਡ ਆਪਣੇ ਕੋਲ ਜ਼ਰੂਰ ਰੱਖੋ। ‘ਗੁਰਮਤਿ ਵਿਰਸਾ’ ਨਾ ਮਿਲਣ ਦੀ ਸੂਰਤ ਵਿਚ ਇਸ ਨੰਬਰ 79733-70542 ’ਤੇ ਵੱਟਸਅਪ ਮੈਸਜ਼ ਕਰ ਸਕਦੇ ਹੋ ਇਸ ਤੋਂ ਇਲਾਵਾ ਚਿੱਟ ਨੰਬਰ ਜਾਂ ਰਸੀਦ ਨੰਬਰ ਦਾ ਵੇਰਵਾ ਦੱਸੋ ਤਾਂ ਜੋ ਮੈਗਜ਼ੀਨ ਦੁਬਾਰਾ ਭੇਜਿਆ ਜਾ ਸਕੇ। ਬੁਕਿੰਗ ਸਮੇਂ ਟੈਲੀਫੋਨ ਨੰਬਰ ਸਾਫ ਸੁਥਰੇ, ਮੋਟੇ ਅੱਖਰਾਂ ਵਿਚ ਪਤਾ ਲਿਖੋ ਜੀ।




ਵੱਲੋਂ ਅਦਾਰਾ
‘ਗੁਰਮਤਿ ਵਿਰਸਾ’

## ਮਹਾਰਾਜੇ ਦਾ ਘਰਾਣਾ

# ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ

**–ਬਾਬਾ ਪ੍ਰੇਮ ਸਿੰਘ ਹੋਤੀ ਮਰਦਾਨ**



ਸ਼ੇਰਿ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਘਰਾਣੇ ਵਿਚੋਂ ਸਰਦਾਰ ਬੁੱਧ ਸਿੰਘ ਉਸ ਮਾਨਯੋਗ ਹਸਤੀ ਦਾ ਨਾਂ ਹੈ ਜਿਸ ਨੂੰ ਇਸ ਗੱਲ ਦੀ ਵਡਿਆਈ ਪ੍ਰਾਪਤ ਸੀ ਕਿ ਇਸਨੇ ਕਲਗੀਧਰ ਜੀ ਦੇ ਕਰ-ਕਮਲਾਂ ਤੋਂ ਅੰਮ੍ਰਿਤ ਪਾਨ ਕੀਤਾ ਤੇ ਸਿੰਘ ਸਜਿਆ।

ਇਹ ਧਰਮੀ ਜੋਧਾ ਜਿਥੇ ਆਪਣੇ ਉਚ ਆਚਰਨ ਲਈ ਜਗਤ ਪ੍ਰਸਿੱਧ ਸੀ ਉਥੇ ਇਹ ਨਿਰਭੈ ਸੂਰਮਾ ਆਪਣੇ ਬਾਹੂਬਲ ਲਈ ਵੀ ਅਤੁਲ ਸੀ। ਇਹ ਮਸਤ ਹਾਥੀ ਦੀ ਤਰ੍ਹਾਂ ਮੈਦਾਨਿ-ਜੰਗ ਵਿਚ ਵੈਰੀਆਂ ਸਾਹਮਣੇ ਝੂਮਦਾ ਹੁੰਦਾ ਸੀ, ਇਸ ਦੇ ਸਰੀਰ ਤੇ ਚਾਲੀ ਫੱਟ ਤਲਵਾਰਾਂ, ਨੇਜ਼ਿਆਂ ਅਤੇ ਗੋਲੀਆਂ ਦੇ ਸਨ। ਇਸ ਦੀ 'ਦੇਸਾਂ' ਨਾਮੀ ਅਬਲਕ ਘੋੜੀ ਇਤਿਹਾਸ ਵਿਚ ਇੰਨੀ ਹੀ ਪ੍ਰਸਿੱਧਤਾ ਰੱਖਦੀ ਹੈ ਜਿੰਨੀ ਕਿ ਉਸਦਾ ਨਿਡਰ ਸਵਾਰ। ਇਸ ਦਾ ਨਾਂ ਆਪਣੇ ਮਾਲਕ ਦੇ ਨਾਂ ਨਾਲ ਐਸਾ ਇਕਮਿਕ ਹੋ ਗਿਆ ਸੀ ਕਿ ਇਨ੍ਹਾਂ ਦੋਵਾਂ ਨਾਵਾਂ ਤੋਂ ਇਕ ਨਾਂ ਬਣ ਕੇ ਸਰਦਾਰ ਬੁਧ ਸਿੰਘ ਦਾ ਨਾਂ 'ਦੇਸਾ ਬੁਧ ਸਿੰਘ' ਪ੍ਰਸਿੱਧ ਹੋਇਆ। ਇਸ ਬਾਂਕੀ ਘੋੜੀ ਦੀ ਪਿੱਠ ਤੇ ਸਰਦਾਰ ਬੁਧ ਸਿੰਘ ਪੰਜਾਹ ਵਾਰੀ ਦਰਿਆ ਰਾਵੀ, ਝਨਾ ਅਤੇਜੇਹਲਮ ਤੋਂ ਪਾਰ ਉਤਾਰ ਗਿਆ ਆਇਆ ਸੀ । ਛੇਕੜ ਸੰਮਤ 1775 (ਸੰਨ 1718) ਵਿਚ 'ਦੇਸਾ ਬੁਧ ਸਿੰਘ' ਆਪਣੇ ਪਿੱਛੇ ਦੋ ਪੁੱਤਰ, ਚੰਦਾ ਸਿੰਘ ਤੇ ਨੌਧ ਸਿੰਘ ਛੱਡ ਕੇ ਪਰਲੋਕ ਸਿਧਾਰ ਗਿਆ।

ਨੌਧ ਸਿੰਘ ਦਾ ਵਿਆਹ, ਮਜੀਠੇ ਦੇ ਇਕ ਧਨਾਢ ਜ਼ਿਮੀਂਦਾਰ ਗੁਲਾਬ ਸਿੰਘ ਦੀ ਕੰਨਿਆ ਨਾਲ ਹੋਇਆ।

ਸੰਮਤ 1787 (ਸੰਨ 1730) ਵਿਚ ਇਸ ਨੇ ਗੁਜਰਾਵਾਲਾ ਦੇ ਲਾਗੇ ਸੁਕ੍ਰਚਕ ਦੀ ਉਜੜੀ ਪਈ ਥੇਹ ਨੂ ਮੁੜ ਵਸਾ ਕੇ ਆਪਣੇ ਵਸੇਬੇ ਲਈ ਇਕ ਗੜ੍ਹੀ ਵਰਗਾ ਵੱਡਾ ਘਰ ਬਣਵਾਇਆ ਜੋ ਛੋਟੇ ਮੋਟੇ ਟਾਕਰਿਆਂ ਦੇ ਸਮੇਂ ਕਿਲ੍ਹੇ ਦਾ ਕੰਮ ਦਿੰਦਾ ਸੀ। ਇਸ ਗੜ੍ਹੀ ਦੀ ਉਸਾਰੀ ਤੋਂ ਵਿਹਲੇ ਹੁੰਦੇ ਹੀ ਸਰਦਾਰ ਨੌਧ ਸਿੰਘ ਦੇ ਮਨ ਵਿਚ ਇਕ ਫੁਰਨਾ ਫੁਰਿਆ ਕਿ ਹੁਣ ਜਦ ਐਡਾ ਵੱਡਾ ਘਰ ਵਸਾਇਆ ਹੈ ਤਾਂ ਇਸ ਦੀ ਰਾਖੀ ਲਈ ਕੁਝ ਸਾਥੀ ਆਪਣੇ ਨਾਲ ਰਲਾਣੇ ਚਾਹੀਦੇ ਹਨ ਤਾਂ ਜੋ ਜਦ ਲੋੜ ਆ ਪਏ ਤਾਂ ਆਪਣੇ ਆਪ ਨੂੰ ਬਚਾਇਆ ਜਾ ਸਕੇ। ਇਸ ਸੋਚ ਨੂੰ ਵਰਤੋਂ ਵਿਚ ਲਿਆਣ ਲਈ ਪਹਿਲੇ ਪਹਿਲ ਇਸ ਨੇ 30 ਸਿੰਘ ਸਵਾਰ ਆਪਣੇ ਨਾਲ ਮਿਲਾ ਲਏ ਜਿਨ੍ਹਾਂ ਨੂੰ 'ਸੁਕ੍ਰਚਕੀਆ ਮਿਸਲ' ਦਾ 'ਮੂਲ' ਅਤੇ ਖਾਲਸਾ ਸਲਤਨਤ ਦੀ 'ਨੀਂਹ' ਕਹਿਣਾ ਯੋਗ ਹੈ।

ਸਰਦਾਰ ਨੌਧ ਸਿੰਘ ਨੇ ਆਪਣੇ ਇਸ ਨਿੱਕੇ ਜਿਹੇ ਜੱਥੇ ਨਾਲ ਸਮੇਂ ਦੀ ਲੋੜ ਅਨੁਸਾਰ ਉਹ ਨਿਰਭੈਤਾ ਦੇ ਕਾਰਨਾਮੇ ਕੀਤੇ ਜਿਨ੍ਹਾਂ ਦੇ ਕਾਰਨ ਇਸ ਦਾ ਦਬਦਬਾ ਰਾਵਲਪਿੰਡੀ ਤੋਂ ਸਤਲੁਜ ਦੇ ਕੰਢਿਆਂ ਤਕ ਮੰਨਿਆਂ ਜਾਂਦਾ ਸੀ। ਇਸ ਨੇ ਅਹਿਮਦ ਸ਼ਾਹ ਅਬਦਾਲੀ ਦੇ ਹਿੰਦੁਸਤਾਨ ਪੁਰ ਪਹਿਲੇ ਹੱਲੇ ਸਮੇਂ ਨਵਾਬ ਕਪੂਰ ਸਿੰਘ ਨਾਲ ਰਲ ਕੇ ਉਸ ਨੂੰ ਕਰਾਰੇ ਹੱਥ ਦੱਸੇ ਤੇ ਉਸਦੀ ਵਾਪਸੀ ਸਮੇਂ ਉਸਦਾ ਬਹੁਤ ਸਾਰਾ ਸਾਮਾਨ ਖੋਹ ਲਿਆ, ਇਸ ਕਾਰਨ ਇਸ ਦੀ ਪਤ ਤੇ ਮਾਨ ਪੰਜਾਬ ਦੇ ਸਾਰੇ ਸਰਦਾਰਾਂ ਵਿਚ ਬਹੁਤ ਵਧ ਗਿਆ। ਛੇਕੜ ਸੰਮਤ 1809 ਬਿ: ਵਿਚ ਮਜੀਠੇ ਦੇ ਲਾਗੇ ਅਫਗਾਨਾਂ ਨਾਲ ਲੜਦਾ ਹੋਇਆ ਇਕ ਗੋਲੀ ਨਾਲ ਪ੍ਰਾਣ ਤਿਆਗ ਗਿਆ। ਇਸ ਦੇ ਘਰ ਚਾਰ ਪੁਤ੍ਰ ਹੋਏ-ਚੜ੍ਹਤ ਸਿੰਘ, ਦਲ ਸਿੰਘ, ਚੇਤ ਸਿੰਘ ਅਤੇ ਮਾਘੀ ਸਿੰਘ। ਇਨ੍ਹਾਂ ਵਿਚੋਂ ਸਾਰਿਆਂ ਤੋਂ ਨਿੱਕੇ ਮਾਘੀ ਸਿੰਘ ਨੇ ਤਾਂ ਆਪਣੇ ਜੀਵਨ ਨੂੰ ਗੁਰਸਿੱਖੀ ਦੇ ਪ੍ਰਚਾਰ ਲਈ ਸਮਰਪਨ ਕਰ ਦਿੱਤਾ, ਇਹ ਆਪਣੇ ਸਮੇਂ ਦਾ ਬੜਾ ਭਜਨੀਕ ਤੇ ਪਰਉਪਕਾਰੀ ਮਹਾਤਮਾ ਹੋ ਬੀਤਿਆ ਹੈ, ਇਹ ਬੇਸੰਤਾਨ ਸੀ। ਵੱਡਾ ਭਰਾ ਚੜ੍ਹਤ ਸਿੰਘ ਆਪਣੇ ਦੋ ਨਿੱਕੇ ਭਾਈਆਂ ਨਾਲ ਮਿਲ ਆਪਣੀ ਜ਼ਮੀਨ ਆਦਿ ਦਾ ਪ੍ਰਬੰਧ ਕਰਦਾ ਰਿਹਾ।

### ਸਰਦਾਰ ਚੜ੍ਹਤ ਸਿੰਘ

ਸਰਦਾਰ ਚੜ੍ਹਤ ਸਿੰਘ ਨੇ ਆਪਣੇ ਪਿਤਾ ਦੇ ਚਲਾਣੇ ਦੇ ਉਪਰੰਤ ਆਪਣੇ ਜੱਥੇ ਵਿਚ ਬਹੁਤ ਸਾਰੇ ਹੋਰ ਸਵਾਰ ਵਧਾ ਲਏ, ਜਿਸ ਕਰਕੇ ਇਸ ਦੀ ਸ਼ਕਤੀ ਹੁਣ ਬਹੁਤ ਵਧ ਗਈ। ਠੀਕ ਇਨ੍ਹਾਂ ਦਿਨਾਂ ਵਿਚ ਹੀ ਇਸ ਦੇ ਜੱਥੇ ਵਿਚ ਇਕ ਬ੍ਰਿਧ, ਪਰ ਜਵਾਨਾਂ ਤੋਂ ਵੱਧ ਬਹਾਦਰ ਜੋਧਾ ਆ ਰਲਿਆ, ਜਿਸ ਦੇ ਨਾਂ ਦੀ ਧਾਂਕ ਸਾਰੇ ਪੰਜਾਬ ਵਿਚ ਪਈ ਹੋਈ ਸੀ, ਇਸ ਸੂਰਮੇ ਦਾ ਨਾਂ ਅਮੀਰ ਸਿੰਘ ਸੀ ਤੇ ਗੁਜਰਾਂਵਾਲੇ ਦਾ ਵਸਨੀਕ ਸੀ। ਇਸ ਤਰ੍ਹਾਂ ਇਹ ਜੱਥਾ ਥੋੜ੍ਹੇ ਦਿਨਾਂ ਵਿਚ ਹੀ ਪ੍ਰਸਿੱਧ 'ਸੁਕ੍ਰਚਕੀਆ' ਮਿਸਲ ਦੇ ਰੂਪ ਵਿਚ ਦੇਸ਼ ਵਿਚ ਪ੍ਰਗਟ ਹੋਇਆ।

ਸਰਦਾਰ ਚੜ੍ਹਤ ਸਿੰਘ ਨੇ ਆਪਣੀ ਮਿਸਲ ਵਿਚ ਮਿਲਣ ਵਾਲਿਆਂ ਲਈ ਇਹ ਨਿਯਮ ਠਹਿਰਾ ਦਿੱਤਾ ਸੀ ਕਿ ਜੋ ਕੋਈ ਇਸ ਮਿਸਲ ਵਿਚ ਮਿਲੇ, ਉਹ ਅੰਮ੍ਰਿਤਧਾਰੀ ਹੋਵੇ। ਇਸ ਤਰ੍ਹਾਂ ਇਹ ਪਹਿਲਾ ਮਰਿਯਾਦਾਅਨੁਸਾਰ ਹਰ ਇਕ ਜਵਾਨ ਨੂੰ ਆਪਣੇ ਹੱਥ ਨਾਲ ਅੰਮ੍ਰਿਤ ਛਕਾਂਦਾ ਤੇ ਫੇਰ ਮਿਸਲ ਵਿਚ ਮਿਲਣ ਦੀ ਆਗਿਆ ਦਿੰਦਾ।

ਇਉਂ ਸਰਦਾਰ ਚੜ੍ਹਤ ਸਿੰਘ ਤੇ ਅਮੀਰ ਸਿੰਘ ਦਾ ਆਪਸ ਵਿਚ ਇੰਨਾ ਪਿਆਰ ਵਧਿਆ ਕਿ ਅਮੀਰ ਸਿੰਘ ਨੇ ਸੰਮਤ 1913 ਵਿਚ ਆਪਣੀ ਕੰਨਿਆ ਦਾ ਆਨੰਦ ਚੜ੍ਹਤ ਸਿੰਘ ਨਾਲ ਕਰਵਾ ਦਿੱਤਾ, ਇਸ ਤਰ੍ਹਾਂ ਹੁਣ ਇਨ੍ਹਾਂ ਦੋਹਾਂ ਸਰਦਾਰਾਂ ਦੀ ਮਿਤ੍ਰਤਾ ਦੀ ਗੰਢ ਹੋਰ ਵੀ ਵਧੇਰੀ ਪੀਡੀ ਹੋ ਗਈ।

ਇਸ ਸਮੇਂ ਐਮਨਾਬਾਦ ਵਿਚ ਸ਼ਾਹੀ ਫ਼ੌਜਦਾਰ ਰਹਿੰਦਾ ਹੁੰਦਾ ਸੀ, ਜੋ ਬੜਾ ਹੀ ਸੜੀਅਲ ਸੁਭਾਵ ਵਾਲਾ ਸੀ। ਉਸਦੀ ਤੱਦੀ ਦੇ ਜ਼ੁਲਮ ਤੋਂ ਇਲਾਕੇ ਦੀ ਹਿੰਦੂ ਪਰਜਾ ਅਤਿਅੰਤ ਦੁਖੀ ਸੀ ਤੇ ਸਿੱਖਾਂ ਲਈ ਇਹ ਜਮ ਦਾ ਰੂਪ ਸੀ। ਸਰਦਾਰ ਚੜ੍ਹਤ ਸਿੰਘ ਨੂੰ ਜਦ ਉਸ ਦੀਆਂ ਅਨੀਤੀਆਂ ਦੀਆਂ ਖ਼ਬਰਾਂ ਪਹੁੰਚਦੀਆਂ ਤਾਂ ਇਸ ਦੇ ਦਿਲ ਵਿਚ ਉਬਾਲ ਉਠਦਾ ਕਿ ਜਿਵੇਂ ਹੋ ਸਕੇ ਉਸ ਨੂੰ ਆਪਣੇ ਕੀਤੇ ਦਾ ਫਲ ਚਖਾਇਆ ਜਾਏ, ਪਰ ਕਈ ਗੱਲਾਂ ਆਪਣੇ ਹੱਕ ਵਿਚ ਨਾ ਵੇਖ ਕੇ ਕਿਸੇ ਯੋਗ ਸਮੇਂ ਦੀ ਉਡੀਕ ਵਿਚ ਕੁਝ ਦਿਨ ਸੋਚਦਾ ਰਿਹਾ। ਛੇਕੜ ਸੰਮਤ 1818 ਮੁਤਾਬਿਕ ਸੰਨ 1761 ਦੀਆਂ ਗਰਮੀਆਂ ਵਿਚ ਇਸ ਨੇ ਵਧੇਰੀ ਅੱਤ ਕੀਤੀ, ਤਾਂ ਹੁਣ ਸਰਦਾਰ ਤੋਂ ਰਿਹਾ ਨਾ ਗਿਆ ਅਤੇ ਆਪਣੀ ਮਿਸਲ ਦੇ ਇਕ ਸੌ ਪੰਜਾਹ ਸਿਰ ਕੱਢਵੇਂ ਸਵਾਰ ਨਾਲ ਲੈ ਕੇ ਐਮਨਾਬਾਦ ਤੇ ਜਾ ਛਾਪਾ ਮਾਰਿਆ। ਜਾਂਦੇ ਹੀ ਫ਼ੌਜਦਾਰ ਦੇ ਮਹਿਲ ਨੂੰ ਜਾ ਘੇਰਿਆ, ਅੱਗੋ ਦੂਜੇ ਬੰਨਿਓਂ ਭੀ ਤਕੜਾ ਟਾਕਰਾ ਹੋਇਆ ਪਰ ਲੜਾਈ ਦੇ ਵਧੇਰੇ ਲਮਕਣ ਤੋਂ ਪਹਿਲਾਂ ਹੀ ਚੜ੍ਹਤ ਸਿੰਘ ਆਪ ਦਸ ਸਵਾਰਾਂ ਨਾਲ ਫ਼ੌਜਦਾਰ ਤੇ ਟੁੱਟ ਪਿਆ ਤੇ ਇਕ ਤਲਵਾਰ ਦੀ ਸੱਟ ਨਾਲ ਉਸ ਨੂੰ ਧਰਤੀ ਤੇ ਢੇਰੀ ਕਰ ਸੁੱਟਿਆ।

ਹੁਣ ਲਗਦੇ ਹੱਥ ਸਾਰਾ ਸ਼ਾਹੀ ਹਥਿਆਰ-ਘਰ ਲੁੱਟ ਲਿਆ, ਇਸ ਤੋਂ ਛੁਟ ਹਜ਼ਾਰਾਂ ਰੁਪਏ ਤੇ ਸੈਂਕੜੇ ਘੋੜੇ ਇਸ ਧਾਵੇ ਵਿਚ ਸਰਦਾਰ ਦੇ ਹੱਥ ਆਏ। ਇਸ ਮੱਲ ਦੇ ਮਾਰਨ ਨਾਲ ਚੜ੍ਹਤ ਸਿੰਘ ਸਾਰੇ ਦੇਸ਼ ਵਿਚ ਡਾਢਾ ਉਘਾ ਹੋ ਗਿਆ ਤੇ ਸਾਰੇ ਇਲਾਕੇ ਵਿਚ ਇਸ ਨਾਲ ਪਿਆਰ ਹੋਣ ਲੱਗਾ। ਇਸੇ ਸਾਲ ਦੇ ਛੇਕੜਲੇ ਦਿਨਾਂ ਵਿਚ ਚੜ੍ਹਤ ਸਿੰਘ ਨੇ ਗੁਜਰਾਂਵਾਲੇ ਵਿਚ ਇਕ ਗੜ੍ਹੀ ਬਣਵਾਈ, ਜੋ ਵੈਰੀਆਂ ਦੇ ਟਾਕਰੇ ਤੇ ਆਪਣੀਆਂ ਲੋੜਾਂ ਨੂੰ ਪੂਰਾ ਕਰਨ ਲਈ ਡਾਢੀ ਲਾਭਦਾਇਕ ਸਿੱਧ ਹੋਈ। ਕੁਝ ਦਿਨਾਂ ਦੇ ਬਾਅਦ ਇਸੇ ਗੜ੍ਹੀ ਨੂੰ ਕਿਲ੍ਹੇ ਦੀ ਸ਼ਕਲ ਵਿਚ ਵਧਾਇਆ ਗਿਆ। ਇਸ ਕਿਲ੍ਹੇ ਦੇ ਬਨਾਣ ਦੀ ਤੇ ਚੜ੍ਹਤ ਸਿੰਘ ਦੀ ਦਿਨੋ ਦਿਨ ਵਧ ਰਹੀ ਸ਼ਕਤੀ ਦੀਆਂ ਖਬਰਾਂ ਲਾਹੌਰ ਦੇ ਗਵਰਨਰ ਖੁਆਜਾ ਹਾਬਿਦ ਖਾਨ ਦੇ ਮਨ ਵਿਚ ਕੰਡੇ ਵਾਂਗ ਚੁਭ ਰਹੀਆਂ ਸਨ। ਇਕ ਤਾਂ ਐਮਨਾਬਾਦ ਦੇ ਫ਼ੌਜਦਾਰ ਦੀ ਹੱਤਿਆ ਦੇ ਕਾਰਨ ਤੇ ਉਪਰੋਕਿਲ੍ਹੇ ਦੀ ਉਸਾਰੀ ਦੀ ਖਬਰ ਨੇ ਤਾਂ ਇਸ ਨੂੰ ਲੋਹਾ ਲਾਖਾ ਕਰ ਦਿੱਤਾ। ਹੁਣ ਬਿਨਾਂ ਦੇਰੀ ਦੇ ਉਹ ਬਹੁਤ ਸਾਰੀ ਫ਼ੌਜ ਨਾਲ ਲੈ ਕੇ ਸਰਦਾਰ ਦੇ ਕਿਲ੍ਹੇ ਪਰ ਚੜ੍ਹ ਆਇਆ। ਇਧਰ ਸਰਦਾਰ ਚੜ੍ਹਤ ਸਿੰਘ ਵੀ ਨਚਿੰਤ ਨਹੀਂ ਸੀ ਬੈਠਾ, ਉਹ ਜਾਣਦਾ ਸੀ ਕਿ ਉਹ ਦਿਨ ਦੂਰ ਨਹੀਂ ਜਦ ਲਾਹੌਰ ਦੇ ਹਾਕਮ ਨਾਲ ਬਲ-ਪ੍ਰੀਖਿਆ ਕਰਨੀ ਪਏਗੀ, ਇਸ ਲਈ ਉਸ ਨੇ ਅੰਦਰੋ ਅੰਦਰ ਦਾਣੇ ਪਾਣੀ ਦਾ ਪੱਕਾ ਪ੍ਰਬੰਧ ਕਰਕੇ ਆਪਣੇ ਕਿਲ੍ਹੇ ਦੀ ਰਖਿਆ ਲਈ ਚੰਗੀ ਤਿਆਰੀ ਕਰ ਰੱਖੀ ਸੀ। ਲਾਹੌਰ ਫ਼ੌਜ ਜਦ ਸ਼ਹਿਰ ਦੇ ਲਾਗੇ ਪਹੁੰਚੀ



ਤਾਂ ਅੱਗੋਂ ਚੜ੍ਹਤ ਸਿੰਘ ਨੇ ਸੰਮਿਲਤ ਖਾਲਸੇ ਦੀ ਸਹਾਇਤਾ ਨਾਲ ਉਸਦਾ ਇੰਨਾ ਕਰੜਾ ਟਾਕਰਾ ਕੀਤਾ ਕਿ ਖੁਆਜਾ ਸਾਹਿਬ ਨੂੰ ਲੈਣੇ ਦੇ ਦੇਣੇ ਪੈ ਗਏ, ਇਸ ਨੂੰ ਐਸਾ ਘੇਰਿਆ ਕਿ ਉਹ ਬੜੀ ਔਖ ਨਾਲ ਆਪਣੀ ਜਾਨ ਬਚਾ ਕੇ ਨੱਸ ਸਕਿਆ। ਇਸ ਲੜਾਈ ਵਿਚ ਚੋਖਾ ਰੁਪਿਆ, ਅਨਾਜ ਤੇ ਹਥਿਆਰ ਖਾਲਸੇ ਦੇ ਹੱਥ ਆਏ। ਇਸ ਦੇ ਬਾਅਦ ਸ: ਚੜ੍ਹਤ ਸਿੰਘ ਨੇ ਵਜ਼ੀਰਾਬਾਦ ਤੇ ਧਾਵਾ ਕੀਤਾ ਤੇ ਇਥੋਂ ਦੇ ਹਾਕਮ ਨੂੰ ਕੱਢ ਕੇ ਉਥੇ ਆਪਣਾ ਕਬਜਾ ਕਰ ਲਿਆ ਤੇ ਇਹ ਇਲਾਕਾ ਆਪਣੇ ਸਾਲੇ ਸਰਦਾਰ ਬਖਸ਼ੀਸ਼ ਸਿੰਘ ਨੂੰ ਦੇ ਦਿੱਤਾ। ਇਸ ਦੇ ਪਿੱਛੋਂ ਇਸ ਨੇ ਅਹਿਮਦਾਬਾਦ (ਪੰਜਾਬ) ਨੂੰ ਸਰ ਕਰਕੇ ਦਲ ਸਿੰਘ ਨੂੰ ਬਖਸ਼ ਦਿੱਤਾ।

ਚੜ੍ਹਤ ਸਿੰਘ ਅਜੇ ਐਮਨਾਬਾਦ ਵਿਚ ਹੀ ਸੀ ਕਿ ਇਥੇ ਖਬਰਾਂ ਪਹੁੰਚਦੀਆਂ ਕਿ ਰੋਹਤਾਸ ਦਾ ਹਾਕਮ ਨੂਰੋਦੀਨ ਖਾਮ ਬਾਮੀ ਜ਼ਈ ਜੋ ਅਹਿਮਦਸ਼ਾਹ ਅਬਦਾਲੀ ਵਲੋਂ ਇਸ ਇਲਾਕੇ ਦਾ ਫ਼ੌਜਦਾਰ ਥਾਪਿਆ ਗਿਆ ਸੀ, ਹਿੰਦੂ ਪਰਜਾ ਨੂੰ ਅੱਤ ਦੁੱਖ ਦੇ ਰਿਹਾ ਹੈ। ਚੜ੍ਹਤ ਸਿੰਘ ਨੇ ਇਸ ਖ਼ਬਰ ਨੂੰ ਸੁਣਦੇ ਸਾਰ ਹੀ ਇਥੋਂ ਰੋਹਤਾਸ ਤੇ ਹੱਲਾ ਬੋਲ ਦਿੱਤਾ। ਅਗੋਂ ਨੂਰੋਦੀਨ ਖਾਨ ਨੇ ਖੂਬ ਤਕੜਾ ਟਾਕਰਾ ਕੀਤਾ, ਪਰ ਛੇਕੜ ਇਸ ਹੱਲੇ ਨੂੰ ਠੱਲ ਪਾਣ ਵਿਚ ਅਸਮਰੱਥ ਸਿੱਧ ਹੋਇਆ ਤੇ ਮੈਦਾਨ ਛੱਡ ਕੇ ਨੱਸ ਗਿਆ। ਹੁਣ ਸਰਦਾਰ ਚੜ੍ਹਤ ਸਿੰਘ ਧੰਨੀ ਵੱਲ ਵਧਿਆ ਤੇ ਭਾਰੀ ਨਜ਼ਰਾਨੇ ਪ੍ਰਾਪਤ ਕਰਦਾ ਹੋਇਆ ਗੁਜਰਾਂਵਾਲੇ ਨੂੰ ਪਰਤ ਆਇਆ।

ਇਨ੍ਹੀਂ ਦਿਨੀਂ ਜੰਮੂ ਦੀ ਹਕੂਮਤ ਰਾਜਾ ਰੰਜੀਤ ਦੇਵ ਦੇ ਹੱਥ ਸੀ। ਇਸ ਨੇ ਆਪਣੇ ਵੱਡੇ ਪੁੱਤਰ ਬ੍ਰਿਜ ਰਾਜ ਨੂੰ ਛੱਡ ਕੇ ਨਿੱਕੇ ਦਲੇਲ ਸਿਹੁੰ ਨੂੰ ਗੱਦੀ ਦੇ ਦਿੱਤੀ, ਜਿਸ ਦੇ ਕਾਰਨ ਪਿਉ ਪੁੱਤਰਾਂ ਵਿਚਾਲੇ ਲੜਾਈ ਛਿੜ ਪਈ। ਬ੍ਰਿਜ ਰਾਜ ਨੇ ਆਪਣੇ ਆਪ ਨੂੰ ਉਹਨਾਂ ਦੇ ਟਾਕਰੇ ਲਈ ਅਸਮਰੱਥ ਡਿੱਠਾ ਤਾਂ ਉਸ ਨੇ ਸਰਦਾਰ ਚੜ੍ਹਤ ਸਿੰਘ ਮੂਹਰੇ ਆਪਣੀ ਫ਼ਰਿਆਦ ਆ ਕੀਤੀ ਤੇ ਆਪਣੇ ਹੱਕ ਦੀ ਪ੍ਰਾਪਤੀ ਲਈ ਉਸ ਤੋਂ ਸਹਾਇਤਾ ਮੰਗੀ ਨਾਲ ਹੀ ਭਾਰੀ ਨਜ਼ਰਾਨਾ ਭੇਟਾ ਕਰਨ ਦਾ ਭੀ ਵਾਇਦਾ ਕੀਤਾ। ਸਰਦਾਰ ਨੇ ਉਸ ਦਾ ਹੱਕ ਮਾਰੀ ਦਾ ਸੁਣ ਕੇ ਉਸ ਦੀ ਸਹਾਇਤਾ ਕਰਨੀ ਪੁਵਾਨ ਕਰ ਲਈ ਤੇ ਸਣੇ ਆਪਣੀ ਮਿਸਲ ਦੇ ਜੰਮੂ ਵੱਲ ਕੂਚ ਕਰ ਦਿੱਤਾ।

ਮੀਆਂ ਰੰਜੀਤ ਦੇਵ ਨੇ ਆਪਣੀ ਸਹਾਇਤਾ ਲਈ ਭੰਗੀ ਸਰਦਾਰਾਂ ਦੀ ਮਦਦ ਲਈ। ਇਸ ਤਰ੍ਹਾਂ ਇਹ ਦੋਵੇਂ ਦਲ ਜਦ ਜ਼ਫ਼ਰਵਾਲ ਦੇ ਲਾਗੇ ਵਾਸੂ ਸਹਾਰ ਪਾਸ ਪਹੁੰਚੇ ਤਾਂ ਇਨ੍ਹਾਂ ਦੀ ਆਪਸ ਵਿਚ ਲੜਾਈ ਛਿੜ ਪਈ। ਇਸ ਸਮੇਂ ਸਰਦਾਰ ਚੜ੍ਹਤ ਸਿੰਘ ਦੀ ਆਪਣੀ ਬੰਦੂਕ ਇਸ ਦੇ ਹੱਥ ਵਿਚ ਫਟ ਗਈ, ਜਿਸ ਦੇ ਫਟਣ ਨਾਲ ਸਰਦਾਰ ਦਾ ਭੌਰ ਉਡਾਰੀਆਂ ਲੈ ਗਿਆ। ਇਹ ਗੱਲ ਸੰਮਤ 1831 (ਸੰਨ 1774) ਦੀ ਹੈ।

**ਸਰਦਾਰ ਮਹਾਂ ਸਿੰਘ**

ਸਰਦਾਰ ਚੜ੍ਹਤ ਸਿੰਘ ਆਪਣੇ ਪਿੱਛੇ ਦੋ ਪੁੱਤਰ ਮਹਾਂ ਸਿੰਘ, ਸਹੋਜ ਸਿੰਘ ਅਤੇ ਇਕ ਕੰਨਿਆਂ ਛੱਡ ਗਿਆ ਸੀ।

ਮਹਾਂ ਸਿੰਘ ਦੀ ਆਯੂ ਇਸ ਮਸੇਂ ਨਵਾਂ ਦਸਾਂ ਬਰਸਾਂ ਦੇ ਵਿਚਾਲੇ ਸੀ। ਮਿਸਲ ਦਾ ਕੰਮ-ਕਾਰ ਉਸ ਦੀ ਮਾਤਾ ਤੇ ਸ: ਜੈ ਸਿੰਘ ਦੇ ਪ੍ਰਬੰਧ ਨਾਲ ਚਲਦਾ ਰਿਹਾ। ਹੁਣ ਮਹਾਂ ਸਿੰਘ ਦੀ ਮਾਂ ਨੇ ਗੁਜ਼ਰਾਂਵਾਲੇ ਦੇ ਕਿਲ੍ਹੇ ਨੂੰ ਵਧਾ ਕੇ ਵਧੇਰੇ ਪੱਕਾ ਤੇ ਖੁਲ੍ਹਾ ਕਰ ਲਿਆ। ਇੰਨੇ ਨੂੰ ਸਰਦਾਰ ਗੰਡਾ ਸਿੰਘ ਭੰਗੀ ਤੇ ਮਹਾਂ ਸਿੰਘ ਦੀ ਆਪਸ ਵਿਚ ਸੁਲ੍ਹਾ ਸਫ਼ਾਈ ਵੀ ਹੋ ਗਈ। ਇਸਦੇ ਥੋੜ੍ਹੇ ਚਿਰ ਪਿਛੋਂ ਮਹਾਂ ਸਿੰਘ ਦਾ ਵਿਆਹ ਸਰਦਾਰ ਗਜਪਤ ਸਿੰਘ ਜੀਂਦ ਦੀ ਸਪੁੱਤਰੀ ਬੀਬੀ ਰਾਜ ਕੌਰ ਮਲਵਾਇਣ ਨਾਲ ਬੜੀ ਧੂਮ ਧਾਮ ਨਾਲ ਹੋਇਆ।

ਰਸੂਲ ਨਗਰ ਦਾ ਹਾਕਮ ਪੀਰ ਮੁਹੰਮਦ ਖ਼ਾਨ ਚੱਠਾ, ਬੜਾ ਪੱਖ-ਪਾਤੀ ਤੇ ਹਿੰਦੂਆਂ ਦਾ ਜਾਨੀ ਵੈਰੀ ਸੀ। ਇਸਦੇ ਜ਼ਾਲਮ ਹੱਥਾਂ ਤੋਂ ਕਦੇ ਕੋਈ ਰਾਹਗੁਜ਼ਰੂ ਸੁਰੱਖਿਅਤ ਨਹੀਂ ਸੀ ਲੰਘ ਸਕਦਾ ਜਦ ਤੱਕ ਇਸ ਦੀ ਮੂੰਹ ਮੰਗੀ ਨਜ਼ਰ ਇਸ ਦੀ ਭੇਂਟ ਨਾ ਚੜ੍ਹਾ ਦਿੰਦਾ। ਇਸ ਜ਼ੁਲਮ ਦੇ ਕਾਰਨ ਇਥੋਂ ਦੇ ਰਾਹ ਬੰਦ ਹੋ ਗਏ ਸਨ।

ਨੌਜੁਆਨ ਮਹਾਂ ਸਿੰਘ ਨੇ ਜਦ ਇਸ ਖ਼ਾਨ ਦਾ ਇਹ ਅੱਤ ਦਾ ਜ਼ੁਲਮ ਸੁਣਿਆਂ ਤਾਂ ਇਹ ਸਾਰੀਆਂ ਗੱਲਾਂ ਉਸ ਨੂੰ ਡਾਢੀਆਂ ਅਯੋਗ ਦਿਸੀਆਂ ਅਤੇ ਉਸ ਤੋਂ ਗਰੀਬ ਪਰਜਾ ਨੂੰ ਬਚਾਉਣ ਲਈ ਸੰ: 1778 ਦੇ ਅਰੰਭ ਵਿਚ ਆਪਣੀ ਬਲਵਾਨ ਮਿਸਲ ਦੇ 600 ਸਵਾਰਾਂ ਨੂੰ ਲੈ ਕੇ ਰਸੂਲ ਨਗਰ ਨੂੰ ਜਾ ਘੇਰਿਆ। ਪੀਰ ਮੁੰਹਮਦ ਖ਼ਾਨ ਨੂੰ ਜਦ ਪਤਾ ਲੱਗਾ ਤਾਂ ਉਹ ਸਾਹਮਣੇ ਹੋ ਕੇ ਟਾਕਰਾ ਨਾ ਕਰ ਸਕਿਆ, ਅਤੇ ਨੱਠ ਕੇ ਕਿਲ੍ਹੇ ਵਿਚ ਜਾ ਬੈਠਾ। ਮਹਾਂ ਸਿੰਘ ਨੇ ਲਗਦੇ ਹੱਥ ਕਿਲ੍ਹੇ ਨੂੰ ਘੇਰੇ ਵਿਚ ਰੱਖ ਲਿਆ ਅਤੇ ਕਈ ਧਾਵੇ ਕਰਕੇ ਛੇਕੜ ਸ਼ਹਿਰ ਅਰ ਕਿਲ੍ਹੇ ਨੂੰ ਫ਼ਤਹਿ ਕਰ ਲਿਆ ਅਤੇ ਇਸ ਦਾ ਨਾਂ 'ਰਸੂਲ ਨਗਰ' ਦੀ ਥਾਂ 'ਰਾਮ ਨਗਰ' ਰੱਖਦਿੱਤਾ ਤੇ ਨਾਲ ਹੀ ਅਲ੍ਹੀ ਪੁਰ ਨੂੰ ਫ਼ਤਹਿ ਕਰਕੇ ਉਹਦਾ ਨਾਮ 'ਅਕਾਲ ਗੜ੍ਹ' ਰੱਖਿਆ, ਜੋ ਅੱਜ ਤੱਕ ਦੋਵੇਂ ਨਗਰ ਇਨ੍ਹਾਂ ਨਾਵਾਂ ਨਾਲ ਹੀ ਪ੍ਰਸਿੱਧ ਹਨ। ਇਨ੍ਹਾਂ ਸਫਲਤਾਵਾਂ ਦੇ ਬਾਅਦ ਮਹਾਂ ਸਿੰਘ ਦੀ ਇੱਜ਼ਤ ਸਾਰੇ ਪੰਜਾਬ ਵਿਚ ਪਸਰ ਗਈ ਤੇ ਕਈ ਨਾਮੀ ਸਰਦਾਰ ਇਸ ਦੀ ਮਿਸਲ ਵਿਚ ਆ ਮਿਲੇ।

-0-

# ਕਾਵਿ ਕਿਆਰੀ

## ਦਿੱਲੀ ਨੂੰ

ਵਿਧਾਤਾ ਸਿੰਘ ਤੀਰ

ਵਾਹ ਵਾਹ ਨੀ ਵੱਸਦੀ ਦਿੱਲੀਏ, ਵਾਹ ਵਾਹ ਨੀ ਸ਼ਾਨਾਂ ਵਾਲੀਏ।
ਨੀ ਤਾਜ-ਤਖ਼ਤਾਂ ਵਾਲੀਏ, ਨੀ ਹੁਕਮਰਾਨਾਂ ਵਾਲੀਏ।
ਕਈ ਕੋਟ ਕਿਲ੍ਹਿਆਂ ਵਾਲੀਏ, ਉੱਚਿਆਂ ਨਿਸ਼ਾਨਾਂ ਵਾਲੀਏ।
ਖੁਲ੍ਹਿਆਂ ਬਜ਼ਾਰਾਂ ਵਾਲੀਏ, ਪੱਕਿਆਂ ਮਕਾਨਾਂ ਵਾਲੀਏ।
ਮੈਂ ਚੌਂਕ ਤੇਰਾ ਦਿੱਲੀਏ, ਜਦ ਵੇਖਦਾ ਹਾਂ ਚਾਨਣੀ।
ਸੀਨੇ ਚਿ ਵਜਦੇ ਤੀਰ ਹਨ, ਹੁੰਦਾ ਕਲੇਜਾ ਛਾਨਣੀ।
ਏਥੇ ਹੀ ਜੱਗ ਦੀ ਅੱਖ ਨੇ, ਜ਼ੁਲਮਾਂ ਦਾ ਕਾਰਾ ਵੇਖਿਆ।
ਏਥੇ ਹੀ ਉੱਬਲੀ ਦੇਗ ਨੀ, ਏਥੇ ਈ ਆਰਾ ਵੇਖਿਆ।
ਏਥੇ ਹੀ ਨੌਵੇਂ ਰੂਪ ਵਿਚ, ਨਾਨਕ ਪਿਆਰਾ ਵੇਖਿਆ।
ਏਥੇ ਹੀ ਸੱਚ ਤੇ ਸਿਦਕ ਦਾ, ਖਿੜਦਾ ਹਜ਼ਾਰਾ ਵੇਖਿਆ।
ਏਥੇ ਹੀ ਧਰਮੀ-ਧੌਣ ਤੇ, ਫੇਰੀ ਗਈ ਤਲਵਾਰ ਨੀ।
ਜੋ ਭੁੱਲਣੀ ਨਹੀਂ ਜੱਗ ਨੂੰ, ਹੋਈ ਉਹ ਏਥੇ ਕਾਰ ਨੀ।
ਏਥੇ ਦਿਲਾਂ ਦੇ ਦਰਦ ਤੇ, ਹੋਏ ਨੇ ਖ਼ੂਨੀ ਵਾਰ ਨੀ।
ਜੋ ਫੇਰਦਾ ਮਾਲਾ ਰਿਹਾ, ਉਸ ਤੇ ਫਿਰੀ ਤਲਵਾਰ ਨੀ।
ਏਥੇ ਹੀ ਤੇਗ਼ ਬਹਾਦਰੀ, ਵੇਖੀ ਹੈ ਸਭ ਨਰ ਨਾਰ ਨੀ।
ਏਥੇ ਵੀ ਸਾਵ੍ਹੇਂ ਸਬਰ ਦੇ, ਹਾਰੀ ਮੁਗ਼ਲ ਸਰਕਾਰ ਨੀ।
ਭੋਰੇ ਚਿ ਛੱਬੀ ਸਾਲ ਜੋ, ਬਾਬੇ ਬਕਾਲੇ ਵੱਸਿਆ।
ਮੋਏ ਜਿਵਾਵਣ ਵਾਸਤੇ, ਮਰ ਕੇ ਹੈ ਉਸ ਨੇ ਦੱਸਿਆ।
ਉਹ ਗੁੱਜਰੀ ਦਾ ਮਾਣ ਸੀ, ਸੀ ਮਾਮਤਾ ਦਸਮੇਸ਼ ਦੀ।
ਮੀਰੀ ਤੇ ਪੀਰੀ ਤੋਂ ਲਈ, ਪਦਵੀ ਉਨ੍ਹਾਂ ਦਰਵੇਸ਼ ਦੀ।
ਸਿਰ ਆਪਣੇ ਤੇ ਲੈ ਲਈ, ਉਸ ਨੇ ਮੁਸੀਬਤ ਦੇਸ਼ ਦੀ।
ਉਹ ਸਿਦਕ ਪੁਤਲਾ ਰੱਬ ਤੋਂ, ਕਰਦਾ ਇਹ ਮੰਗ ਹਮੇਸ਼ ਸੀ।
"ਦਾਤਾਰ! ਦੁਖੀਆਂ ਵਾਸਤੇ, ਕੁਰਬਾਨ ਆਪਾ ਕਰ ਦਿਆਂ।
"ਵਰਦਾਨ ਦੇ ਬਲਿਦਾਨ ਦੀ, ਨੀਂਹ ਸੀਸ ਲਾ ਕੇ ਧਰ ਦਿਆਂ।
"ਮੈਂ ਚਾਂਹਵਦਾ ਹਾਂ ਰੱਤ ਮੇਰੀ, ਰੰਗ ਲਾਏ ਹੇ ਪ੍ਰਭੂ!
"ਕੁਰਬਾਨੀਆਂ ਦੇ ਗੀਤ ਮਿੱਠੇ, ਕੌਮ ਗਾਏ ਹੇ ਪ੍ਰਭੂ!
"ਬੇਸ਼ੱਕ ਜਾਏ ਸੀਸ, ਪਰ ਨਾ ਸਿਰੜ ਜਾਏ ਹੇ ਪ੍ਰਭੂ!
"ਮਜ਼ਲੂਮ ਅੰਦਰ ਹਿੰਦ ਦੇ, ਨਾ ਨਜ਼ਰ ਆਏ ਹੇ ਪ੍ਰਭੂ!
"ਮੈਂ ਚਾਹੁੰਦਾ ਹਾਂ ਜ਼ੁਲਮ ਦੀ, ਤਲਵਾਰ ਟੁੱਟੇ ਅੱਜ ਤੋਂ।
"ਮੈਂ ਨਾ ਰਵ੍ਹਾਂ ਪਰ ਜ਼ੁਲਮ ਦੀ, ਸਰਕਾਰ ਟੁੱਟੇ ਅੱਜ ਤੋਂ।
"ਨੀ ਦਿੱਲੀਏ ਜੇ ਵੇਖੀਏ, ਅੱਜ ਚੌਂਕ ਤੇਰਾ ਚਾਨਣੀ।
ਬੇਸ਼ੱਕ ਵਜਦੇ ਤੀਰ ਨੇ, ਹੁੰਦਾ ਕਲੇਜਾ ਛਾਨਣੀ।
ਮਿਲਦਾ ਹੈ ਪਰ ਉਤਸ਼ਾਹ ਵੀ, ਦੁੱਖੀਆਂ ਲਈ ਕੁਝ ਕਰਨ ਦਾ।
ਪੱਕੇ ਬਚਨ ਤੇ ਰਹਿਣ ਦਾ, ਤੇ ਆਜਜ਼ਾਂ ਲਈ ਮਰਨ ਦਾ।
ਵੇਖੀ ਤੂੰ ਤੇਗ਼ ਬਹਾਦਰੀ, ਮਰਦਾਂ ਦੀ ਕਰਨੀ ਦਿੱਲੀਏ
ਤਾਹੀਏਂ ਤਾਂ ਪੂਜਣ-ਯੋਗ ਹੈਂ, ਲੱਗੀ ਹੈਂ ਚਰਨੀਂ ਦਿੱਲੀਏ।
ਅੱਜ ਤੀਕ ਹੋ ਗਏ ਸੈਂਕੜੇ, ਜਿਨ੍ਹਾਂ ਨੇ ਮਰ ਕੇ ਦੱਸਿਆ।
ਸੂਲੀ ਤੇ ਚੜ੍ਹ ਕੇ ਦੱਸਿਆ, ਦੁੱਖ ਕਸ਼ਟ ਜਰ ਕੇ ਦੱਸਿਆ।
ਅੱਗੋਂ ਵੀ ਖ਼ਬਰੇ ਹੋਣਗੇ, ਕਈ ਕਰਨੀਆਂ ਜੋ ਕਰਨਗੇ।
ਲਿੱਸਿਆਂ ਦੀ ਵਾਰਸ ਬਣਨਗੇ, ਦੁੱਖੀਆਂ ਦੀ ਹਾਮੀ ਭਰਨਗੇ।
ਨੌਵੇਂ ਗੁਰੂ ਦੇ ਵਾਂਗ ਪਰ, ਕਰਨੀ ਕਿਸੇ ਕਰਨੀ ਨਹੀਂ।
ਲਾੜੀ ਸ਼ਹੀਦੀ ਦਿੱਲੀਏ, ਹੱਸ ਕੇ ਕਿਸੇ ਵਰਨੀ ਨਹੀਂ।

-0-

## ਦੱਸ ਬਾਬਾ ਨਾਨਕਾ

-ਡਾ. ਅਮਨਪ੍ਰੀਤ ਸਿੰਘ

ਧੜਾ ਧੜਾ ਹੋਵਣ ਗੋਸ਼ਟਾਂ, ਸੈਮੀਨਾਰ ਵਡੇਰੇ
ਲੰਗਰ ਲੱਗਣ ਬੇਅੰਤ, ਬਣੇ ਪਕਵਾਨ ਬਥੇਰੇ
ਨਗਰ ਕੀਰਤਨ ਧੁਨ 'ਚ ਮਗਨ ਨੇ ਕਿਹੜੇ
ਇਹ ਦੱਸੋ ਗੁਰੂ ਨਾਨਕ ਨੂੰ ਭਾਉਂਦੇ ਨੇ ਕਿਹੜੇ।

ਪੈਸਾ ਇਕੱਠਾ ਹੋ ਰਿਹਾ, ਤੇ ਛਪਣ ਕਿਤਾਬਾਂ
ਲਿਖਦੇ ਉਹ ਮੁਰੀਦ ਨੇ, ਲਾ ਘੁੱਟ ਸ਼ਰਾਬਾਂ
ਛਪਦੇ ਵਿਚ ਅਖ਼ਬਾਰ ਦੇ, ਕਈ ਲੇਖ ਵਧੇਰੇ
ਹਉਂ ਨਾ ਮੁੱਕੀ ਬਾਬਾ ਨਾਨਕਾ, ਇਹ ਬੰਦੇ ਤੇਰੇ।

ਘਰ ਘਰ ਲੜੀਆਂ ਲੱਗੀਆਂ ਤੇ ਦੀਵੇ ਜਗਦੇ
ਮਨ ਭਰ ਨਾਲ਼ ਈਰਖਾ ਜਾਣ ਸਭ ਨੂੰ ਠੱਗਦੇ
ਮੰਨਣ ਨਾ ਤੇਰੀ ਇੱਕ ਵੀ, ਤੇਰੇ ਕੀ ਉਹ ਲੱਗਦੇ
ਦੱਸ ਬਾਬਾ ਨਾਨਕਾ, ਕੀ ਕਹਿਣੇ ਹੈ ਜੱਗ ਦੇ।
ਜਾਤ-ਪਾਤ ਤੇ ਪਖੰਡ ਚੋਂ, ਸਾਨੂੰ ਕੱਢਿਆ ਸੀ ਤੈਂ
ਅਜੇ ਵੀ ਉੱਚੀ ਜਾਤ ਦਾ ਗੁਮਾਨ ਕਰਾਂ ਮੈਂ
ਨੀਵਿਆਂ ਦਾ ਸਤਿਕਾਰ ਨਾ, ਧੱਕੇ ਪਏ ਵੱਜਦੇ
ਭੁੱਖੇ ਸੌਵਨ ਲਾਲੋ ਜਿਹੇ, ਭਾਗੋ ਜਿਹੇ ਰੱਜਦੇ।

ਵਿਦਿਆ ਬੇਚਾਰੀ ਹੋ ਗਈ ਬਣੀ ਤਰਸ ਦੀ ਪਾਤਰ
ਵਪਾਰੀਕਰਨ ਹੈ ਹੋ ਰਿਹਾ ਰਿਸ਼ਵਤਖੋਰ ਅਫ਼ਸਰ।
ਕਿੰਝ ਲੱਗੇਗੀ ਉਸ ਪਾਰ ਬੇੜੀ, ਇਹ ਘੋਰ ਸਮੁੰਦਰ
ਝਾਤੀ ਮਾਰ ਮਨ 'ਚ, ਵਸੇ ਉਹ ਮਨ ਦੇ ਅੰਦਰ।

ਬਾਬਾ! ਤੇਰੀ ਮਿੱਠੀ ਜੁਪਜੀ, ਪੰਜਾਬੀ ਵਿੱਚ ਹਾਂ ਪੜ੍ਹਦੇ
ਹੁੰਦੇ ਹੱਲੇ ਪੰਜਾਬੀ ਜ਼ੁਬਾਨ 'ਤੇ, ਸੀਹ ਮੁਕੱਦਮ ਲੜਦੇ
ਨਵੀਂ ਪੀੜ੍ਹੀ ਅੰਗਰੇਜ਼ੀ ਬੋਲਦੀ, ਭੁੱਲ ਗਈ ਪੰਜਾਬੀ
ਮਾਂ ਬੋਲੀ ਬਿਨਾਂ ਗੁਰੂ ਨਾਨਕਾ, ਕਿੰਝ ਅਣਖ਼ ਹੈ ਜਗਦੀ।

ਚੱਲ ਬਾਣੀ ਨਾਲ਼ ਜੁੜੀਏ, ਘਰ ਧਰਮਸ਼ਾਲ ਬਣਾਈਏ
ਬਾਣੀ ਪੜ੍ਹੀਏ, ਵਿਚਾਰੀਏ ਜੀਵਨ ਵਿੱਚ ਲਿਆਈਏ।
ਚੱਲੀਏ ਉਨ੍ਹਾਂ ਰਾਹਾਂ 'ਤੇ, ਜਿੱਥੇ ਨਾਨਕ ਮੇਰਾ ਤੁਰਿਆ
ਪ੍ਰਕਾਸ਼ ਹੋ ਜਾਏ ਮਨ 'ਚ, ਰਹਿ ਨਾਲ਼ ਉਸ ਦੇ ਜੁੜਿਆ।

-0-

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

ਕਿਸ਼ਤ 3

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸ਼ੁੱਧ ਛਪਾਈ ਬਾਰੇ ਪੰਥ ਦੇ ਵਿਚਾਰਨਯੋਗ ਮਸਲੇ ਅਤੇ ਸਮਾਧਾਨ



ਗਿਆਨੀ ਜਗਤਾਰ ਸਿੰਘ ਜਾਚਕ

**ਤੀਜਾ ਮਸਲਾ ਹੈ ਸਿਰਲੇਖਾਂ ਦੀ ਤਰਤੀਬਕ ਇਕਸਾਰਤਾ ਦਾ;** ਜੋ ਵਧੇਰੇ ਕਰਕੇ ਲਾਹੌਰ ਤੇ ਨਵਲ ਕਿਸ਼ੋਰ ਪ੍ਰੈਸ ਲਖਨਊ ਦੇ ਬੇਸਮਝ ਛਾਪਕਾਂ ਦੁਆਰਾ ਮੰਗਲਾਂ ਦੀ ਸਥਾਨਿਕ ਬੇਤਰਤੀਬੀ ਕਾਰਣ ਪੈਦਾ ਹੋਇਆ ਹੈ । ਭਗਤਬਾਣੀ ਦੇ ਕਈ ਸ਼ਬਦ ਸਿਰਲੇਖਾਂ ਤੋਂ ਹੀ ਰਹਿਤ ਹਨ । ਇਸ ਪੱਖੋਂ ਛਾਪੇ ਦੀ ਪ੍ਰਚਲਿਤ ਬੀੜ ਦੇ ਹੇਠ ਲਿਖੇ ਸਿਰਲੇਖ ਵਾਚੇ ਜਾ ਸਕਦੇ ਹਨ, ਜਿਨ੍ਹਾਂ ਵਿੱਚ ਇਕਸਾਰਤਾ ਅਤੇ ਇੱਕ ਬਝਵੀਂ ਤਰਤੀਬ ਦੀ ਵੱਡੀ ਤੇ ਰੜਕਵੀਂ ਘਾਟ ਹੈ। ਭਾਵ, ਕਈ ਥਾਈਂ ਬਾਣੀ ਦਾ ਨਾਂ ('ਸੋਹਿਲਾ', 'ਸੁਖਮਨੀ' ਤੇ 'ਓਅੰਕਾਰ' ਆਦਿਕ) ਸਿਰਲੇਖ ਦੇ ਆਰੰਭ ਵਿੱਚ ਅੰਕਤ ਕੀਤਾ ਗਿਆ ਹੈ ਅਤੇ ਕਦੀ ਰਾਗ, ਮਹਲਾ, ਘਰੁ ਅਤੇ ਚਉਪਦੇ ਆਦਿਕ ਸੂਚਨਾਵਾਂ ਦੇ ਵਿਚਕਾਰ ਅਤੇ ਕਦੇ ਅੰਤ ਵਿੱਚ । ਜਿਵੇਂ ਹੇਠਾਂ ਵੇਖੋ (ਨੰ. ੧, ੨, ੩) ਕਦੇ ਰਾਗ ਦਾ ਨਾਂ ਪਹਿਲਾਂ ਤੇ ਬਾਣੀਕਾਰ (ਮਹਲਾ) ਦਾ ਵੇਰਵਾ ਪਿੱਛੋਂ, ਕਦੇ ਮਹਲਾ ਦਾ ਵੇਰਵਾ ਪਹਿਲਾਂ ਤੇ ਰਾਗੁ ਪਿੱਛੋਂ ਅਤੇ ਕਈ ਥਾਈਂ ਮਹਲਾ ਦੀ ਸੂਚਨਾ, ਰਾਗ ਤੇ ਕਾਵਿਕ ਪਦਿਆਂ ਦੀ ਸੂਚਨਾ ਤੋਂ ਪਿੱਛੋਂ । ਹੇਠਾਂ ਵੇਖੋ (ਨੰ.੪, ੫, ੬, ੯) ।

ਕਦੇ ਸੰਗੀਤਕ ਸੂਚਨਾ 'ਘਰੁ' ਨੂੰ ਰਾਗ ਤੋਂ ਪਿੱਛੋਂ ਲਿਖਿਆ ਗਿਆ ਹੈ ਅਤੇ ਕਈ ਥਾਈਂ ਬਾਣੀਕਾਰ (ਮਹਲਾ) ਦੇ ਪਿੱਛੋਂ ਤੇ ਕਦੀ ਅੰਤ ਵਿੱਚ । ਹੇਠਾਂ ਵੇਖੋ (ਨੰ.੪, ੫, ੯) ਕਈ ਥਾਈਂ ਸ਼ਬਦ ਦੇ ਪਦਿਆਂ ਦੀ ਕਾਵਿਕ ਸੂਚਨਾ (ਦੁਪਦੇ, ਚਉਪਦੇ ਤੇ ਅਸਟਪਦੀਆਂ ਆਦਿਕ) ਨੂੰ 'ਘਰੁ' ਦੇ ਪਿੱਛੋਂ ਰੱਖਿਆ ਹੈ ਅਤੇ ਕਦੇ ਬਾਣੀਕਾਰ ਦੇ ਪਿੱਛੋਂ । ਹੇਠਾਂ ਵੇਖੋ (ਨੰ. ੪, ੫, ੬) ਕਦੇ ਮੁੱਖ ਰਾਗ ਤੇ ਉਪਰਾਗ ਨੂੰ ਮਿਲਾ ਕੇ ਮਿਸ਼ਰਤ ਰਾਗ (ਗਉੜੀ ਦੀਪਕੀ, 'ਗਉੜੀ ਮਾਝ', 'ਗਉੜੀ ਗੁਆਰੇਰੀ', 'ਆਸਾ ਕਾਫੀ' ਅਤੇ 'ਮਾਰੂ ਕਾਫੀ' ਤੇ 'ਬਸੰਤ ਹਿੰਡੋਲੁ' ਆਦਿਕ) ਵਜੋਂ ਗਾਉਣ ਦੀ ਸੂਚਨਾ ਨੂੰ ਸਯੁੰਕਤ ਰੂਪ ਵਿਚ ਲਿਖਿਆ ਹੈ । ਹੇਠਾਂ ਵੇਖੋ (ਨੰ. ੧, ੫, ੬, ੧੦) ਕਈ ਥਾਈਂ ਉਪਰਾਗ ਨੂੰ 'ਘਰੁ' ਜਾਂ 'ਮਹਲਾ' ਤੋਂ ਪਿਛੋਂ ਨਿਖੇੜ ਕੇ ਲਿਖਿਆ ਹੋਇਆ ਹੈ । ਹੇਠਾਂ ਵੇਖੋ (ਨੰ.੮, ੯, ੧੧) :

(੧) **ਸੋਹਿਲਾ**' ਰਾਗੁ ਗਉੜੀ ਦੀਪਕੀ ਮਹਲਾ ੧ ॥ ੧ਓ ਸਤਿਗੁਰ ਪ੍ਰਸਾਦਿ ॥ ਜੈ ਘਰਿ ਕੀਰਤਿ... ॥ {ਪੰ. ੧੨}

(੨) ਗਉੜੀ '**ਸੁਖਮਨੀ**' ਮਹਲਾ ੫ ॥ ਸਲੋਕ ॥ ੧ਓ ਸਤਿਗੁਰ ਪ੍ਰਸਾਦਿ ॥ ਸਿਮਰਉ ਸਿਮਰਿ...... ॥

(੩) ੧ਓ ਸਤਿਗੁਰ ਪ੍ਰਸਾਦਿ ॥ ਰਾਮਕਲੀ ਮਹਲਾ ੧ ਦਖਣੀ '**ਓਅੰਕਾਰੁ**' ॥ ਓਅੰਕਾਰੁ ਬ੍ਰਹਮਾ... ॥ {ਪੰ.੯੨੯}

(੪) ੧ਓ ਸਤਿਗੁਰ ਪਸਾਦਿ ॥
ਸਿਰੀਰਾਗੁ ਮਹਲਾ ੧ ਘਰੁ ੧ ਅਸਟਪਦੀਆ ॥ ਆਖਿ ਆਖਿ... ॥ {ਪੰ.੫੩}

(੫) ਰਾਗ ਮਾਝ ਅਸਟਪਦੀਆ ਮਹਲਾ ੧ ਘਰੁ ੧ ੧ਓ ਸਤਿਗੁਰ ਪ੍ਰਸਾਦਿ ॥ ਸਬਦਿ ਰੰਗਾਏ ਹੁਕਮਿ... ॥ {ਪੰ.੧੦੯}

(੬) ਮਹਲਾ ੫ ਰਾਗੁ ਗਉੜੀ ਗੁਰਆਰੇਰੀ ਚਉਪਦੇ ੧ਓ ਸਤਿਗੁਰ ਪ੍ਰਸਾਦਿ ॥ ਕਿਨ ਬਿਧਿ ਕੁਸਲ... ॥ {ਪੰ.੧੭੫}

(੭) ਰਾਗੁ ਗਉੜੀ ਮਾਝ੍ਹ ਮਹਲਾ ੫ ੧ਓ ਸਤਿਗੁਰ ਪ੍ਰਸਾਦਿ ॥ ਤੂੰ ਮੇਰਾ ਬਹੁ ਮਾਣ ਕਰਤੇ... ॥ {ਪੰ.੨੧੭}

(੮) ਗਉੜੀ ਮਹਲਾ ੫ ਮਾਝ ॥ ਆਉ ਹਮਾਰੈ... ॥ {ਪੰ. ੨੧੭}

(੯) **ਆਸਾ** ਘਰੁ ੮ **ਕਾਫੀ** ਮਹਲਾ ੫ ॥ ੧ਓ ਸਤਿਗੁਰ ਪ੍ਰਸਾਦਿ ॥ ਮੈ ਬੰਦਾ ਬੈਖਰੀਦ... ॥ {ਪੰ.੩੯੬}

(੧੦) **ਮਾਰੂ ਕਾਫੀ** ਮਹਲਾ ੧ ਘਰੁ ੨ ॥ ਆਵਉ ਵੰਞਉ ਡੁੰਮਣੀ...{ਪੰ. ੧੦੧੪}

(੧੧) **ਬਸੰਤੁ** ਮਹਲਾ ੧ **ਹਿੰਡੋਲ** (ਹਿੰਡੋਲੁ) ॥ ਸਾਹੁਰੜੀ ਵਥੁ..... {ਪੰ.੧੧੭੧}

ਪ੍ਰੰਤੂ, ਸ੍ਰੀ ਕਰਤਾਰਪੁਰੀ ਬੀੜ ਸਮੇਤ ਭਾਈ ਬੰਨੋ ਵਾਲੀ ਸ਼ਾਖ ਦੀਆਂ ਬੀੜਾਂ ਨੂੰ ਛੱਡ ਕੇ ਬਾਕੀ ਦੀਆਂ ਵਧੇਰੇ ਪ੍ਰਾਚੀਨ ਬੀੜਾਂ ਵਿੱਚ ਸਿਰਲੇਖਾਂ ਦੀ ਇੱਕ ਬਝਵੀਂ ਤਰਤੀਬ ਹੈ । ਪਹਿਲੇ ਨੰ. 'ਤੇ ਰਾਗ ਦਾ ਨਾਂ; ਦੂਜੇ ਤੇ ਬਾਣੀਕਾਰ (ਮਹਲਾ) ਦਾ ਵੇਰਵਾ; ਤੀਜੇ ਤੇ ਦੁਪਦੇ, ਚਉਪਦੇ ਤੇ ਅਸਟਪਦੀਆਂ ਆਦਿਕ ਦੇ ਰੂਪ ਵਿੱਚ ਕਾਵਿਕ ਪਦਿਆਂ ਦੀ ਸੂਚਨਾ; ਚੌਥੇ ਤੇ ਸੰਗੀਤਕ ਸੂਚਨਾ 'ਘਰੁ' ਅਤੇ ਅੰਤ ਵਿੱਚ ਬਾਣੀ ਦਾ ਨਾਂ 'ਸੋਹਿਲਾ' ਤੇ 'ਸੁਖਮਨੀ' ਆਦਿਕ । ਉਦਾਹਰਣ ਵਜੋਂ ਸ਼੍ਰੋਮਣੀ ਕਮੇਟੀ ਵੱਲੋਂ ਪ੍ਰਕਾਸ਼ਤ 'ਪਾਠ-ਭੇਦਾਂ ਦੀ ਸੂਚੀ' ਮੁਤਾਬਿਕ ਸਿੱਖ ਰੈਫਰੈਂਸ ਲਾਇਬ੍ਰੇਰੀ ਦੀ ਬੀੜ ਨੰ. ੪/੩, ੫, ੨੪/੩੬, ੨੯/੭੯ ਤੇ ੩੨/੬੨੯੧ ਵਿੱਚ ਸਿਰਲੇਖ ਸੀ :

ਰਾਗੁ ਗਉੜੀ ਦੀਪਕੀ ਮਹਲਾ ੧ **ਸੋਹਿਲਾ** ॥ ਜੈ ਘਰਿ... ॥

ਪ੍ਰੰਤੂ, ਹੁਣ ਛਪ ਰਿਹਾ ਹੈ : **ਸੋਹਿਲਾ** ਰਾਗੁ ਗਉੜੀ ਦੀਪਕੀ ਮਹਲਾ ੧ ॥

(੨) ਬੀੜ ਨੰ. ੨੯/੭੯ ਤੇ ੩੭/੧੭੦ ਵਿੱਚ ਸਿਰਲੇਖ ਸੀ :

**ਰਾਮਕਲੀ ਦਖਣੀ** ਮਹਲਾ ੧ ਓਅੰਕਾਰੁ ॥

ਹੁਣ ਛਪ ਰਿਹਾ ਹੈ : **ਰਾਮਕਲੀ** ਮਹਲਾ ੧ **ਦਖਣੀ ਓਅੰਕਾਰੁ** ॥ {ਪੰ.੯੨੯}

ਇਸੇ ਲਈ 'ਓਅੰਕਾਰ' ਨਾਮ ਦੀ ਬਾਣੀ ਨੂੰ ਹੁਣ ਆਮ ਤੌਰ 'ਤੇ 'ਦੱਖਣੀ ਓਅੰਕਾਰੁ' ਬੋਲਿਆ ਜਾ ਰਿਹਾ ਹੈ, ਜੋ ਕਿ ਸਿਧਾਂਤਕ ਪੱਖੋਂ ਵੀ ਗ਼ਲਤ ਹੈ । 'ਰਾਮਕਲੀ ਦਖਣੀ' ਦਾ ਅਰਥ ਹੈ : ਦੱਖਣੀ ਕਿਸਮ ਦੀ ਰਾਮਕਲੀ । ਇਸ ਲਈ ਰਾਗ ਦਾ ਸ਼ੁਧ ਨਾਮ ਛਪਣਾ ਚਾਹੀਦਾ ਹੈ 'ਰਾਮਕਲੀ ਦਖਣੀ' ।

(੩) ਬੀੜ ਨੰ. ੧, ੪/੩, ੪੦/੩੨੬, ੪੬ ਤੇ ੪੭ ਵਿੱਚ ਛਾਪੇ ਦੀ ਬੀੜ ਦੇ ਪੰਨੇ ੫੩ ਦਾ ਸਿਰਲੇਖ ਸੀ :

ਰਾਗੁ ਸਿਰੀਰਾਗੁ ਮਹਲਾ ੧ **ਅਸਟਪਦੀਆ** ਘਰੁ ੧ ॥

ਪ੍ਰੰਤੂ ਹੁਣ ਛਪ ਰਿਹਾ ਹੈ : ਸਿਰੀਰਾਗੁ ਮਹਲਾ ੧ ਘਰੁ ੧ **ਅਸਟਪਦੀਆ**॥ {ਪੰ.੫੩}

ਛਾਪੇ ਦੀ ਪਾਵਨ ਬੀੜ ਵਿੱਚ ਵਾਰਾਂ ਦੇ ਸਿਰਲੇਖ ਵੀ ਉਘੜ-ਦੁਘੜ ਛਪ ਰਹੇ ਹਨ । ਭਾਵ, ਵਾਰਾਂ ਦੇ ਸਿਰਲੇਖਾਂ ਵਿੱਚ ਵੀ ਇਕਸਾਰਤਾ ਨਹੀਂ । ਗੁਰਬਾਣੀ ਤੇ ਕਾਵਿ-ਸ਼ੈਲੀ ਦੀ ਗਹਿਰੀ ਸੂਝ ਰੱਖਣ ਵਾਲੇ ਵਿਦਵਾਨਾਂ ਦਾ ਮਤ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰਾਗਾਂ ਦੀਆਂ ਵਾਰਾਂ ਦੀ ਮੁੱਢਲੀ ਬਣਤਰ ਵਿੱਚ ਕੇਵਲ ਪਉੜੀਆਂ ਸਨ । ਉਨ੍ਹਾਂ ਦੇ ਭਾਵਾਂ ਨਾਲ ਮਿਲਦੇ ਸਲੋਕ 'ਪੋਥੀ ਸਾਹਿਬ' ਦੀ ਸੰਪਾਦਨਾ ਵੇਲੇ ਸ੍ਰੀ ਗੁਰੂ ਅਰਜਨ ਸਾਹਿਬ ਜੀ ਮਹਾਰਾਜ ਆਪ ਸਥਾਪਿਤ ਕਰਵਾਏ ਹਨ । ਇਉਂ ਪ੍ਰਤੀਤ ਹੁੰਦਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਖੇ 'ਬਸੰਤ ਕੀ ਵਾਰ ਮਹਲੁ ੫' ਵਾਰਾਂ ਦੇ ਮੁਢਲੇ ਰੂਪ ਨੂੰ ਹੀ

ਪ੍ਰਮਾਣਿਤ ਕਰਨ ਹਿਤ ਸਲੋਕ ਰਹਿਤ ਸਥਾਪਿਤ ਕੀਤੀ ਹੈ, ਕਿਉਂਕਿ ਉਸ ਦੀਆਂ ਕੇਵਲ ੩ ਪਉੜੀਆਂ ਹੀ ਹਨ, ਸਲੋਕ ਨਹੀਂ । ਇਹ ਇੱਕ ਵੱਖਰੀ ਗੱਲ ਹੈ ਕਿ ਛਾਪੇ ਦੀ ਬੀੜ ਵਿੱਚ 'ਪਉੜੀ' ਸਿਰਲੇਖ ਦੀ ਅਣਹੋਂਦ ਹੈ । ਪ੍ਰੰਤੂ, ਸੂਚੀ ਮੁਤਾਬਿਕ ਪੁਰਾਤਨ ਹੱਥ ਲਿਖਤੀ ਗ੍ਰੰਥਾਂ ਵਿੱਚ ਸਿਰਲੇਖ ਵਜੋਂ 'ਬਸੰਤ ਕੀ ਵਾਰ ਮਹਲੁ ੫' ਦੀ ਥਾਂ 'ਮਹਲਾ ੫' ਵੀ ਅੰਕਤ ਹੈ ਅਤੇ ਵਾਰ ਦੇ ਹਰੇਕ ਪਦੇ ਨਾਲ ਬਕਾਇਦਾ 'ਪਉੜੀ' ਸਿਰਲੇਖ ਵੀ । ਵਾਰ ਦਾ ਸੰਖੇਪ ਮੰਗਲ "ੴ ਸਤਿਗੁਰਪ੍ਰਸਾਦਿ ॥" ਸੱਜੇ ਹੈ । ਜਿਵੇਂ ਬੀੜ ਨੰ. ੧, ੫, ੨੯/੭੯, ੩੫/੧੬੬ ਤੇ ੫੪ ਆਦਿਕ ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮੌਜੂਦਾ ਬੀੜ ਦੇ ਪੰਨਾ ੧੪੧੦ ਉਪਰਲਾ ਵਿਸ਼ੇਸ਼ ਸਿਰਲੇਖ 'ਸਲੋਕ ਵਾਰਾਂ ਤੇ ਵਧੀਕ', ਇਸ ਹਕੀਕਤ ਦਾ ਅਕੱਟ ਪ੍ਰਮਾਣ ਹੈ ਕਿ ਜਿਹੜੇ ਸਲੋਕ ਵਾਰਾਂ ਤੋਂ ਵਧ ਗਏ, ਉਹ ਸਾਰੇ ਉਪਰੋਕਤ ਸਿਰਲੇਖ ਹੇਠ ਇਕੱਠੇ ਲਿਖ ਦਿੱਤੇ । ਇਸ ਲਈ ਜਥੇਦਾਰ ਵੇਦਾਂਤੀ ਜੀ ਨੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਸਟੱਡੀ ਟੀਮ' ਦੀ ਸਾਂਝੀ ਖੋਜ ਅਤੇ 'ਪਾਠ ਭੇਦ ਸੂਚੀ' ਦੀ ਸੁਧਾਰਕ ਸਲਾਹ ਨਾਲ ਸਿਰਲੇਖਾਂ ਦੀ ਇਕਸਾਰਤਾ ਸਥਾਪਤ ਕਰਨ ਮੌਕੇ ਸਾਰੀਆਂ ਵਾਰਾਂ ਦੇ ਸੰਖੇਪ ਮੰਗਲ ਸੱਜੇ ਲਿਖਣ ਉਪਰੰਤ ਰਾਗ ਦੇ ਵੇਰਵੇ ਪਿਛੋਂ 'ਸਲੋਕਾ ਨਾਲਿ' ਦੀ ਵਿਸ਼ੇਸ਼ ਸੂਚਨਾ ਸਬੰਧਤ ਕੀਤੀ ।ਇਸ ਪਿਛੋਂ ਬਾਣੀਕਾਰ ਦਾ ਵਰਨਣ ਅਤੇਵਾਰ ਦੀ ਧੁਨੀਦਾ ਵੇਰਵਾ ਲਿਖਿਆ ।ਕੇਵਲ ਭਾਈ ਸੱਤੇ ਤੇ ਬਲਵੰਡ ਵਾਲੀ ਰਾਮਕਲੀ ਦੀ ਵਾਰ ਅਤੇ ਬਸੰਤ ਦੀ ਵਾਰ ਦੇ ਸਿਰਲੇਖ ਹੀ 'ਸਲੋਕਾ ਨਾਲਿ' ਸੂਚਨਾ ਤੋਂ ਖਾਲੀ ਹਨ, ਕਿਉਂਕਿ ਉਹ ਦੋਵੇ ਵਾਰਾਂ ਸਲੋਕਾਂ ਤੋਂ ਰਹਿਤ ਹਨ । ਮੰਨਿਆ ਜਾਂਦਾ ਹੈ ਕਿ ਬਸੰਤ ਦੀ ਵਾਰ ਇਸ ਹਕੀਕਤ ਦਾ ਅਕੱਟ ਪ੍ਰਮਾਣ ਹੈ ਕਿ ਵਾਰਾਂ ਦਾ ਮੁਢਲਾ ਰੂਪ ਸਲੋਕਾਂ ਤੋਂ ਰਹਿਤ ਸੀ ।

'ਸ੍ਰੀ ਗੁਰੂ ਗ੍ਰੰਥ ਸਾਹਿਬ ਸਟੱਡੀ ਟੀਮ' ਨੇ ਇਹ ਤੱਥ ਵੀ ਨੋਟ ਕੀਤਾ ਕਿ ਵਾਰ ਦੀ ਜਿਸ ਪਉੜੀ ਤੋਂ ਪਹਿਲਾਂ ਜੇ ਸਲੋਕ ਇੱਕੋ ਹੋਵੇ ਤਾਂ ਉਸ ਦਾ ਸਿਰਲੇਖ ਵੀ ਇੱਕ ਵਚਨ ਪੁਲਿੰਗ ਹੋਣ ਕਰਕੇ 'ਸਲੋਕੁ' ਅੰਤਕ ਔਂਕੜ ਹੋਵੇਗਾ । ਜੇ ਪਉੜੀ ਨਾਲ ਦੇ ਸਲੋਕ ਵਧੇਰੇ ਹੋਣ ਤਾਂ ਉਨ੍ਹਾਂ ਦਾ ਸਾਂਝਾ ਸਿਰਲੇਖ 'ਸਲੋਕ' ਬਹੁ-ਵਚਨ ਹੋਣ ਕਾਰਣ ਅੰਤਕ ਮੁਕਤਾ ਹੋਵੇਗਾ । ਸ਼ਬਦਾਂ ਦੇ ਸਿਰਲੇਖਾਂ ਵਿੱਚ ਬਾਣੀਕਾਰ ਗੁਰੂ ਸਾਹਿਬਾਨ ਲਈ 'ਮਹਲਾ' ਅਤੇ ਵਾਰਾਂ ਅੰਦਰਲੇ ਸਲੋਕਾਂ ਦੇ ਬਾਣੀਕਾਰਾਂ ਲਈ ਵਧੇਰੇ ਉਸ ਦਾ ਸੰਖੇਪ ਰੂਪ 'ਮਃ' ਹੀ ਲਿਖਿਆ ਮਿਲੇਗਾ । ਬੇਅੰਤ ਐਸੀਆਂ ਬੀੜਾਂ ਵੀ ਮਿਲਦੀਆਂ ਹਨ, ਜਿਨ੍ਹਾਂ ਦੇ ਸਿਰਲੇਖਾਂ ਵਿੱਚ 'ਮਹਲ' ਜਾਂ 'ਮਹਲੁ' ਦੀ ਥਾਂ 'ਮਹਲਾ' ਅੰਕਿਤ ਹੈ ।

ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੀ ਪੁਸਤਕ 'ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਹੱਥ-ਲਿਖਤ ਬੀੜਾਂ ਦੇ ਦਰਸ਼ਨ' ਦੀ ਅੰਤਿਕਾ ਨੰ. ੧੧ ਵਿੱਚ ਐਸੀਆਂ ੧੪੭ ਬੀੜਾਂ ਦਾ ਵੇਰਵਾ ਦਰਜ ਹੈ, ਜਿਨ੍ਹਾਂ ਵਿੱਚ ਰਾਗੁ ਸਿਰੀਰਾਗ ਮਹਲਾ ੧ ਦੇ ੬ਵੇਂ (ਛਾਪੇ ਦੀ ਬੀੜ ਪੰ. ੧੬, ਮਹਲੁ ੧), ੧੨ਵੇਂ (ਪੰ. ੧੮, ਮਹਲੁ ੧) ਅਤੇ ੧੫ਵੇਂ (ਪੰ. ੧੯, ਮਹਲ ੧) ਸ਼ਬਦਾਂ ਦੇ ਸਿਰਲੇਖ ਵਿੱਚ 'ਮਹਲ' ਜਾਂ 'ਮਹਲੁ' ਦੀ ਥਾਂ 'ਮਹਲਾ' ਦਰਜ ਹੈ । ਯੂਨੀਵਰਸਿਟੀ ਦੇ 'ਸ੍ਰੀ ਗੁਰੂ ਗ੍ਰੰਥ ਅਧਿਐਨ ਕੇਂਦਰ' ਵਿਚ ਉਪਰੋਕਤ ਬੀੜਾਂ ਦੇ ਡਿਜ਼ੀਟਲ ਫੋਟੋ ਮਜੂਦ ਹਨ । ਜਿਵੇਂ ਬੀੜ ਨੰ. ੧, ੨, ੩, ੪, ੫, ੬, ੭, ੮, ੯, ੧੦, ੧੧, ੧੨, ੧੩, ੧੪, ੧੫, ੧੬, ੧੭, ੧੮, ੧੯, ੨੦, ੨੧, ੨੨, ੨੩, ੨੪, ੨੫, ੨੬, ੨੮, ੨੯ ਤੇ ੩੦ ਆਦਿ । ਪੁਸਤਕ ਦੇ ਪੰਨਾ ੨੭੧ ਦਾ ਵੇਖੋ ਚਿੱਤਰ ਨੰ. ੪੦ :

ਇਸੇ ਤਰ੍ਹਾਂ ਉਪਰੋਕਤ ਪੁਸਤਕ ਦੀ ਅੰਤਿਕਾ ਨੰ. ੧੮ ਵਿਖੇ ਰਾਗੁ ਦੇਵ ਗੰਧਾਰੀ ਵਿੱਚ ਸ਼ਬਦਾਂ ਦੇ ਸਿਰਲੇਖ 'ਦੇਵ ਗੰਧਾਰੀ / ਦੇਵ ਗੰਧਾਰੀ ੫' ਦੀ ਥਾਂ ਦੇਵਗੰਧਾਰੀ ਮਹਲਾ ੪/੫ ਵਾਲੀਆਂ ੭੪ ਬੀੜਾਂ ਦੀ ਸੂਚੀ ਦਿੱਤੀ ਹੋਈ ਹੈ । ਜਿਵੇਂ ਬੀੜ ਨੰ. ੧, ੨, ੫, ੭, ੮, ੯, ੧੧, ੧੨, ੧੩, ੧੫, ੧੬, ੧੭, ੧੮, ੧੯, ੨੧, ੨੨, ੨੩, ੨੪, ੨੫, ੨੬, ੨੭, ੩੧, ੩੨, ੩੩ ਤੇ ੩੪ ਆਦਿ ॥

'ਪਾਠ-ਭੇਦ ਸੂਚੀ' ਦੇ ਪੰਨਾ ੧੫੨ 'ਤੇ ਛਾਪੇ ਦੀ ਮਜੂਦਾ ਬੀੜ ਦੇ ਪਾਠ "ਦੇਵ ਗੰਧਾਰੀ ॥ ਮੇਰੋ ਸੁੰਦਰ ਕਹਹੁ ਮਿਲੈ ਕਿਤੁ ਗਲੀ ॥" {ਪੰਨਾ ੫੨੭} ਦੇ ਸਿਰਲੇਖ ਨੂੰ ਸ਼ੁਧ ਕਰਕੇ ਇੰਵ ਲਿਖਿਆ ਹੈ : "ਦੇਵ ਗੰਧਾਰੀ ਮਹਲਾ ੪ ॥ ਮੇਰੋ ਸੁੰਦਰ ਕਹਹੁ… ॥" ਇਥੇ ਹੇਠ ਲਿਖਿਆ ਇੱਕ ਵਿਸ਼ੇਸ਼ ਨੋਟ ਦੇ ਕੇ ੧੧ ਬੀੜਾਂ ਦੀ ਸੂਚੀ ਵੀ ਦਿੱਤੀ ਹੈ:-

ਰਾਗ ਦੇ ਨਾਲ 'ਮਹਲਾ ੪' ਜ਼ਰੂਰ ਚਾਹੀਏ । ਪਰ ਇਸ ਤੋਂ ਅਗਲੇ ਸਾਰੇ (ਪੰਜਾਂ) ਸ਼ਬਦਾਂ ਨਾਲ ਨਹੀਂ । ਹੋਰ ਬਹੁਤੇ ਲਿਖਤੀ ਗ੍ਰੰਥਾਂ ਵਿੱਚ ਇਹ ਘਾਟ ਨਹੀਂ । (ਜਿਵੇਂ) ਬੀੜ ਨੰ. ੧, ੪/੩, ੫, ੭, ੨੧/੩੪, ੩੨/੬੨੮੧, ੩੮/੧੭੩, ੪੦/੨੩੬, ੪੪, ੪੭ ਤੇ ੪੮ । ਇਸੇ ਤਰ੍ਹਾਂ 'ਮਹਲਾ ੫' ਦੇ ਅਧੂਰੇ ਸਿਰਲੇਖ ਵੀ ਪੂਰੇ ਕੀਤੇ ਮਿਲਦੇ ਹਨ।

'ਪਾਠ-ਭੇਦ ਸੂਚੀ' ਦੇ ਪੰਨਾ ੨੧੮ ਮੁਤਾਬਿਕ "ਧਨਾਸਰੀ ਮਃ ੫ ॥ ਕਰਿ ਕਿਰਪਾ… ॥" {ਪੰ. ੬੭੧} ਦੇ ਸਿਰਲੇਖ ਅੰਦਰਲੇ 'ਮਃ ੫' ਦੀ ਥਾਂ ਬੀੜ ਨੰ. ੧, ੪/੩, ੫, ੭, ੨੧/੩੪, ੨੬/੫੫, ੩੨/੬੨੮੧, ਤੇ ੩੮/੧੭੩ ਵਿੱਚ 'ਮਹਲਾ ੫' ਦਰਜ ਹੈ । ਇਸੇ ਤਰ੍ਹਾਂ "ਜੈਤਸਰੀ ਮਃ ੪ ॥ ਹਮ ਬਾਰਿਕ ਕਛੂਅ… ॥ {ਪੰ. ੬੯੭} ਸ਼ਬਦ ਸਿਰਲੇਖ ਅੰਦਰਲੇ 'ਮਃ ੪' ਵਾਲੇ ਸੰਖੇਪ ਰੂਪ ਦੀ ਥਾਂ ਬੀੜ ਨੰ. ੧, ੪/੩, ੫, ੭, ੨੧/੩੪, ੨੬/੫੫, ੩੨/੬੨੮੧, ੪੦/੨੩੬, ੪੬, ੪੮, ੫੪ ਤੇ ੫੫ ਵਿੱਚ 'ਮਹਲਾ ੪ ਸੰਪੂਰਨ ਰੂਪ ਵਿੱਚ ਅੰਕਿਤ ਹੈ ।

ਇਹੀ ਕਾਰਣ ਹਨ ਕਿ ਵੇਦਾਂਤੀ ਜੀ ਵਾਲੀ ਟੀਮ ਨੇ ਨਿਰਣੈਜਨਕ ਫੈਸਲਾ ਕੀਤਾ ਕਿ ਸ਼ਬਦਾਂ ਦੇ ਸਿਰਲੇਖਾਂ ਵਿੱਚ ਬਾਣੀਕਾਰ ਗੁਰੂ ਸਹਿਬਾਨ ਦਾ ਸ਼ੁਧ ਪ੍ਰਤੀਕ 'ਮਹਲਾ' ਹੈ ਅਤੇ ਵਾਰਾਂ ਵਿੱਚ ਉਸ ਦਾ ਸੰਖੇਪ ਰੂਪ 'ਮਃ' ਸ਼ੁਧ ਹੈ । ਸਲੋਕਾਂ ਵਾਲੀਆਂ ਵਾਰਾਂ ਦੇ ਸਿਰਲੇਖਾਂ ਵਿੱਚ ਰਾਗ ਦੇ ਵੇਰਵੇ ਨਾਲ 'ਸਲੋਕਾ ਨਾਲਿ' ਦੀ ਸੂਚਨਾ ਲਾਜ਼ਮੀ ਹੈ । ਜਿਵੇਂ ਸ਼੍ਰੋਮਣੀ ਕਮੇਟੀ ਵਾਲੀ ਮੌਜੂਦਾ ਬੀੜ ਵਿਖੇ ਸਿਰੀਰਾਗ ਦੀ ਵਾਰ ਦੇ ਸੰਖੇਪ ਮੰਗਲ ਸਹਿਤ ਸਿਰਲੇਖ ਛਪ ਰਿਹਾ ਹੈ :

ੴ ਸਤਿਗੁਰ ਪ੍ਰਸਾਦਿ ॥ ਸਿਰੀਰਾਗ ਕੀ ਵਾਰ ਮਹਲਾ ੪ ਸਲੋਕਾ ਨਾਲਿ ॥ ਸਲੋਕ ਮਃ ੩ ॥ ਰਾਗਾ ਵਿਚਿ ਸ੍ਰੀਰਾਗੁ ਹੈ… ॥ (ਪੰਨਾ ੮੩)

**ਪਰ, ਵੇਦਾਂਤੀ ਜੀ ਨੇ ਮੰਗਲ ਦਾ ਸਥਾਨ ਤੇ ਸਿਰਲੇਖ ਸੋਧ ਕੇ ਇੰਵ ਲਿਖਿਆ :**

ੴ ਸਤਿ ਗੁਰ ਪ੍ਰਸਾਦਿ ॥

ਸਿਰੀਰਾਗ ਕੀ ਵਾਰ ਸਲੋਕਾ ਨਾਲਿ ਮਹਲਾ ੪ ॥ ਸਲੋਕ ਮਃ ੩ ॥ ਰਾਗਾ ਵਿਚਿ ਸ੍ਰੀਰਾਗੁ ਹੈ… ॥

**ਸ਼੍ਰੋਮਣੀ ਕਮੇਟੀ ਵਾਲੀ ਛਾਪੇ ਦੀ ਬੀੜ ਦਾ ਸਿਰਲੇਖ ਹੈ:**

ਵਾਰ ਮਾਝ ਕੀ ਤਥਾ ਸਲੋਕ ਮਹਲਾ ੧ ॥ ਮਲਕ ਮੁਰੀਦ ਤਥਾ ਚੰਦ੍ਰਹੜਾ ਸੋਹੀਆ ਕੀ ਧੁਨੀ ਗਾਵਣੀ ॥ ੴ ਸਤਿਨਾਮੁ ਕਰਤਾ ਪੁਰਖੁ ਗੁਰਪ੍ਰਸਾਦਿ ॥ ਸਲੋਕੁ ਮਃ ੧ ॥ ਗੁਰੁ ਦਾਤਾ ਗੁਰੁ ਹਿਵੈ ਘਰਿ… ॥ (ਪੰਨਾ ੧੩੭)

**ਪਰ, ਵੇਦਾਂਤੀ ਜੀ ਲਿਖਿਆ :**

ੴ ਸਤਿ ਗੁਰ ਪ੍ਰਸਾਦਿ ॥

ਵਾਰ ਮਾਝ ਕੀ ਸਲੋਕਾ ਨਾਲਿ ਮਹਲਾ ੧ ॥ ਮਲਕ ਮੁਰੀਦ ਤਥਾ ਚੰਦ੍ਰਹੜਾ ਸੋਹੀਆ ਕੀ ਧੁਨੀ ਗਾਵਣੀ ॥ ਸਲੋਕ ਮਃ ੧ ॥ ਗੁਰੁ ਦਾਤਾ ਗੁਰੁ ਹਿਵੈ ਘਰਿ… ॥

ਛਾਪੇ ਦੀ ਪ੍ਰਚਲਿਤ ਬੀੜ ਵਿਖੇ ਆਸਾ ਦੀ ਵਾਰ ਦਾ ਮੰਗਲ ਸੰਪੂਰਨ ਹੈ ਅਤੇ ਸਿਰਲੇਖ ਵਿੱਚ 'ਸਲੋਕ ਭੀ ਮਹਲੇ ਪਹਿਲੇ ਕੇ ਲਿਖੇ' ਦੀ ਵਿਸ਼ੇਸ਼ ਸੂਚਨਾ ਦਰਜ ਹੈ, ਜਦ ਕਿ ਇਸ ਵਾਰ ਵਿੱਚ ੧੫ ਸਲੋਕ ਮਹਲਾ ੨ ਦੇ ਵੀ ਅੰਕਿਤ ਹਨ । ਇਸ ਲਈ 'ਪਾਠ ਭੇਦ ਸੂਚੀ' (ਪੰ. ੧੩੭) ਦੇ ਖੋਜੀ ਵਿਦਵਾਨਾਂ ਨੇ ਬੀੜ ਨੰ. ੧, ੪/੩, ੫, ੭, ੨੯/੭੯, ੩੨/੬੨੮੧, ੩੮/ ੧੭੩, ੫੫ ਦੇ ਹਵਾਲੇ ਨਾਲ ਲਿਖਿਆ ਹੈ ਕਿ ਵਾਰ ਦਾ ਮੰਗਲ 'ੴ ਸਤਿਗੁਰ ਪ੍ਰਸਾਦਿ ॥' ਸੰਖੇਪ ਹੈ ਅਤੇ 'ਸਲੋਕ ਭੀ ਮਹਲੇ ਪਹਿਲੇ ਕੇ ਲਿਖੇ' ਦੀ ਵਿਸ਼ੇਸ਼ ਸੂਚਨਾ ਬੇਲੋੜੀ ਹੈ । ਇਸ ਪੱਖੋਂ ਖੋਜੀ ਸੱਜਣਾਂ ਦੀ ਵਿਸ਼ੇਸ਼ ਰਾਇ ਇੰਵ ਹੈ :

ਨੋਟ:- ਤਕਰੀਬਨ ਸਾਰੇ ਪੁਰਾਤਨ ਲਿਖਤੀ ਗ੍ਰੰਥਾਂ ਵਿੱਚ ਪਿੱਛੇ ਆ ਰਹੀ ਰੀਤ ਅਨੁਸਾਰ ਸੰਖੇਪ ਮੰਗਲ ਅਤੇ ਸਿਰਲੇਖ ਭੀ ਸਿੱਧੇ ਤੇ ਸੰਖੇਪ ਹਨ । ਸੋ, ਲਾਲ ਲੀਕਾਂ ਵਾਲੇ 'ਮੰਗਲ' ਤੇ 'ਸਿਰਲੇਖ' ਰੱਖਣੇ ਹੀ ਉਚਿੱਤ ਹਨ।

(…ਚੱਲਦਾ)

# गुरू तेग बहादर साहिब जी

**गुरमति विरसा ब्यूरो**

गुरू तेग बहादर साहिब जी का प्रकाश 18 अप्रैल संन् 1621 को गुरू के महिल अमृतसर में हुआ। आप जी का नाम त्याग मल्ल रखा गया। आप जी गुरू हरिगोबिन्द साहिब जी के सब से छोटे साहिबजादे थे। षुरू से ही आप गहरे विचारवान, दिलेर, निर्भय तथा त्यागी स्वभाव के मालिक थे। आप जी की पढ़ाई शिक्षा मीरी–पीरी के मालिक गुरू हरिगोबिन्द साहिब जी की देख रेख में हुई। आप जी को गुरमत की शिक्षा के साथ साथ शस्त्रों के प्रयोग तथा घुड स्वारी इत्यादि की शिक्षा भी दी गई।

जब गुरू हरिगोबिन्द साहिब जी अमृतसर से करतारपुर आये तो आप पिता गुरू जी के साथ ही थे। संन् 1634 में आप जी का अनंद कारज (विवाह) लखनौर जिला अंबाला निवासी श्री लाल चन्द जी की सुपुत्री माता गुजरी जी से हुआ। जब करतारपुर में 1635 में मुगलों के साथ चौथा युद्ध हुआ तो आप जी ने ऐसे तेग के जौहर दिखाए कि पिता हरिगोबिन्द साहिब जी ने आप जी का नाम 'तेग बहादर' रख दिया। इस युद्ध के पश्चात गुरू हरिगोबिन्द साहिब कीरतपुर चले गये तथा आप पिता गुरू जी के आदेश अनुसार अपने परिवार सहित अपने ननिहाल गांव (बकाले) आ गये।

गांव बकाले में रह कर केन्द्रीय पंजाब में सिखी प्रचार की जिम्मेवारी निभाते रहे। संन् 1644 में गुरू हरिगोबिन्द साहिब जी ज्योति–ज्योत समा गये। गुरू हरिराए साहिब जी ने 1656 में आप जी को पटना का मुखिया प्रचारक नियुक्त करके भेजा। आप जी ने दूर दूर ढाका (बंगाल) तक धर्म प्रचार किया। फिर गुरू हरिकृष्ण साहिब जी के आदेश के मुताबिक प्रचार में जुटे रहे।

गुरू हरिकृष्ण साहिब जी औरंगजेब की बिनती पर दिल्ली आये और बाबा (गुरू) तेग बहादर साहिब जी को पटने से बुला लिये और 7 अप्रैल, 1664 को दिल्ली में आकर मिले।

गुरू हरिकृष्ण साहिब जी ने अपना अंतिम समय नज़दीक जान कर गुरगद्दी गुरू तेग बहादर साहिब जी को सौंपने का निर्णय किया। मुखिया सिखों, परिवारों और बाबा (गुरू) तेग बहादर जी को व्यक्तिगत तौर पर बता दिया और गुरू तेग बहादर जी को बकाले जाने का आदेश दिया।

16 अप्रैल संन् 1664 को गुरू हरिकृष्ण साहिब दिल्ली में ज्योति–ज्योत समा गये तथा उनके पास बैठी सिख संगतों के पूछने पर, अब किसके सहारे छोड़ चले हो, गुरू हरिकृष्ण साहिब जी ने फुरमाया "बाबा बसे ग्राम बकाले" अर्थाथ गुरगद्धी के वारिस बकाले में है। यद्यपि दिल्ली में मुखिया सिखों को गुरू तेग बहादर साहिब जी को गुरगुद्धी मिलने के प्रति कोई संशय नहीं था, परन्तु आप संगतों को भ्रम में डालकर अपनी मान्यता करवाने की इच्छा से धीर मल्ल बकाले आ बैठा और स्वयं को गुरू होने का प्रचार करने लगा।

दिल्ली से मुखिया सिख गुरू हरिकृष्ण साहिब जी की अंतिम रस्मों को पूरा कर अन्य मुखिया सिख मसंदों को संदेश भेज कर बकाले आये तथा गुरू तेग बहादर साहिब जी को गद्धी सौंपने की रस्म पूरी की। इन्हीं दिनों में भाई मक्खन शाह लुबाणा को ज़िला मुजफराबाद (काशमीर, अब पाकिसतान) के रहने वाले तथा गुजरात (काठियावाड़) क्षेत्र के प्रचारक थे, अपने साथियों समेत गुरू साहिब को मिलने बकाले पहुँचे। पहुँचते ही धीर मल्ल के साथी प्रेरित करके उन्हें धीर मल्ल के पास ले गये परन्तु पता लगने पर कि यह गुरू तेग बहादर जी नहीं हैं, वह गुरू तेग बहादर साहिब जी के पास पहुँचे। भाई मक्खन शाह ने जिसके साथ उसके हथियारबंद आदमी भी थे बहादुरी से पाखंडियों का विरोध किया और सच्चे गुरू से जुड़ने का ऐसा ढिंढोरा फेरा कि धीर मल्ल को बकाला छोड़कर भागना पड़ा। धीर मल्ल ने जाते हुए शीहे मसंद को लालच देकर, गुरू तेग बहादर साहिब पर गोली चलवाई परन्तु गुरू जी बाल बाल बच गये। जब मक्खन शाह को पता चला तो उसने सिखों को साथ लेकर धीर मल्ल का पीछा किया। वह धीर मल्ल और उसके साथियों को पकड़कर ले आये तथा उसके द्वारा क्षमा याचना करने तथा गुरू साहिब ने उसकी ज्यादती को नज़रअंदाज़ करके उसे क्षमा कर दिया।

गुरमत संदेश के प्रचार और प्रसार के लिए गुरू साहिब मुखिया सिखों और मक्खन शाह समेत दिसंबर 1664 को दरबार साहिब अमृतसर पहुँचे। पुजारियों (मीणियों भाव प्रिथी चंद का पौत्र हरि जी तथा उसके संगी साथीयों ने सोचा, यदि गुरू जी यहां पर आ गये तो हमारी रोजी–रोटी बंद हो जायेगी। वह दरबाज़े बन्द करके चले गये। गुरू साहिब जी बाहर थड़े (उंचे) पर स्थान पर बैठ कर इंतजार करते रहे, जहां पर आज कल गुरूद्वारा थड़ा साहिब है। काफी समय इन्तजार करने पर भी पुजारी ना आये तो आप गांव 'वल्ले' की तरफ चल पड़े। गांव वल्ले की संगत ने बहुत सेवा की। बाद में जब पुजारी आये तो भाई मक्खन शाह ने उनको अच्छी तरह डांटा फटकार लगायी और उनको गलती का एहसास करवाया। फिर पुजारी भाई मक्खन शाह के साथ गुरू जी के पास गांव वल्ले पहुँचे। गुरू जी ने कहा कि तुम गुरद्वारों के सेवादार (मसंद) नहीं रहे, 31 वर्ष गए हैं, तुम्हे दूसरों का धन खाते, तुम इस धन को छोड़ना नहीं चाहते इस कारण तुम तृष्णा की अग्नि में जल रहे हो। गुरू साहिब जी ने गांव वल्ले से पंजाब और मौजूदा हरियाणा की एक प्रभावशाली यात्रा की जिससे दिल्ली की हकूमत घबरा गई और काजियों मौलानायों के

बहकावे में आकर औरंगज़ेब ने गुरू साहिब को दिल्ली बुलाया। गुरू साहिब जी ने षाही फुरमान की परवाह ना की। इस कारण हुकूमत ने अपने अहिलकारों को गुरू साहिब को हिरासत में लेकर दिल्ली लाने का आदेश दिया। दिल्ली में औरंगज़ेब के सिपह–सलार मिर्जा राजा जै सिंघ के मध्यस्था करने पर गुरू साहिब को वापिस पंजाब जाने देने के लिए मान गयी।

कहिलूर के राजा से मीयांपुर, सहोटा तथा लोधीपुर गांवों की कुछ ज़मीन मोल लेकर 5 जुलाई 1665 में आनंदपुर साहिब वसाया।

उन दिनों हिन्दुस्तान का बादशाह औरंगज़ेब था। उसने हिन्दू धर्म को समाप्त करने के लिए नये फुरमान जारी किए, जैसे कि हिन्दू मन्दिरों को गिराया जाए, सिवाये मुस्लमानों तथा राजपूतों के (राजपूत मुगलों से हार कर बादशाह अकबर के समय मान चुके थे) कोई पगड़ी, फौज, बाज़, ताज़, नगारा, षस्त्र इत्यादि नहीं रख सकता, यदि किसी ने मांस भी खाना है तो वह मुसलमान के पास जाकर उससे हलाल करवा कर खायगा। कोई मुसलमान अपना धर्म परिवरतित नहीं करेगा। धर्म परिवरतित करने और करवाने वाले को सज़ा दी जाएगी। जजीया टैक्स भी हिन्दूओं पर लगाया गया, जिस कारण पूरे हिन्दुस्तान में दहशत फैल गई। बंगाल के गर्वनर ने तो गुरूद्वारे भी गिराये, जिस कारण गुरू साहिब ने लोगों में दहशत समाप्त करने के लिए और सम्मान का जीवन जीने की प्रेरणा देने के लिए पूर्वी हिन्दुस्तान की यात्रा षुरू की।

गुरू तेग बहादर साहिब जत्थे समेत आनंदपुर साहिब से चल कर रोपड़, बनूड़, राजपूरा इत्यादि क्षेत्रों के गांवों, नगरों में प्रचार करते हुए सैफाबाद पहुँचे। नवाब सैफ खान, जो इस क्षेत्र का मालिक था, औरंगज़ेब का बहुत करीबी था और गुरू घर का श्रद्धालू था, ने बड़े सम्मान और नम्रता से गुरू साहिब जी को सैफाबाद में ठहरने के लिए बिनती की। इस समय अनेकों अन्य मुसलमान भी सिखी में प्रवेश किए, उनमें से समाणे का चौधरी मुहम्मद बखश भी था। गुरू साहिब ने सैफ खान की श्रद्धा देख कर, सैफाबाद को बहादरगढ़ का नाम दिया। यहां से मालवा, बांगर देश से कुरक्षेत्र, करनाल, रोहतक, हिसार होते हुए मथुरा, आगरा, कानपुर, इलाहाबाद, प्रयाग, काशी इत्यादि हिन्दू तीर्थों पर गये तथा वहां पर एकत्र हुए लोगों को गुरमत दृढ़ करवाई तथा सच्चा तीर्थ सतसंगत को ही बताया। फिर गया से पटना गये, यहां भाई जैता हलवाई के पास पूरे परिवार को छोड़ा (बाद में इसी स्थान पर ही गोबिन्द राय (गुरू गोबिन्द सिंघ जी) का प्रकाश हुआ। पटने से राजमहल, मालदा, मुरशिदाबाद होते हुए ढाका पहुँचे। ढाके से आसाम पहुँचे, जहां पर आप दो वर्ष प्रचार करते रहे। आसाम में आप जी ने राजा राम सिंघ तथा अहोमी कबीले के सरदार राजा चक्र ध्वज की संधी करवाई और दोनों तरफ से खून बहने से बचाया। आसाम से आप जी ने वापिस पंजाब की तरफ लौटने की योजना बनाई, क्योंकि लोग, औरंगज़ेब के नये आदेशों के अनुसार हो रहे अत्याचारों के कारण कुरला रहे थे। औरंगज़ेब ने हिन्दूओं पर जुल्म षुरू कर दिए थे और पाठशाला तथा मन्दिर गिरा देने का ऐलान कर दिया था।

गुरू जी पटना आये। कुछ समय रूक कर परिवार तथा साहिबज़ादे को मिलकर बक्सर, बनारस, अयोध्या इत्यादि होते हुए, संन् 1670 में आनंदपुर पहुँच गए। कुछ समय के पश्चात परिवार को भी पटना से आनंदपुर साहिब बुला लिया।

पूरे हिन्दुस्तान में औरंगज़ेब की नई नीती (पालिसी) का प्रभाव पड़ा, प्रत्येक स्थान पर हाहाकार मच गई। गुरू तेग बहादर साहिब ने आनंदपुर में बालक (गुरू) गोबिन्द सिंघ जी को आने वाले खतरों तथा परिस्थितियों से परिचित करवाया। जरूरी तैयारी के लिए प्रबंध किया। काश्मीर में षेर इतफान खान तलवार की ताकत से काशमीरी पंड़ितों को मुसलमान बना रहा था। काशमीरी पंडित मटन निवासी भाई कृपा राम जी, जिसका परिवार गुरू नानक साहिब जी के समय से सिखी का प्रचार कर रहा था, को साथ लेकर, गुरू जी के पास आकर फरियाद की तथा औरंगज़ेब के अत्याचारों से तंग आकर सहायता की गुहार लगाई। गुरू साहिब जी ने पंडितों को साहस दिया तथा अत्याचार के खिलाफ डट जाने की प्रेरणा दी। गुरू साहिब ने समझाया कि कायर बनने की जरूरत नहीं, षूरवीर बनो और मृत्यु का भय त्याग कर अपने अधिकारों की रक्षा करो, साथ ही उनको अत्याचार से बचाने के लिए स्वयं अगुवाई करने का विश्वास दिलाया। काशमीरी पंडितों ने हुकूमत तक यह संदेश भेजा कि हम गुरू साहिब की षरण में है और वह हमारे नेता हैं। तुम हमें अपने धर्म में षामिल करने के बारे में उनसे बात करो, हम उनके आदेश के अनुसार चलेंगे।

औरंगज़ेब के पास सभी समाचार पहुँच रहे थे। औरंगज़ेब उन दिनों में हसन अबदाल (पंजा साहिब) गया हुआ था। उसने अहिलकारों को संदेश भेजा कि गुरू तेग बहादर साहिब जी को धर्म में लाने के लिए यत्न करें, यदि ना माने तो षहीद कर दिए जायें। दिल्ली में अहिलकारों तथा काज़ियों ने इसी तरह ही किया। गुरू जी को हिरासत में ले लिया तथा दिल्ली लाया गया। गुरू जी के साथ उस समय भाई मति दास, सति दास, भाई दयाला जी, मुख्य गुरसिख थे।

दिल्ली में काज़ियों के साथ धार्मिक वार्तालाप हुई जिसमें गुरू साहिब के समक्ष वे नहीं ठहिर सके, तो दो टूक बात समाप्त करने के लिए गुरू साहिब को प्रथम बात यह कही कि वह इस्लाम धर्म कबूल कर लें, अगर ऐसा नहीं करते तो कोई करामात दिखायें, यदि करामात नहीं दिखाते तो षीश देने के लिए तैयार हो जायें। गुरू जी ने कहा कि धर्म छोड़ने का तो प्रश्न ही पैदा नहीं होता तथा करामात में हमारा विश्वास नहीं। हम शीश देने के लिए ही आयें हैं। आखिर हुकूमत ने गुरू साहिब को षहीद करने का फतवा दे दिया।

24 नबंवर 1615 को गुरू तेग बहादर साहिब जी को

**बाकी सफा 42 पर**

ਸਿਹਤ ਸੰਭਾਲ

# ਪ੍ਰੋਸਟੇਟ ਕੈਂਸਰ- ਲੱਛਣਾਂ, ਕਾਰਨਾਂ, ਨਿਦਾਨ, ਜੋਖਮਾਂ ਅਤੇ ਇਲਾਜ ਦੀ ਸੰਖੇਪ ਜਾਣਕਾਰੀ

**ਡਾ. ਅਜੀਤਪਾਲ ਸਿੰਘ ਐਮ ਡੀ**

ਪ੍ਰੋਸਟੇਟ ਕੈਂਸਰ ਕੈਂਸਰ ਹੈ ਜੋ ਪ੍ਰੋਸਟੇਟ ਗ੍ਰੰਥੀ ਵਿੱਚ ਵਿਕਸਤ ਹੁੰਦਾ ਹੈ। ਪ੍ਰੋਸਟੇਟ ਗਲੈਂਡ ਇੱਕ ਛੋਟੀ ਜਿਹੀ ਗ੍ਰੰਥੀ ਹੈ ਜੋ ਮਰਦਾਂ ਵਿੱਚ ਪਾਈ ਜਾਂਦੀ ਹੈ ਜੋ ਕਿ ਸ਼ੁਕ੍ਰਾਣੂਆਂ ਦੀ ਆਵਾਜਾਈ ਅਤੇ ਪੋਸ਼ਣ ਵਿੱਚ ਮਦਦ ਕਰਦੀ ਹੈ। ਪ੍ਰੋਸਟੇਟ ਕੈਂਸਰ ਮਰਦਾਂ ਵਿੱਚ ਪਾਏ ਜਾਣ ਵਾਲੇ ਕੈਂਸਰ ਦੀਆਂ ਸਭ ਤੋਂ ਆਮ ਕਿਸਮਾਂ ਵਿੱਚੋਂ ਇੱਕ ਹੈ। ਫਿਰ, ਇਹ ਹੌਲੀ-ਹੌਲੀ ਸਰੀਰ ਦੇ ਦੂਜੇ ਹਿੱਸਿਆਂ ਵਿੱਚ ਫੈਲਦਾ ਹੈ।

**ਪ੍ਰੋਸਟੇਟ ਕੈਂਸਰ ਦੇ ਕਾਰਨ ਕੀ ਹਨ?**

ਕਿਵੇਂ ਦਾ ਕੋਈ ਸਪੱਸ਼ਟ ਕਾਰਨ ਨਹੀਂ ਹੈ ਪ੍ਰੋਸਟੇਟ ਕਸਰ ਸ਼ੁਰੂ ਹੁੰਦਾ ਹੈ। ਇਹ ਪ੍ਰੋਸਟੇਟ ਗਲੈਂਡ ਵਿੱਚ ਸੈਲਾਂ ਦੇ ਪਰਿਵਰਤਨ ਦੇ ਕਾਰਨ ਹੋ ਸਕਦਾ ਹੈ। ਪਰਿਵਰਤਨ ਅਕਸਰ ਸੈਲਾਂ ਦੇ ਤੇਜ਼ੀ ਨਾਲ ਗੁਣਾ ਕਰਨ ਅਤੇ ਵਧੇਰੇ ਵਿਸਤ੍ਰਿਤ ਸਮੇਂ ਲਈ ਜੀਉਂਦੇ ਰਹਿਣ ਦਾ ਕਾਰਨ ਬਣ ਸਕਦਾ ਹੈ।

ਸੈਲਾਂ ਦਾ ਇਹ ਇਕੱਠਾ ਹੋਣਾ ਇੱਕ ਟਿਊਮਰ ਬਣਾਉਂਦਾ ਹੈ ਜੋ ਹੌਲੀ ਹੌਲੀ ਵਧਦਾ ਹੈ ਅਤੇ ਨੇੜਲੇ ਟਿਸ਼ੂਆਂ ’ਤੇ ਹਮਲਾ ਕਰਦਾ ਹੈ। ਇਹ ਸੈਲ ਮੈਟਾਸਟੇਸਾਈਜ਼ ਵੀ ਕਰ ਸਕਦੇ ਹਨ। ਇਸਦਾ ਮਤਲਬ ਹੈ ਕਿ ਉਹ ਸਰੀਰ ਦੇ ਦੂਜੇ ਹਿੱਸਿਆਂ ਵਿੱਚ ਫੈਲ ਜਾਂਦੇ ਹਨ। ਪ੍ਰੋਸਟੇਟ ਕੈਂਸਰ ਦੀਆਂ ਕੁਝ ਕਿਸਮਾਂ ਹੌਲੀ-ਹੌਲੀ ਵਿਕਸਤ ਹੁੰਦੀਆਂ ਹਨ। ਇਹਨਾਂ ਨੂੰ ਘੱਟੋ ਘੱਟ ਤੋਂ ਬਿਨਾਂ ਇਲਾਜ ਦੀ ਲੋੜ ਹੁੰਦੀ ਹੈ। ਜਦੋਂ ਕਿ ਹੋਰ ਕਿਸਮ ਦਾ ਪ੍ਰੋਸਟੇਟ ਕੈਂਸਰ ਬਹੁਤ ਤੇਜ਼ੀ ਨਾਲ ਫੈਲਦਾ ਹੈ।

ਪ੍ਰੋਸਟੇਟ ਕੈਂਸਰ ਲਈ ਜੋਖਮ ਦੇ ਕਾਰਕ ਕੀ ਹਨ?

ਹੇਠ ਲਿਖੇ ਕਾਰਕ ਪ੍ਰੋਸਟੇਟ ਕੈਂਸਰ ਹੋਣ ਦੀ ਸੰਭਾਵਨਾ ਨੂੰ ਵਧਾ ਸਕਦੇ ਹਨ:

* **ਰੇਸ:** ਕਾਲੇ ਮਰਦਾਂ ਦੇ ਵਿਕਾਸ ਦੀ ਵਧੇਰੇ ਸੰਭਾਵਨਾ ਹੁੰਦੀ ਹੈ ਲ ਪ੍ਰੋਸਟੇਟ ਕਸਰ ਹੋਰ ਨਸਲਾਂ ਦੇ ਮਰਦਾਂ ਦੇ ਮੁਕਾਬਲੇ. ਵਿਗਿਆਨ ਅਜੇ ਇਸ ਦਾ ਕਾਰਨ ਨਹੀਂ ਸਮਝ ਸਕਿਆ ਹੈ। ਇਹ ਵੀ ਧਿਆਨ ਦੇਣ ਯੋਗ ਹੈ ਕਿ ਪ੍ਰੋਸਟੇਟ ਕਸਰ ਕਾਲੇ ਮਰਦਾਂ ਵਿੱਚ ਵਧੇਰੇ ਹਮਲਾਵਰ ਹੁੰਦਾ ਹੈ ਅਤੇ ਤੇਜ਼ੀ ਨਾਲ ਅੱਗੇ ਵਧਦਾ ਹੈ।

* **ਉਮਰ:** ਜਿੰਨੀ ਉਮਰ ਤੁਸੀਂ ਵੱਧਦੇ ਹੋ, ਤੁਹਾਡੇ ਪ੍ਰਾਪਤ ਕਰਨ ਦੀਆਂ ਸੰਭਾਵਨਾਵਾਂ ਵੱਧ ਹੁੰਦੀਆਂ ਹਨ ਪ੍ਰੋਸਟੇਟ ਕਸਰ.

* **ਮੋਟਾਪਾ:** ਜਿਹੜੇ ਮਰਦ ਮੋਟੇ ਹੁੰਦੇ ਹਨ ਉਹਨਾਂ ਵਿੱਚ ਹੋਣ ਦੀ ਸੰਭਾਵਨਾ ਵਧੇਰੇ ਹੁੰਦੀ ਹੈ ਪ੍ਰੋਸਟੇਟ ਕਸਰ ਦੂਜਿਆਂ ਨਾਲੋਂ

***ਜੈਨੇਟਿਕਸ:** ਜੇ ਤੁਹਾਡੇ ਪਰਿਵਾਰ ਦੇ ਕੁਝ ਆਦਮੀਆਂ ਨੇ ਸੀ ਪ੍ਰੋਸਟੇਟ ਕਸਰ, ਫਿਰ ਤੁਹਾਡੇ ਇਸ ਨੂੰ ਵਿਕਸਤ ਕਰਨ ਦੀਆਂ ਸੰਭਾਵਨਾਵਾਂ ਵੱਧ ਹਨ। ਨਾਲ ਹੀ, ਜੇਕਰ ਤੁਹਾਡੇ ਕੋਲ ਪਰਿਵਾਰ ਦਾ ਕੋਈ ਮੈਂਬਰ ਹੈ ਜਿਸ ਕੋਲ ਹੈ ਛਾਤੀ ਦਾ ਕੈਂਸਰ, ਅਗਲੀ ਪੀੜ੍ਹੀ ਦੇ ਵਿਕਾਸ ਦੀਆਂ ਸੰਭਾਵਨਾਵਾਂ ਪ੍ਰੋਸਟੇਟ ਕੈਂਸਰ ਦੇ ਵੱਧ ਹਨ.

**੍ਰਪ੍ਰੋਸਟੇਟ ਕੈਂਸਰ ਦੇ ਲੱਛਣ ਕੀ ਹਨ?**

ਪ੍ਰੋਸਟੇਟ ਕੈਂਸਰ ਹੇਠ ਲਿਖੇ ਲੱਛਣਾਂ ਅਤੇ ਲੱਛਣਾਂ ਨੂੰ ਪ੍ਰਦਰਸ਼ਿਤ ਕਰਦਾ ਹੈ:

* ਸ਼ੁਰੂਆਤੀ ਪੜਾਵਾਂ ਵਿੱਚ, ਪ੍ਰੋਸਟੇਟ ਕੈਂਸਰ ਦੇ ਕੋਈ ਲੱਛਣ ਜਾਂ ਸੰਕੇਤ ਨਹੀਂ ਹੋ ਸਕਦੇ ਹਨ।

ਹੇਠ ਲਿਖੇ ਲੱਛਣ ਪ੍ਰੋਸਟੇਟ ਕੈਂਸਰ ਵਿੱਚ ਦੇਖੇ ਜਾ ਸਕਦੇ ਹਨ ਜੋ ਅੱਗੇ ਵਧ ਗਏ ਹਨ ਲ

*ਹੱਡੀਆਂ ਵਿੱਚ ਦਰਦ.

*ਪਿਸ਼ਾਬ ਕਰਨ ਵਿੱਚ ਸਮੱਸਿਆ।

*ਪਿਸ਼ਾਬ ਦੀ ਧਾਰਾ ਵਿੱਚ ਤਾਕਤ ਘਟਾਈ.

*ਪੇਡੂ ਦੇ ਖੇਤਰ ਵਿੱਚ ਅਸਹਿਜ ਮਹਿਸੂਸ ਕਰਨਾ।

* ਖੂਨੀ ਵੀਰਜ.

ਐਡਵਾਂਸਡ ਪ੍ਰੋਸਟੇਟ ਕੈਂਸਰ ਦੇ ਲੱਛਣ

ਪ੍ਰੋਸਟੇਟ ਕੈਂਸਰ ਅੱਗੇ ਵਧਣ ’ਤੇ ਹੇਠ ਲਿਖੇ ਲੱਛਣ ਪੈਦਾ ਕਰ ਸਕਦਾ ਹੈ:

****ਕਮਰ, ਪਿੱਠ ਜਾਂ ਹੱਡੀਆਂ ਵਿੱਚ ਦਰਦ:** ਜਦੋਂ ਕੈਂਸਰ ਫੈਲਣਾ ਸ਼ੁਰੂ ਹੋ ਜਾਂਦਾ ਹੈ, ਤਾਂ ਤੁਹਾਡੇ ਕੁੱਲ੍ਹੇ, ਪਿੱਠ ਅਤੇ ਹੱਡੀਆਂ ਵਿੱਚ ਦਰਦ ਹੋ ਸਕਦਾ ਹੈ। ਮੋਢਿਆਂ ਵਿੱਚ ਕੁਝ ਦਰਦ ਵੀ ਹੋ ਸਕਦਾ ਹੈ।

****ਥਕਾਵਟ:** ਕੈਂਸਰ ਦੇ ਫੈਲਣ ਦਾ ਸਪੱਸ਼ਟ ਸੰਕੇਤ ਥਕਾਵਟ ਦੀ ਭਾਵਨਾ ਹੈ। ਤੁਸੀਂ ਲਗਾਤਾਰ ਥਕਾਵਟ ਮਹਿਸੂਸ ਕਰੋਗੇ।

****ਵਜ਼ਨ ਘਟਾਉਣਾ:** ਜਦੋਂ ਕੈਂਸਰ ਫੈਲਣਾ ਸ਼ੁਰੂ ਹੋ ਜਾਂਦਾ ਹੈ ਤਾਂ ਭਾਰ ਘਟਾਉਣ ਦੀ ਕਾਫ਼ੀ ਮਾਤਰਾ ਹੋ ਸਕਦੀ ਹੈ।

****ਲੱਤਾਂ ਅਤੇ ਪੈਰਾਂ ਵਿੱਚ ਤਰਲ ਪਦਾਰਥਾਂ ਦਾ ਇਕੱਠਾ ਹੋਣਾ:** ਜਦੋਂ ਕੈਂਸਰ ਸਰੀਰ ਦੇ ਦੂਜੇ ਹਿੱਸਿਆਂ ਵਿੱਚ ਫੈਲਣਾ ਸ਼ੁਰੂ ਹੋ ਜਾਂਦਾ ਹੈ ਤਾਂ ਲੱਤਾਂ ਅਤੇ ਪੈਰਾਂ ਵਿੱਚ ਤਰਲ ਪਦਾਰਥਾਂ ਦੇ ਇੱਕ ਵੱਡੇ ਭੰਡਾਰ ਨੂੰ ਦੇਖਿਆ ਜਾ ਸਕਦਾ ਹੈ।

****ਅੰਤੜੀਆਂ ਦੀਆਂ ਆਦਤਾਂ ਵਿੱਚ ਤਬਦੀਲੀ:** ਜਦੋਂ ਕੈਂਸਰ ਫੈਲਣਾ ਸ਼ੁਰੂ ਹੋ ਜਾਂਦਾ ਹੈ, ਤਾਂ ਤੁਹਾਡੀਆਂ ਰੁਟੀਨ ਦੀਆਂ ਅੰਤੜੀਆਂ ਦੀਆਂ ਗਤੀਵਿਧੀਆਂ ਵਿੱਚ ਅੰਤਰ ਹੋ ਸਕਦਾ ਹੈ।

**ਪ੍ਰੋਸਟੇਟ ਕੈਂਸਰ ਦਾ ਨਿਦਾਨ :**

ਪ੍ਰੋਸਟੇਟ ਕੈਂਸਰ ਹੇਠ ਲਿਖੇ ਤਰੀਕਿਆਂ ਨਾਲ ਨਿਦਾਨ ਕੀਤਾ ਜਾਂਦਾ ਹੈ:

ਡੀਆਰਈ ਜਾਂ ਡਿਜੀਟਲ ਰੈਕਟਲ ਪ੍ਰੀਖਿਆ।

ਪ੍ਰੋਸਟੇਟ ਅਲਟਰਾਸਾਊਂਡ ਅਤੇ ਬਾਇਓਪਸੀ.

CAT ਸਕੈਨ।

ਸਿਸਟੋਸਕੋਪੀ ਜਾਂ ਬਲੈਡਰ ਸਕੋਪ ਟੈਸਟ।

PSA ਜਾਂ ਪ੍ਰੋਸਟੇਟ-ਵਿਸ਼ੇਸ਼ ਐਂਟੀਜੇਨ ਬਲੱਡ ਟੈਸਟ

**ਪ੍ਰੋਸਟੇਟ ਕੈਂਸਰ ਕਾਰਨ ਪੇਚੀਦਗੀਆਂ :**

*ਪ੍ਰੋਸਟੇਟ ਕੈਂਸਰ ਬਹੁਤ ਸਾਰੀਆਂ ਸਿਹਤ ਸਮੱਸਿਆਵਾਂ ਲਿਆ ਸਕਦੀਆਂ ਹਨ। ਉਨ੍ਹਾਂ ਵਿੱਚੋਂ ਕੁਝ ਇਸ ਪ੍ਰਕਾਰ ਹਨ:

***ਅਣਇੱਛਤ ਪਿਸ਼ਾਬ:** ਪ੍ਰੋਸਟੇਟ ਕੈਂਸਰ, ਦੇ ਨਾਲ ਨਾਲ ਇਸ ਦੇ ਇਲਾਜ, ਅਣਇੱਛਤ ਪਿਸ਼ਾਬ ਦੀ ਅਗਵਾਈ ਕਰ ਸਕਦਾ ਹੈ.

ਇਸ ਨੂੰ ਠੀਕ ਕਰਨ ਦੇ ਤਿੰਨ ਤਰੀਕੇ ਹਨ: ਦਵਾਈ, ਸਰਜਰੀ, ਜਾਂ ਕੈਥੀਟਰ ਪਾਉਣਾ।

***Erectile ਨਪੁੰਸਕਤਾ:** ਪ੍ਰੋਸਟੇਟ ਕੈਂਸਰ erectile ਨਪੁੰਸਕਤਾ ਦਾ ਕਾਰਨ ਬਣ ਸਕਦਾ ਹੈ. ਕੁਝ ਮਾਮਲਿਆਂ ਵਿੱਚ, ਦਾ ਇਲਾਜ ਪ੍ਰੋਸਟੇਟ ਕਸਰ ਇਹ ਵੀ erectile ਨਪੁੰਸਕਤਾ ਦੀ ਅਗਵਾਈ ਕਰ ਸਕਦਾ ਹੈ. ਇਹਨਾਂ ਮਾਮਲਿਆਂ ਵਿੱਚ, ਦਵਾਈ ਅਤੇ ਹੋਰ ਉਪਕਰਣ ਇਸ ਨੂੰ ਹੱਲ ਕਰਨ ਵਿੱਚ ਸਹਾਇਤਾ ਕਰਦੇ ਹਨ ਲ

**ਕੈਂਸਰ ਦਾ ਫੈਲਣਾ:**

ਕੈਂਸਰ ਦੇ ਫੈਲਣ ਨੂੰ ਮੈਟਾਸਟੇਸਿਸ ਵੀ ਕਿਹਾ ਜਾਂਦਾ ਹੈ। ਇਹ ਉਦੋਂ ਹੁੰਦਾ ਹੈ ਜਦੋਂ ਕੈਂਸਰ ਨੇੜਲੇ ਟਿਸ਼ੂਆਂ ਤੋਂ ਦੂਜੇ ਅੰਗਾਂ ਤੱਕ ਫੈਲਦਾ ਹੈ। ਜਿੰਨਾ ਚਿਰ ਇਹ ਤੁਹਾਡੇ ਪ੍ਰੋਸਟੇਟ ਤੱਕ ਸੀਮਿਤ ਹੈ, ਪੂਰੀ ਤਰ੍ਹਾਂ ਠੀਕ ਹੋਣ ਦੀ ਉੱਚ ਸੰਭਾਵਨਾ ਹੈ। ਹਾਲਾਂਕਿ, ਇੱਕ ਵਾਰ ਇਹ ਫੈਲਣਾ ਸ਼ੁਰੂ ਹੋ ਜਾਂਦਾ ਹੈ, ਇਸ ਦੇ ਠੀਕ ਹੋਣ ਦੀ ਸੰਭਾਵਨਾ ਨਹੀਂ ਹੁੰਦੀ ਹੈ।

**ਪ੍ਰੋਸਟੇਟ ਕੈਂਸਰ ਦਾ ਇਲਾਜ**

ਜਿਨ੍ਹਾਂ ਮਰਦਾਂ ਨੂੰ ਘੱਟ ਖਤਰੇ ਵਾਲੇ ਪ੍ਰੋਸਟੇਟ

**ਬਾਕੀ ਸਫਾ 39 ’ਤੇ**

ਸਾਡੀ ਖੇਤੀ

# ਤੋਰੀਏ ਦੀ ਸਫਲ ਕਾਸ਼ਤ ਲਈ ਕੁਝ ਨੁਕਤੇ

*ਫਾਰਮ ਸਲਾਹਕਾਰ ਸੇਵਾ ਕੇਂਦਰ, ਬਰਨਾਲਾ ਅਤੇ ਕ੍ਰਿਸ਼ੀ ਵਿਗਿਆਨ ਕੇਂਦਰ, ਖੇੜੀ, ਸੰਗਰੂਰ
ਸੰਪਰਕ: 78892-94391

ਅੱਜ ਦੇ ਸਮੇਂ ਦੀ ਲੋੜ ਹੈ ਕਿ ਕਣਕ-ਝੋਨੇ ਦੇ ਫ਼ਸਲੀ ਚੱਕਰ ਹੇਠੋਂ ਕੁਝ ਰਕਬਾ ਘਟਾ ਕੇ ਹੋਰ ਫ਼ਸਲੀ ਚੱਕਰਾਂ ਹੇਠ ਵਧਾਇਆ ਜਾਵੇ ਤਾਂ ਜੋ ਕਿਸਾਨ ਦੀ ਆਮਦਨ ਵਿੱਚ ਵਾਧਾ ਹੋਵੇ ਅਤੇ ਵਾਤਾਵਰਨ ਸਬੰਧੀ ਸਮੱਸਿਆਵਾਂ ਦਾ ਵੀ ਹੱਲ ਹੋਵੇ। ਇਸੇ ਤਰ੍ਹਾਂ ਤੋਰੀਆ ਹਾੜੀ ਰੁੱਤੇ ਬੀਜੀਆਂ ਜਾਣ ਵਾਲੀਆਂ ਤੇਲਬੀਜ ਫ਼ਸਲਾਂ ਵਿੱਚੋਂ ਇੱਕ ਲਾਹੇਵੰਦ ਫ਼ਸਲ ਹੈ ਜੋ ਕਿ ਫ਼ਸਲੀ ਵਿਭਿੰਨਤਾ ਵਿੱਚ ਅਹਿਮ ਯੋਗਦਾਨ ਪਾ ਸਕਦੀ ਹੈ। ਇਸ ਨੂੰ ਪਸ਼ੂਆਂ ਦੀ ਫੀਡ, ਭੋਜਨ ਅਤੇ ਚਾਰੇ ਤੋਂ ਇਲਾਵਾਂ ਤੇਲ ਅਤੇ ਖਾਦ ਵਜੋਂ ਵਰਤਿਆ ਜਾਂਦਾ ਹੈ। ਤੋਰੀਏ ਦੀ ਫ਼ਸਲ ਤੋਂ ਵਧੇਰੇ ਝਾੜ ਲੈਣ ਲਈ ਕਿਸਾਨਾਂ ਨੂੰ ਹੇਠ ਲਿਖੀਆਂ ਖੇਤੀ ਵਿਗਿਆਨਕ ਵਿਧੀਆਂ ਅਪਣਾਉਣੀਆਂ ਚਾਹੀਦੀਆਂ ਹਨ।

ਜ਼ਮੀਨ ਦੀ ਚੋਣ ਅਤੇ ਖੇਤ ਦੀ ਤਿਆਰੀ: ਤੋਰੀਏ ਦੀ ਭਰਪੂਰ ਫ਼ਸਲ ਲੈਣ ਲਈ ਚੰਗੇ ਜਲ ਨਿਕਾਸ ਵਾਲੀ, ਹਲਕੀ ਮੈਰਾ ਅਤੇ ਦਰਮਿਆਨੀ ਤੋਂ ਭਾਰੀ ਜ਼ਮੀਨ ਬਹੁਤ ਅਨੁਕੂਲ ਹੈ। ਫ਼ਸਲ ਦੀ ਵਧੀਆ ਉਪਜ ਲਈ ਖੇਤ ਦੀ ਤਿਆਰੀ ਕਰਨੀ ਬਹੁਤ ਜ਼ਰੂਰੀ ਹੈ। ਖੇਤ ਨੂੰ 2 ਤੋਂ 4 ਵਾਰ ਵਾਹੋ ਅਤੇ ਹਰ ਵਾਹੀ ਬਾਅਦ ਸੁਹਾਗਾ ਜ਼ਰੂਰ ਫੇਰੋ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਸਿਫਾਰਸ਼ ਕਿਸਮਾਂ ਟੀ ਐੱਲ 17 (90 ਦਿਨ ਵਿੱਚ ਪੱਕਣ ਲਈ ਅਤੇ ਔਸਤਨ ਝਾੜ 5.2 ਕੁਇੰਟਲ ਪ੍ਰਤੀ ਏਕੜ) ਅਤੇ ਟੀ ਐੱਲ 15 (88 ਦਿਨ ਵਿੱਚ ਪੱਕਣ ਲਈ ਅਤੇ ਔਸਤਨ ਝਾੜ 4.5 ਕੁਇੰਟਲ ਪ੍ਰਤੀ ਏਕੜ) ਦੀ ਵਰਤੋਂ ਕਰੋ।

**ਬਿਜਾਈ ਦਾ ਸਮਾਂ, ਬੀਜ ਦੀ ਮਾਤਰਾ ਅਤੇ ਬਿਜਾਈ ਦਾ ਢੰਗ:** ਪੂਰਾ ਝਾੜ ਲੈਣ ਲਈ ਤੋਰੀਏ ਦੀ ਬਿਜਾਈ 1-30 ਸਤੰਬਰ ਤੱਕ ਕੀਤੀ ਜਾ ਸਕਦੀ ਹੈ। ਫ਼ਸਲ ਦੇ ਵਧੀਆਂ ਜੰਮ ਲਈ 1.5 ਕਿਲੋ ਬੀਜ ਪ੍ਰਤੀ ਏਕੜ ਦੇ ਹਿਸਾਬ ਨਾਲ ਵਰਤੋਂ। ਜੇਕਰ ਖੇਤ ਵਿੱਚ ਨਮੀ ਘੱਟ ਹੋਵੇ ਤਾਂ ਬਿਜਾਈ ਤੋਂ ਇੱਕ ਰਾਤ ਪਹਿਲਾਂ ਬੀਜ ਨੂੰ ਗਿੱਲੀ ਮਿੱਟੀ ਵਿੱਚ ਮਿਲਾ ਕੇ ਰੱਖੋ। ਤੋਰੀਏ ਦੀ ਬਿਜਾਈ ਲਈ ਕਤਾਰ ਤੋਂ ਕਤਾਰ ਦਾ ਫਾਸਲਾ 30 ਸੈਂਟੀਮੀਟਰ ਰੱਖੋ ਅਤੇ ਬੀਜ ਦੀ ਡੂੰਘਾਈ 4-5 ਸੈਂਟੀਮੀਟਰ ਰੱਖੋ। ਬੀਜ ਦੀ ਖੇਤ ਵਿੱਚ ਇਕਸਾਰ ਅਤੇ ਸਹੀ ਵੰਡ ਲਈ ਤੋਰੀਏ ਦੀ ਬਿਜਾਈ ਤੇਲਬੀਜ ਡਰਿੱਲ ਨਾਲ ਵੀ ਕੀਤੀ ਜਾ ਸਕਦੀ ਹੈ। ਬਿਜਾਈ ਤੋਂ 3 ਹਫ਼ਤੇ ਬਾਅਦ ਫ਼ਸਲ ਨੂੰ ਵਿਰਲਾ ਕਰੋ ਤਾਂ ਜੋ ਬੂਟੇ ਤੋਂ ਬੂਟੇ ਵਿਚਕਾਰ ਸਿਫਾਰਸ਼ ਕੀਤਾ ਫਾਸਲਾ 10-15 ਸੈਂਟੀਮੀਟਰ ਰੱਖਿਆ ਜਾ ਸਕੇ।

**ਖਾਦ-ਖੁਰਾਕ, ਪਾਣੀ ਅਤੇ ਨਦੀਨ ਪ੍ਰਬੰਧਨ:** ਖੇਤੀ ਲਾਗਤਾਂ ਘਟਾਉਣ ਲਈ ਖਾਦਾਂ ਦੀ ਵਰਤੋਂ ਮਿੱਟੀ ਪਰਖ ਦੀ ਰਿਪੋਰਟ ਅਨੁਸਾਰ ਕਰੋ। ਜੇਕਰ ਮਿੱਟੀ ਦੀ ਪਰਖ ਨਹੀਂ ਕਰਵਾਈ ਤਾਂ ਦਰਮਿਆਨੀ ਉਪਜਾਊ ਸ਼ਕਤੀ ਵਾਲੀ ਜ਼ਮੀਨ ਦੇ ਹਿਸਾਬ ਨਾਲ ਫ਼ਸਲ ਨੂੰ 25 ਕਿਲੋ ਨਾਈਟ੍ਰੋਜਨ (55 ਕਿਲੋ ਯੂਰੀਆ) ਅਤੇ 8 ਕਿਲੋ ਫਾਸਫੋਰਸ (50 ਕਿਲੋ ਸੁਪਰਫਾਸਫੇਟ) ਪ੍ਰਤੀ ਏਕੜ ਪਾਓ। ਸੇਂਜੂ ਵਾਲੀ ਹਾਲਤ ਵਿੱਚ ਦੋਵੇ ਖਾਦਾਂ ਬਿਜਾਈ ਸਮੇਂ ਪਾਓ। ਫਾਸਫੋਰਸ ਤੱਤ ਲਈ ਸਿੰਗਲ ਸੁਪਰਫਾਸਫੇਟ ਖਾਦ ਨੂੰ ਤਰਜੀਹ ਦਿਓ ਕਿਉਂਕਿ ਇਸ ਵਿੱਚ ਗੰਧਕ ਵੀ ਹੁੰਦਾ ਹੈ ਜੋ ਕਿ ਤੇਲ ਬੀਜ ਫ਼ਸਲ ਲਈ ਜ਼ਰੂਰੀ ਹੁੰਦਾ ਹੈ। ਭਰਵੀਂ ਰੌਣੀ ਤੋਂ ਬਾਅਦ ਤੋਰੀਏ ਦੀ ਬਿਜਾਈ ਕਰੋ ਅਤੇ ਲੋੜ ਅਨੁਸਾਰ ਫੁੱਲ ਪੈਣ ਸਮੇਂ ਇੱਕ ਪਾਣੀ ਦਿਓ। ਨਦੀਨ ਫ਼ਸਲ ਨਾਲ ਬਿਜਾਈ ਤੋਂ ਲੈ ਕੇ ਵੱਢਣ ਤੱਕ ਨਮੀ ਪੌਸ਼ਟਕਿ ਤੱਤ, ਧੁੱਪ ਅਤੇ ਜਗ੍ਹਾ ਆਦਿ ਲਈ ਮੁਕਾਬਲਾ ਕਰਦੇ ਹਨ। ਸੋ, ਨਦੀਨਾਂ ਦੀ ਸਹੀ ਸਮੇਂ 'ਤੇ ਰੋਕਥਾਮ ਕਰਨੀ ਬਹੁਤ ਜ਼ਰੂਰੀ ਹੈ। ਤੋਰੀਏ ਵਿੱਚ ਨਦੀਨਾਂ ਨੂੰ ਬਿਜਾਈ ਤੋਂ 3 ਹਫ਼ਤੇ ਬਾਅਦ ਗੋਡੀ ਕਰਕੇ ਕਾਬੂ ਕੀਤਾ ਜਾ ਸਕਦਾ ਹੈ।



**ਤੋਰੀਏ ਦੀ ਕਟਾਈ ਅਤੇ ਗਹਾਈ:** ਸਹੀ ਸਮੇਂ 'ਤੇ ਬੀਜੀ ਫ਼ਸਲ ਦਸੰਬਰ ਦੇ ਮਹੀਨੇ ਵਿੱਚ ਵੱਢਣ ਲਈ ਤਿਆਰ ਹੋ ਜਾਂਦੀ ਹੈ। ਜਦੋਂ ਫਲੀਆਂ ਪੀਲੀਆਂ ਭੂਰੀਆਂ ਹੋ ਜਾਣ ਤਾਂ ਫ਼ਸਲ ਦੀ ਕਟਾਈ ਕਰੋ। ਕਟਾਈ ਤੋਂ ਬਾਅਦ ਫ਼ਸਲ ਦਾ 7-10 ਦਿਨ ਤੱਕ ਢੇਰ ਬਣਾ ਕੇ ਰੱਖੋ ਅਤੇ ਗਹਾਈ ਲਈ ਕਿੱਲੀਆਂ ਵਾਲਾ ਕਣਕ ਦਾ ਥਰੈਸ਼ਰ, ਕੁਝ ਫੇਰ ਬਦਲ ਕਰਕੇ ਵਰਤੋ।

**ਕੀੜੇ-ਮਕੌੜਿਆਂ ਦੀ ਰੋਕਥਾਮ**

ਤੋਰੀਏ ਵਿੱਚ ਆਮਤੌਰ 'ਤੇ ਚਿਤਕਬਰੀ ਭੂੰਡੀ ਦਾ ਹਮਲਾ ਫ਼ਸਲ ਦੇ ਪੁੰਗਰਨ ਸਮੇਂ (ਅਕਤੂਬਰ ਦੇ ਮਹੀਨੇ) ਅਤੇ ਪੱਕਣ ਸਮੇਂ (ਮਾਰਚ/ਅਪਰੈਲ ਦੇ ਮਹੀਨੇ) ਜ਼ਿਆਦਾ ਹੁੰਦਾ ਹੈ। ਇਸ ਭੂੰਡੀ ਦੇ ਛੋਟੇ ਅਤੇ ਬਾਲਗ ਕੀੜੇ ਪੱਤਿਆਂ ਅਤੇ ਫ਼ਲੀਆਂ ਵਿੱਚੋਂ ਰਸ ਚੂਸਦੇ ਹਨ, ਜਿਸ ਨਾਲ ਪੱਤੇ ਅਤੇ ਫ਼ਲੀਆਂ ਸੁੱਕ ਜਾਂਦੀਆਂ ਹਨ। ਇਸ ਦੇ ਹਮਲੇ ਨੂੰ ਘਟਾਉਣ ਲਈ ਪਹਿਲਾ ਪਾਣੀ ਬਿਜਾਈ ਤੋਂ 3-4 ਹਫ਼ਤੇ ਬਾਅਦ ਲਾਓ। ਸਲੇਟੀ ਸੁੰਡੀ ਫ਼ਸਲ ਦੀ ਛੋਟੀ ਅਵਸਥਾ 'ਤੇ ਹਮਲਾ ਕਰਦੀ ਹੈ ਅਤੇ ਪੱਤੇ ਖਾ ਕੇ ਮੋਰੀਆਂ ਕਰ ਦਿੰਦੀ ਹੈ। ਜੇ ਇਸ ਦੀ ਗਿਣਤੀ ਜ਼ਿਆਦਾ ਹੋਵੇ ਤਾਂ ਸਾਰੇ ਪੱਤੇ ਹੀ ਖਾ ਜਾਂਦੀ ਹੈ। ਇਸ ਦੀ ਰੋਕਥਾਮ ਲਈ ਏਕਾਲਕਸ 25 ਈ ਸੀ (ਕੁਇਨਲਫਾਸ) 250 ਮਿਲੀਲਿਟਰ ਪ੍ਰਤੀ ਏਕੜ ਨੂੰ 60 ਤੋਂ 80 ਲਿਟਰ ਪਾਣੀ ਵਿੱਚ ਘੋਲ ਕੇ ਸਪਰੇਅ ਕਰੋ। ਪੱਤੇ ਦੇ ਸੁਰੰਗੀ ਕੀੜੇ ਦੀਆਂ ਸੁੰਡੀਆਂ ਪੱਤੇ ਵਿੱਚ ਸੁਰੰਗਾਂ ਬਣਾ ਕੇ ਬਹੁਤ ਨੁਕਸਾਨ ਕਰਦੇ ਹਨ। ਇਸ ਦੀ ਰੋਕਥਾਮ ਲਈ ਰੋਗਰ 30 ਈ ਸੀ (ਡਾਈਮੈਥੋਏਟ) 400 ਮਿਲੀਲਿਟਰ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਜਾਂ ਦਾਣੇਦਾਰ ਕੀਟਨਾਸ਼ਕ 13 ਕਿਲੋ ਫਿਊਰਾਡਾਨ 3 ਜੀ ਪ੍ਰਤੀ ਏਕੜ ਦਾ ਛੱਟਾ ਮਾਰ ਕੇ ਹਲਕੀ ਸਿੰਚਾਈ ਕਰੋ। ਵਾਲਾਂ ਵਾਲੀ ਸੁੰਡੀ ਜਾਂ ਕੁਤਰਾ ਅਤੇ ਬੰਦ ਗੋਭੀ ਦੀ ਸੁੰਡੀ ਪੱਤਿਆਂ, ਨਰਮ ਕਰੂੰਬਲਾਂ ਅਤੇ ਹਰੀਆਂ ਫ਼ਲੀਆਂ 'ਤੇ ਹਮਲਾ ਕਰਦੀ ਹੈ। ਛੋਟੀ ਉਮਰ ਵਿੱਚ ਸੁੰਡੀਆਂ ਝੁੰਡਾਂ ਵਿੱਚ ਬੂਟੇ ਨੂੰ ਖਾਂਦੀਆਂ ਹਨ ਅਤੇ ਵੱਡੀਆਂ ਹੋ ਕੇ ਇੱਕ ਖੇਤ ਤੋਂ ਦੂਜੇ ਖੇਤ ਵਿੱਚ ਚਲੀਆਂ ਜਾਂਦੀਆਂ ਹਨ। ਸੁੰਡੀ ਦੇ ਹਮਲੇ ਵਾਲੇ ਪੱਤਿਆਂ ਨੂੰ (ਜਿਨ੍ਹਾਂ 'ਤੇ ਇਹ ਸੁੰਡੀਆਂ ਝੁੰਡਾਂ ਵਿੱਚ ਹੁੰਦੀਆਂ ਹਨ) ਤੋੜ ਕੇ ਨਸ਼ਟ ਕਰ ਦਿਓ। ਚੇਪੇ ਦਾ ਵਾਧਾ ਆਮ ਤੌਰ 'ਤੇ ਠੰਢੇ ਅਤੇ ਬੱਦਲਵਾਈ ਵਾਲੇ ਮੌਸਮ ਵਿੱਚ ਹੁੰਦਾ ਹੈ। ਇਹ ਕੀੜਾ ਬੂਟਿਆਂ ਵਿੱਚੋਂ ਰਸ ਚੂਸਦਾ ਹੈ। ਜਿਸ ਕਰਕੇ ਬੂਟੇ ਮਧਰੇ ਰਹਿ ਜਾਂਦੇ ਹਨ, ਫ਼ਲੀਆਂ ਸੁੱਕ ਜਾਦੀਆਂ ਹਨ ਅਤੇ ਬੀਜ ਨਹੀਂ ਬਣਦੇ। ਜਦੋਂ 40-50 ਪ੍ਰਤੀਸ਼ਤ ਬੂਟਿਆਂ 'ਤੇ ਚੇਪਾ ਨਜ਼ਰ ਆਵੇ ਤਾਂ ਐਕਟਾਰਾ 25 ਡਬਲਯੂ ਜੀ (ਥਾਇਆਮੈਥੋਕਸਮ) 40 ਗ੍ਰਾਮ ਜਾਂ ਮੈਟਾਸਿਸਟਾਕਸ 25 ਈ ਸੀ (ਔਕਸੀਡੈਮੀਟੋਨ ਮੀਥਾਈਲ) 400 ਮਿਲੀਲਿਟਰ

ਜਾਂ ਰੋਗਰ 30 ਈ ਸੀ (ਡਾਈਮੈਥੋਏਟ) 400 ਮਿਲੀਲਿਟਰ ਜਾਂ ਡਰਸਬਾਨ/ਕੋਰੋਬਾਨ 20 ਈ ਸੀ (ਕਲੋਰਪਾਈਰੀਫਾਸ) 600 ਮਿਲੀਲਿਟਰ ਨੂੰ 80 ਤੋਂ 100 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਸਪਰੇਅ ਕਰੋ। ਕੀਟਨਾਸ਼ਕਾਂ ਦਾ ਛਿੜਕਾਅ ਦੁਪਹਿਰ ਤੋਂ ਬਾਅਦ ਹੀ ਕਰਨਾ ਚਾਹੀਦਾ ਹੈ। ਇਸ ਸਮੇਂ ਪ੍ਰਾਗਣ ਕਿਰਿਆ ਕਰਨ ਵਾਲੇ ਕੀੜੇ-ਮਕੌੜੇ ਘੱਟ ਹਰਕਤ ਵਿੱਚ ਹੁੰਦੇ ਹਨ।

**ਬਿਮਾਰੀਆਂ ਦੀ ਰੋਕਥਾਮ**

ਝੁਲਸ ਰੋਗ ਨਾਲ ਪੱਤਿਆਂ, ਫ਼ਲੀਆਂ ਅਤੇ ਤਣੇ ’ਤੇ ਭੂਰੇ ਤੋਂ ਕਾਲੇ ਰੰਗ ਦੇ ਗੋਲ ਧੱਬੇ ਪੈ ਜਾਂਦੇ ਹਨ। ਇਸ ਬਿਮਾਰੀ ਦੇ ਵਧੇਰੇ ਹਮਲੇ ਨਾਲ ਤਣੇ ਦਾ ਉੱਪਰਲਾ ਹਿੱਸਾ ਅਤੇ ਫ਼ਲੀਆਂ ਝੜ ਜਾਂਦੀਆਂ ਹਨ। ਇਸ ਰੋਗ ਨੂੰ ਰੋਕਣ ਲਈ ਪਹਿਲੀ ਫ਼ਸਲ ਦੇ ਮੁੱਢਾਂ ਨੂੰ ਇਕੱਠੇ ਕਰਕੇ ਨਸ਼ਟ ਕਰ ਦਿਓ। ਪੀਲੇ ਧੱਬਿਆਂ ਦਾ ਰੋਗ ਜੜ੍ਹਾਂ ਨੂੰ ਛੱਡ ਕੇ ਬਾਕੀ ਸਾਰੇ ਬੂਟੇ ’ਤੇ ਹਮਲਾ ਕਰਦਾ ਹੈ। ਇਸ ਬਿਮਾਰੀ ਦਾ ਵਧੇਰੇ ਹਮਲਾ ਪੱਤਿਆਂ ਅਤੇ ਫ਼ਲੀਆਂ ਉੱਪਰ ਹੁੰਦਾ ਹੈ। ਪੱਤਿਆਂ ’ਤੇ ਹੇਠਲੇ ਪਾਸੇ ਛੋਟੇ-ਛੋਟੇ ਹਲਕੇ ਹਰੇ-ਪੀਲੇ ਰੰਗ ਦੇ ਧੱਬੇ ਪੈ ਜਾਂਦੇ ਹਨ, ਜਿਹੜੇ ਕਿ ਬਾਅਦ ਵਿੱਚ ਵੱਡੇ ਹੋ ਜਾਂਦੇ ਹਨ ਅਤੇ ਇਨ੍ਹਾਂ ਦੀ ਗਿਣਤੀ ਵੀ ਵੱਧ ਜਾਂਦੀ ਹੈ। ਪੱਤੇ ਸੁੱਕ ਜਾਂਦੇ ਹਨ ਅਤੇ ਤਣੇ ਬੇ-ਸ਼ਕਲ ਹੋ ਜਾਂਦੇ ਹਨ। ਇਸ ਬਿਮਾਰੀ ਤੋਂ ਬਚਾਅ ਲਈ ਪਹਿਲੀ ਫ਼ਸਲ ਦੇ ਮੁੱਢਾਂ ਨੂੰ ਇਕੱਠੇ ਕਰਕੇ ਨਸ਼ਟ ਕਰ ਦਿਓ। ਚਿੱਟੀ ਕੁੰਗੀ ਨਾਲ ਪੱਤਿਆਂ ਦੀ ਹੇਠਲੀ ਸਤ੍ਹਾਂ ਉੱਪਰ ਚਿੱਟੇ ਜਾਂ ਬਦਾਮੀ ਰੰਗ ਦੇ ਦਾਣੇ ਬਣ ਜਾਂਦੇ ਹਨ। ਬਿਮਾਰੀ ਦੇ ਹਮਲੇ ਵਾਲੇ ਹਿੱਸੇ ਫੁੱਲ ਜਾਂਦੇ ਹਨ, ਫੁੱਲਾਂ ਦੀ ਸ਼ਕਲ ਵਿਗੜ ਜਾਂਦੀ ਹੈ ਅਤੇ ਫ਼ਲੀਆਂ ਵਿੱਚ ਬੀਜ ਨਹੀਂ ਪੈਂਦੇ। ਇਹ ਬਿਮਾਰੀ ਜੜ੍ਹਾਂ ਨੂੰ ਛੱਡ ਕੇ ਬਾਕੀ ਸਾਰੇ ਬੂਟੇ ’ਤੇ ਹਮਲਾ ਕਰਦੀ ਹੈ। ਇਸ ਬਿਮਾਰੀ ਦੀ ਰੋਕਥਾਮ ਲਈ ਰਿਡੋਮਿਲ ਗੋਲਡ (ਮੈਟਾਲੈਕਸਿਲ 4%+ਮੈਂਕੋਜ਼ਿਬ 64%) 250 ਗ੍ਰਾਮ ਪ੍ਰਤੀ ਏਕੜ ਨੂੰ 100 ਲਿਟਰ ਪਾਣੀ ਵਿੱਚ ਘੋਲ ਕੇ ਬਿਜਾਈ ਤੋਂ 60 ਅਤੇ 80 ਦਿਨਾਂ ਬਾਅਦ ਸਪਰੇਅ ਕਰੋ। ਲੋੜ ਪੈਣ ’ਤੇ 20 ਦਿਨਾਂ ਬਾਅਦ ਦੁਬਾਰਾ ਸਪਰੇਅ ਕਰੋ। ਵਿਸ਼ਾਣੂ ਰੋਗ ਦੇ ਹਮਲੇ ਨਾਲ ਬੂਟੇ ਝਾੜੀ ਦੀ ਤਰ੍ਹਾਂ ਬਣ ਜਾਂਦੇ ਹਨ ਅਤੇ ਫੁੱਲਾਂ ਦੀ ਥਾਂ ਛੋਟੀਆਂ-ਛੋਟੀਆਂ ਹਰੀਆਂ ਪੱਤੀਆਂ ਬਣ ਜਾਂਦੀਆਂ ਹਨ। ਇਸ ਰੋਗ ਨੂੰ ਰੋਕਣ ਲਈ ਅਗੇਤੀ ਬਿਜਾਈ ਨਾ ਕਰੋ। ਬਿਮਾਰੀ ਵਾਲੇ ਬੂਟੇ ਖੇਤ ਵਿੱਚੋਂ ਪੁੱਟ ਕੇ ਦੱਬ ਦਿਓ। ਇਸ ਬਿਮਾਰੀ ਨੂੰ ਫੈਲਣ ਤੋਂ ਰੋਕਣ ਲਈ ਪਹਿਲੀ ਫ਼ਸਲ ਦੇ ਮੁੱਢਾਂ ਨੂੰ ਇਕੱਠੇ ਕਰਕੇ ਨਸ਼ਟ ਕਰ ਦਿਓ। -0-


# ਲੇਖਕਾਂ ਨੂੰ ਬੇਨਤੀ

**ਗੁਰਮਤਿ ਗਿਆਨ ਮਿਸ਼ਨਰੀ ਕਾਲਜ ਵਲੋਂ ਛਾਪੇ ਜਾਂਦੇ ਮਾਸਿਕ ਪੱਤਰ ‘ਗੁਰਮਤਿ ਵਿਰਸਾ’ ਵਿਚ ਧਾਰਮਿਕ, ਸਮਾਜਿਕ, ਆਰਥਿਕ, ਵਿਦਿਅਕ, ਬੱਚਿਆਂ ਪ੍ਰਤੀ ਅਤੇ ਸਿਹਤ ਆਦਿ ਵੱਖ ਵੱਖ ਵਿਸ਼ਿਆਂ ਨੂੰ ਛੂਹਿਆ ਜਾਂਦਾ ਹੈ। ਲੇਖਕ ਵੀਰਾਂ ਨੂੰ ਬੇਨਤੀ ਹੈ ਕਿ ਖਾਸ ਮਹੀਨੇ ਵਿਚ ਛਪਣ ਵਾਲੀਆਂ ਰਚਨਾਵਾਂ ਦੋ ਮਹੀਨੇ ਪਹਿਲਾਂ ਭੇਜਣ ਦੀ ਕ੍ਰਿਪਾਲਤਾ ਕਰਨੀ।**

**ਰਚਨਾਵਾਂ ਭੇਜਣ ਲਈ ਪਤਾ:**
**ਗੁਰਮਤਿ ਵਿਰਸਾ**
ਗੁਰਮਤਿ ਗਿਆਨ ਮਿਸ਼ਨਰੀ ਕਾਲਜ,
ਪੰਜਾਬੀ ਬਾਗ, ਜਵੱਦੀ, ਲੁਧਿਆਣਾ

**M:** 79733-70542
**Email:** gurmatvirsa@gmail.com


**ਸਫਾ 37 ਦਾ ਬਾਕੀ**

ਕੈਂਸਰ ਦਾ ਪਤਾ ਲੱਗਿਆ ਹੈ, ਉਨ੍ਹਾਂ ਨੂੰ ਤੁਰੰਤ ਇਲਾਜ ਦੀ ਲੋੜ ਨਹੀਂ ਹੋ ਸਕਦੀ। ਇਸ ਦੀ ਬਜਾਏ, ਨਿਯਮਤ ਗੁਦੇ ਦੀਆਂ ਜਾਂਚਾਂ, ਖੂਨ ਦੀਆਂ ਜਾਂਚਾਂ, ਅਤੇ ਬਾਇਓਪਸੀਜ਼ ਦੁਆਰਾ ਫਾਲੋ-ਅੱਪ ਕੀਤਾ ਜਾਵੇਗਾ। ਇਹ ਤੁਹਾਨੂੰ ਅਤੇ ਤੁਹਾਡੇ ਡਾਕਟਰ ਨੂੰ ਤੁਹਾਡੇ ਕੈਂਸਰ ਦੇ ਵਿਕਾਸ ’ਤੇ ਨਜ਼ਰ ਰੱਖਣ ਦੀ ਆਗਿਆ ਦਿੰਦਾ ਹੈ। ਜੇਕਰ ਇਹ ਇਮਤਿਹਾਨ ਦਰਸਾਉਂਦੇ ਹਨ ਕਿ ਤੁਹਾਡਾ ਕੈਂਸਰ ਵਿਕਸਿਤ ਹੋ ਰਿਹਾ ਹੈ, ਤਾਂ ਤੁਹਾਡਾ ਡਾਕਟਰ ਰੇਡੀਏਸ਼ਨ ਜਾਂ ਸਰਜਰੀ ਲਈ ਤੁਹਾਡੇ ਇਲਾਜ ਦੇ ਤਰੀਕੇ ਨੂੰ ਬਦਲ ਸਕਦਾ ਹੈ।

* **ਸਰਜਰੀ:** ਪ੍ਰੋਸਟੇਟ ਕੈਂਸਰ ਦੀ ਸਰਜਰੀ ਵਿੱਚ, ਪ੍ਰੋਸਟੇਟ ਗਲੈਂਡ ਨੂੰ ਕੁਝ ਨਾਲ ਲੱਗਦੇ ਟਿਸ਼ੂਆਂ ਅਤੇ ਕੁਝ ਲਿੰਫ ਨੋਡਸ ਦੇ ਨਾਲ ਹਟਾ ਦਿੱਤਾ ਜਾਂਦਾ ਹੈ (ਰੈਡੀਕਲ ਪ੍ਰੋਸਟੇਟੈਕਟੋਮੀ)।

***ਰੇਡੀਏਸ਼ਨ:** ਰੇਡੀਏਸ਼ਨ ਦੋ ਕਿਸਮ ਦੇ ਹੋ ਸਕਦੇ ਹਨ:

* **ਬਾਹਰੀ ਬੀਮ ਰੇਡੀਏਸ਼ਨ:** ਇਸ ਵਿੱਚ ਸਰੀਰ ਦੇ ਬਾਹਰੋਂ ਰੇਡੀਏਸ਼ਨ ਦਿੱਤੀ ਜਾਂਦੀ ਹੈ।

* **ਬ੍ਰੈਕੀਥੈਰੇਪੀ:** ਇਸ ਵਿੱਚ, ਬਹੁਤ ਸਾਰੇ ਛੋਟੇ ਚੌਲਾਂ ਦੇ ਆਕਾਰ ਦੇ ਰੇਡੀਓਐਕਟਿਵ ਬੀਜ ਪ੍ਰੋਸਟੇਟ ਟਿਸ਼ੂ ਵਿੱਚ ਰੱਖੇ ਜਾਂਦੇ ਹਨ। ਇਹ ਬੀਜ ਰੇਡੀਓਐਕਟਿਵ ਹੁੰਦੇ ਹਨ। ਬੀਜ ਲੰਬੇ ਸਮੇਂ ਦੌਰਾਨ ਰੇਡੀਏਸ਼ਨ ਦੀ ਬਹੁਤ ਛੋਟੀ ਖੁਰਾਕ ਪ੍ਰਦਾਨ ਕਰਕੇ ਤੁਹਾਡੇ ਸਰੀਰ ਦੇ ਅੰਦਰੋਂ ਰੇਡੀਏਸ਼ਨ ਦਿੰਦੇ ਹਨ।

* **ਹਾਰਮੋਨ ਥੈਰੇਪੀ:** ਇਹ ਇੱਕ ਅਜਿਹਾ ਇਲਾਜ ਹੈ ਜੋ ਤੁਹਾਡੇ ਸਰੀਰ ਵਿੱਚ ਟੈਸਟੋਸਟੀਰੋਨ, ਇੱਕ ਨਰ ਹਾਰਮੋਨ, ਦੇ ਉਤਪਾਦਨ ਨੂੰ ਰੋਕਦਾ ਹੈ। ਅਜਿਹਾ ਇਸ ਲਈ ਕੀਤਾ ਜਾਂਦਾ ਹੈ ਕਿਉਂਕਿ ਪ੍ਰੋਸਟੇਟ ਕੈਂਸਰ ਦੇ ਸੈੱਲ ਆਪਣੇ ਵਾਧੇ ਲਈ ਇਸ ਹਾਰਮੋਨ ’ਤੇ ਨਿਰਭਰ ਕਰਦੇ ਹਨ। ਉਤਪਾਦਨ ਨੂੰ ਰੋਕਣਾ, ਅਤੇ, ਬਦਲੇ ਵਿੱਚ, ਸਪਲਾਈ ਕੈਂਸਰ ਸੈੱਲਾਂ ਦੇ ਹੌਲੀ ਹੌਲੀ ਵਧਣ ਜਾਂ ਮਰਨ ਦਾ ਕਾਰਨ ਬਣ ਸਕਦੀ ਹੈ। ਹਾਰਮੋਨ ਥੈਰੇਪੀ ਲਈ ਵਿਕਲਪ ਹਨ:

**ਆਰਕੀਕਟੋਮੀ (ਅੰਡਕੋਸ਼ ਨੂੰ ਹਟਾਉਣ ਲਈ ਕੀਤੀ ਗਈ ਸਰਜਰੀ)

**ਦਵਾਈਆਂ ਜੋ ਤੁਹਾਡੇ ਸਰੀਰ ਵਿੱਚ ਟੈਸਟੋਸਟੀਰੋਨ ਦੇ ਉਤਪਾਦਨ ਨੂੰ ਰੋਕਦੀਆਂ ਹਨ।

**ਉਹ ਦਵਾਈਆਂ ਜੋ ਟੈਸਟੋਸਟੀਰੋਨ ਨੂੰ ਕੈਂਸਰ ਸੈੱਲਾਂ ਤੱਕ ਪਹੁੰਚਣ ਤੋਂ ਰੋਕਦੀਆਂ ਹਨ।

**ਕ੍ਰਾਇਓਏਬਲੇਸ਼ਨ ਜਾਂ ਕ੍ਰਾਇਓਸਰਜਰੀ ਵਿੱਚ ਕੈਂਸਰ ਸੈੱਲਾਂ ਨੂੰ ਮਾਰਨ ਲਈ ਟਿਸ਼ੂ ਨੂੰ ਠੰਢਾ ਕਰਨਾ ਸ਼ਾਮਲ ਹੈ।

**ਕੀਮੋਥੈਰੇਪੀ:** ਕੀਮੋਥੈਰੇਪੀ ਪ੍ਰੋਸਟੇਟ ਕੈਂਸਰ ਦੇ ਇਲਾਜ ਲਈ ਇੱਕ ਵਿਕਲਪ ਵੀ ਹੋ ਸਕਦੀ ਹੈ ਜੋ ਸਰੀਰ ਦੇ ਦੂਰ-ਦੁਰਾਡੇ ਖੇਤਰਾਂ ਵਿੱਚ ਫੈਲ ਚੁੱਕਾ ਹੈ। ਇਹ ਉਹਨਾਂ ਕੈਂਸਰਾਂ ਲਈ ਇੱਕ ਵਿਕਲਪ ਵੀ ਹੋ ਸਕਦਾ ਹੈ ਜੋ ਹਾਰਮੋਨ ਥੈਰੇਪੀ ਦਾ ਜਵਾਬ ਨਹੀਂ ਦਿੰਦੇ ਹਨ।

**ਜੀਵ-ਵਿਗਿਆਨਕ ਥੈਰੇਪੀ (ਇਮਿਊਨੋਥੈਰੇਪੀ) ਕੈਂਸਰ ਸੈੱਲਾਂ ਨਾਲ ਲੜਨ ਲਈ ਤੁਹਾਡੇ ਸਰੀਰ ਦੀ ਇਮਿਊਨ ਸਿਸਟਮ ਦੀ ਵਰਤੋਂ ਕਰਦਾ ਹੈ। ਦੀ ਇੱਕ ਕਿਸਮ ਜੀਵ ਥੈਰੇਪੀ sipuleucel-T (ਪ੍ਰੋਵੇਂਜ) ਨਾਮਕ ਅਡਵਾਂਸਡ, ਆਵਰਤੀ ਪ੍ਰੋਸਟੇਟ ਕੈਂਸਰ ਦੇ ਇਲਾਜ ਲਈ ਵਿਕਸਤ ਕੀਤਾ ਗਿਆ ਹੈ।

ਪ੍ਰੋਸਟੇਟ ਕੈਂਸਰ ਮਰਦਾਂ ਵਿੱਚ ਸਭ ਤੋਂ ਵੱਧ ਇਲਾਜਯੋਗ ਕੈਂਸਰਾਂ ਵਿੱਚੋਂ ਇੱਕ ਹੈ। ਇਹ ਆਮ ਤੌਰ ’ਤੇ ਆਪਣੇ ਆਪ ਨੂੰ ਪ੍ਰੋਸਟੇਟ ਗਲੈਂਡ ਤੱਕ ਸੀਮਤ ਕਰਦਾ ਹੈ। ਭਾਵੇਂ ਇਹ ਫੈਲਦਾ ਹੈ, ਇਹ ਬਹੁਤ ਹੌਲੀ ਹੌਲੀ ਫੈਲਦਾ ਹੈ. ਜੇਕਰ ਸਮੇਂ ਸਿਰ ਪਤਾ ਲੱਗ ਜਾਵੇ ਤਾਂ ਇਸ ਦਾ ਇਲਾਜ ਆਸਾਨੀ ਨਾਲ ਕੀਤਾ ਜਾ ਸਕਦਾ ਹੈ।

* ਸਾਬਕਾ ਡਿਪਟੀ ਮੈਡੀਕਲ ਕਮਿਸ਼ਨਰ
9815629301

# ਗੁਰਮਤਿ ਸੰਜੋਗ

ਆਪ ਜੀ ਨੂੰ ਜਾਣ ਕੇ ਅਤਿ ਪ੍ਰਸੰਨਤਾ ਹੋਵੇਗੀ ਕਿ ਗੁਰਸਿੱਖ ਬੱਚੇ/ਬੱਚੀਆਂ ਦੇ ਵਿਆਹ / ਅਨੰਦ ਕਾਰਜਾਂ ਲਈ ਜੀ.ਜੀ.ਐਮ.ਸੀ. ਵਿਖੇ ਮਾਸਿੱਖ ਪੱਤਰ 'ਗੁਰਮਤਿ ਵਿਰਸਾ' ਰਾਹੀਂ ਉਪਰਾਲੇ ਕੀਤੇ ਜਾ ਰਹੇ ਹਨ। ਹੁਣ ਆਪ ਇਸ ਸੇਵਾ ਦਾ ਹੋਰ ਫਾਇਦਾ ਲੈਣ ਲਈ ਆਪਣੇ ਬੱਚਿਆਂ ਦੀ ਪੋਸਟ ਕਾਰਡ ਸਾਇਜ਼ ਫੋਟੋ ਸਮੇਤ ਬਾਇਓ ਡਾਟਾ ਸੋਮਵਾਰ ਤੋਂ ਸ਼ੁੱਕਰਵਾਰ 12 ਤੋਂ 2 ਵਜੇ ਦੁਪਹਿਰ ਤਕ ਗੁਰਮਤਿ ਗਿਆਨ ਮਿਸ਼ਨਰੀ ਕਾਲਜ, ਪੰਜਾਬੀ ਬਾਗ, ਜਵੱਦੀ ਵਿਖੇ ਮਿਲਣ ਦੀ ਕ੍ਰਿਪਾਲਤਾ ਕਰੋ ਜੀ। ਫਾਰਮ ਭਰਨ ਦੀ ਫੀਸ ਕੇਵਲ ਇਕ ਵਾਰ 500/- ਰੁਪਏ ਲਈ ਜਾਵੇਗੀ। ਸਾਰੀ ਜਾਣਕਾਰੀ ਗੁਪਤ ਰੱਖੀ ਜਾਵੇਗੀ।



## ਲਾੜੀ ਦੀ ਲੋੜ

**ਫਾਰਮ ਨੰ. 303**

ਲੁਧਿਆਣਾ ਵਾਸੀ ਗੁਰਸਿੱਖ, ਜਨਮ ਮਿਤੀ 11-12-82, ਕੱਦ 5'-8", Qualification BHMS, MD, ਹੋਮਿਉਪੈਥੀ ਡਾਕਟਰ ਆਪਣਾ ਕਲੀਨਿਕ ਲਈ ਯੋਗ ਕੰਨਿਆ ਦੀ ਲੋੜ ਹੈ। ਸੰਪਰਕ: 94639-11443, 94640-39043

**ਫਾਰਮ ਨੰ. 372:** ਲੁਧਿਆਣਾ ਵਾਸੀ, ਜਨਮ ਮਿਤੀ 13-7-94, ਕੱਦ 5'-8" B-Tech Elec. Engineering, Settled in Canada ਲਈ ਲੜਕੀ ਦੀ ਲੋੜ ਹੈ। ਸੰਪਰਕ: 94647-63356

**ਫਾਰਮ ਨੰ. 373:** ਲੁਧਿਆਣਾ ਵਾਸੀ, ਜਨਮ ਮਿਤੀ 11-10-90, ਕੱਦ 6', 10+2, ਪ੍ਰਾਈਵੇਟ ਨੌਕਰੀ, 6 ਲੱਖ ਸਾਲਾਨਾ, ਘਰੇਲੂ ਲੜਕੀ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਸੰਪਰਕ: 98767-99132

**ਫਾਰਮ ਨੰ. 375:** Ludhiana Area, DOB 23-03-94, Hight 6'-2" Doing MD (Medicine) 2nd Year Want a Doctor Girl Should Be Gursikh either MD (Clinical) or Doing MD. Contact: 98550-10569, 87288-00569

**ਫਾਰਮ ਨੰ. 376:** ਲੁਧਿਆਣਾ ਵਾਸੀ, ਜਨਮ ਮਿਤੀ 27-4-83, ਕੱਦ 5'-9", Diploma in Software/Hardware, Occupation Auditor ਲਈ ਸੁਚੱਜੀ ਲੜਕੀ ਦੀ ਲੋੜ ਹੈ। ਸੰਪਰਕ : 75890-64853

**ਫਾਰਮ ਨੰ. 377:** ਜਲੰਧਰ ਵਾਸੀ, ਗੁਰਸਿੱਖ ਪਰਿਵਾਰ ਦੇ ਦੋ ਪੁੱਤਰ ਵੱਡਾ ਕੈਨੇਡਾ PR, ਉਮਰ 29 ਸਾਲ, ਕੱਦ 5'-9", M.Sc., ਛੋਟਾ ਪੰਜਾਬ ਵਿਚ ਕਾਰੋਬਾਰੀ, ਉਮਰ 26 ਸਾਲ, ਕੱਦ 5'-6", B.Com ਲਈ ਯੋਗ ਲੜਕੀਆਂ ਦੀ ਲੋੜ ਹੈ। ਸੰਪਰਕ: 92168-12358

**ਫਾਰਮ ਨੰ. 378:** Gursikh Issueless Divorcee, Jan. 1984, 5'-8" MBA, B.Tech, Working Top Company Mumbai, Very Decent Package, Required Homely, Unmarried/ Issueless, Divorcee/Widow Without Children Preferred. Parents Ludhiana Based. Contact: 98721-83880

**ਫਾਰਮ ਨੰ. 379:** ਲੁਧਿਆਣਾ ਵਾਸੀ, ਜਨਮ ਮਿਤੀ 1-6-1986, ਕੱਦ 5'-11", MBA, MDH ਕੰਪਨੀ ਵਿਚ ਨੌਕਰੀ, ਸੈਲਰੀ 33,000/- ਆਪਣਾ ਘਰ ਲਈ ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਸੰਪਰਕ: 98141-82370

**ਫਾਰਮ ਨੰ. 380:** ਭਿੱਖੀਵਿੰਡ ਵਾਸੀ, ਜਨਮ ਮਿਤੀ 8-12-1995, ਕੱਦ 5'-11", MA-History, Job in ICICI Bank, ਸੈਲਰੀ 28,000/- 5 ਏਕੜ ਜ਼ਮੀਨ ਲਈ ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਸੰਪਰਕ: 85679-70737

**ਫਾਰਮ ਨੰ. 381:** ਲੁਧਿਆਣਾ ਵਾਸੀ, ਜਨਮ ਮਿਤੀ 12-12-1993, ਕੱਦ 5'-6", +2, ਆਪਣੀ ਗੋਲਡ ਜਵੈਲਰੀ ਦੀ ਦੁਕਾਨ, ਸੰਪਰਕ: 81465-40125, 82890-80662

**ਫਾਰਮ ਨੰ. 383:** ਲੁਧਿਆਣਾ ਵਾਸੀ, ਜਨਮ ਮਿਤੀ 10-02-1991, ਕੱਦ 5'-8", B.Tech (Mech.) ਆਪਣਾ ਕਾਰੋਬਾਰ ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ: 98146-47179

**ਫਾਰਮ ਨੰ. 384:** ਜਨਮ ਮਿਤੀ 27-10-1991, ਕੱਦ 5'-9", BBA, ਆਪਣਾ ਕਾਰੋਬਾਰ Running Hotel on Lease ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ: 70096-42659

**ਫਾਰਮ ਨੰ. 385:** ਅਮਰੀਕਾ ਨਾਗਰਿਕ, ਜਨਮ ਮਿਤੀ 01-05-1996, ਕੱਦ 5'-9", Qualification B-Pharmacy, ਲਈ ਯੋਗ ਲੜਕੀ ਦੀ ਲੋੜ ਹੈ ਨਰਸਿੰਗ ਕੀਤੀ ਲੜਕੀ ਨੂੰ ਪਹਿਲ। ਸੰਪਰਕ: 99887-78082, +1-848-235-8564

**ਫਾਰਮ ਨੰ. 386:** ਲੁਧਿਆਣਾ ਵਾਸੀ, ਜਨਮ ਮਿਤੀ 31-7-1993, ਕੱਦ 5'-7", Qualification 10+2, Private Job Electrical Material Marketing Salary 45,000/- ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ: 95017-44821

**ਫਾਰਮ ਨੰ. 387:** ਲੁਧਿਆਣਾ ਵਾਸੀ, ਜਨਮ ਮਿਤੀ 25-12-1990, ਕੱਦ 6'-0", Qualification B.Sc., own Medical Shop & many other properties, Good Income ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ: 99885-18270, 85286-59090

**ਫਾਰਮ ਨੰ. 388:** ਲੁਧਿਆਣਾ ਵਾਸੀ, ਜਨਮ ਮਿਤੀ 04-08-1995, ਕੱਦ 5'-10", Qualification +2, Private Job, Salary 18000/- ਅੰਮ੍ਰਿਤਧਾਰੀ ਲਈ ਅੰਮ੍ਰਿਤਧਾਰੀ, ਦੁਮਾਲਾ ਵਾਲੀ ਯੋਗ ਲੜਕੀ ਦੀ ਲੋੜ ਹੈ। ਸੰਪਰਕ: 93592-20005, 75084-21123

**ਫਾਰਮ ਨੰ. 389:** ਲੁਧਿਆਣਾ ਵਾਸੀ, ਜਨਮ ਮਿਤੀ 01-07-1991, ਕੱਦ 5'-6", Qualification B.A, Occupation Accountant ਲਈ ਗੁਰਸਿੱਖ, ਅੰਮ੍ਰਿਤਧਾਰੀ, ਲੜਕੀ ਦੀ ਲੋੜ ਹੈ। ਸੰਪਰਕ 99880-41300, 99154-41932

**ਫਾਰਮ ਨੰ. 390:** ਲੁਧਿਆਣਾ ਵਾਸੀ, ਜਨਮ ਮਿਤੀ 26-5-1993, ਕੱਦ 5'-7", Qualification Master in Big Analytics (Hons.) Occupation Data Analytics at Canada Post ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ 95018-79056

**ਫਾਰਮ ਨੰ. 391:** ਲੁਧਿਆਣਾ ਵਾਸੀ, ਜਨਮ ਮਿਤੀ 4-7-1995, ਕੱਦ 5'-6", Qualification BA, Business Own Pipe Shop at Ludhiana ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ 94643-54516, 98729-36952

**ਫਾਰਮ ਨੰ. 391:** ਸਰਹਿੰਦ ਵਾਸੀ, ਜਨਮ ਮਿਤੀ 14-11-1993, ਕੱਦ 5'-10", Qualification B.Com, Private Job Assistant Agriculture Department ਲਈ ਯੋਗ ਗੁਰਸਿੱਖ ਲੜਕੀ ਦੀ ਲੋੜ ਹੈ। ਸੰਪਰਕ 95404-89803

**ਫਾਰਮ ਨੰ. 392:** ਲੁਧਿਆਣਾ ਵਾਸੀ, ਜਨਮ ਮਿਤੀ 12-11-94, ਕੱਦ 5'-4", Qualification B.com, MBA, Business, ਲਈ ਯੋਗ ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਸੰਪਰਕ: 98885-17812

**ਫਾਰਮ ਨੰ. 393:** ਹਰੀਕੇ (ਤਰਨਤਾਰਨ) ਵਾਸੀ, ਜਨਮ ਮਿਤੀ 28-4-1993, ਕੱਦ 5'-7" ਪੜ੍ਹਾਈ B.A., Art & Craft Diploma 2 years, Self Employee ਗੁਰਸਿੱਖ ਅੰਮ੍ਰਿਤਧਾਰੀ ਲੜਕੇ ਲਈ ਗੁਰਸਿੱਖ ਲੜਕੀ ਦੀ ਲੋੜ ਹੈ। ਸੰਪਰਕ: 9876738466

**ਫਾਰਮ ਨੰ. 395:** ਲੁਧਿਆਣਾ ਵਾਸੀ, ਜਨਮ ਮਿਤੀ 2 ਅਪ੍ਰੈਲ 1992, ਕੱਦ 5'-8", ਪੜ੍ਹਾਈ MA (Pol Science), ਆਪਣਾ ਕਾਰੋਬਾਰ, ਆਮਦਨ 1.50 ਲੱਖ ਮਹੀਨਾ, ਗੁਰਸਿੱਖ ਲੜਕੇ ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ : 78891-78322, 98155-68161 (ਵਟਸਐਪ)

**ਫਾਰਮ ਨੰ. 396:** ਹੁਸ਼ਿਆਰਪੁਰ ਵਾਸੀ, ਜਨਮ ਮਿਤੀ 27-08-1994, ਕੱਦ 6'-1", MBBS Doctor, Currently working on CMO post in ESI Hospital Delhi, ਅੰਮ੍ਰਿਤਧਾਰੀ ਲੜਕੇ ਲਈ ਯੋਗ ਅੰਮ੍ਰਿਤਧਾਰੀ ਲੜਕੀ ਦੀ ਲੋੜ ਹੈ। ਸੰਪਰਕ : 94170-41847 -0-

## ਲਾੜੇ ਦੀ ਲੋੜ

**ਫਾਰਮ ਨੰ. 364:** ਲੁਧਿਆਣਾ ਵਾਸੀ, ਤਲਾਕਸ਼ੁਦਾ ਲੜਕੀ, ਜਨਮ ਮਿਤੀ 11-11-1988, B.A., E.T.T., N.T.T. Govt. Teacher ਲਈ ਲੜਕੇ ਦੀ ਲੋੜ ਹੈ। ਕੇਵਲ ਲੁਧਿਆਣਾ ਜ਼ਿਲ੍ਹੇ ਵਾਲੇ ਹੀ ਸੰਪਰਕ ਕਰਨ: 95018-94943, 98765-55925

**ਫਾਰਮ ਨੰ. 394:** ਲੁਧਿਆਣਾ ਵਾਸੀ, ਜਨਮ 1982, B.A., Fashion Designer ਲਈ ਯੋਗ ਵਰ ਦੀ ਲੋੜ ਹੈ। ਸੰਪਰਕ: 99153-12064

**ਫਾਰਮ ਨੰ. 397:** ਹੁਸ਼ਿਆਰਪੁਰ ਵਾਸੀ, ਜਨਮ ਮਿਤੀ 13-09-1993, ਕੱਦ 5'-7" MBBS Doctor, Currently working in Apollo Hospital, Delhi ਲਈ ਯੋਗ ਅੰਮ੍ਰਿਤਧਾਰੀ ਲੜਕੇ ਦੀ ਲੋੜ ਹੈ। ਸੰਪਰਕ : 94170-41847

-0-

# ਗੁਰਮਤਿ ਗਿਆਨ ਮਿਸ਼ਨਰੀ ਕਾਲਜ ਲੁਧਿਆਣਾ ਵਲੋਂ ਕਰਵਾਏ ਖੇਤਰ ਪੱਧਰ ਦੇ ਮੁਕਾਬਲਿਆਂ ਦੀ ਸੰਖੇਪ ਰਿਪੋਰਟ

**ਮਾਝਾ** **ਮਾਲਵਾ** **ਦੁਆਬਾ**

ਗੁਰਮਤਿ ਗਿਆਨ ਮਿਸ਼ਨਰੀ ਕਾਲਜ ਲੁਧਿਆਣਾ ਵੱਲੋਂ ਹਰ ਸਾਲ ਵਿਦਿਆਰਥੀਆਂ ਦੇ ਗੁਰਮਤਿ ਅਤੇ ਨਰੋਈ ਸਿਹਤ ਮੁਕਾਬਲੇ ਕਰਵਾਏ ਜਾਂਦੇ ਹਨ ਇਹ ਉਪਰਾਲਾ ਅੱਜ ਤੋਂ 12 ਸਾਲ ਪਹਿਲਾਂ ਸ਼ੁਰੂ ਕੀਤਾ ਗਿਆ ਸੀ ਇਸ ਨੂੰ ਬਹੁਤ ਭਰਵਾਂ ਹੁੰਗਾਰਾ ਮਿਲਿਆ ਪਹਿਲਾਂ ਪਹਿਲ ਕੇਵਲ ਗੁਰਮਤਿ ਮੁਕਾਬਲੇ ਕਰਵਾਏ ਜਾਂਦੇ ਸਨ ਪਰ ਚਾਰ ਕੁ ਸਾਲ ਤੋਂ ਨਰੋਈ ਸਿਹਤ ਮੁਕਾਬਲੇ ਵੀ ਨਾਲ ਜੋੜੇ ਕਿਉਂਕਿ ਉਹ ਬੱਚੇ ਜਿਹੜੇ ਖੇਡਾਂ ਦੇ ਵਿੱਚ ਤਾਂ ਹੁੰਦੇ ਆ ਪਰ ਗੁਰਬਾਣੀ ਵਾਲੇ ਪਾਸੇ ਤੋਂ ਥੋੜਾ ਦੂਰ ਹੁੰਦੇ ਆ ਉਹਨਾਂ ਨੂੰ ਇਹਦੇ ਵਿੱਚ ਸ਼ਾਮਿਲ ਕਰਨ ਵਾਸਤੇ ਨਰੋਈ ਸਿਹਤ ਮੁਕਾਬਲੇ ਵੀ ਸ਼ੁਰੂ ਕਰ ਲਏ ਜਿਹਦੇ ਵਿੱਚ ਪੂਰੇ ਪੰਜਾਬ ਤੋਂ ਬੱਚੇ ਆਉਂਦੇ ਹਨ ਪਹਿਲਾਂ ਪੰਜਾਬ ਦੇ ਚਾਰ ਜੋਨ ਵੰਡੇ ਸਨ ਦੁਆਬਾ, ਮਾਲਵਾ, ਮਾਝਾ ਅਤੇ ਲੁਧਿਆਣਾ ਸ਼ਹਿਰੀ ਇਹਨਾਂ ਥਾਵਾਂ ਤੇ ਮੁਕਾਬਲੇ ਕਰਵਾ ਕੇ ਉਹਨਾਂ ਵਿੱਚੋਂ ਪਹਿਲੇ ਚਾਰ ਬੱਚੇ ਸਲੈਕਟ ਕੀਤੇ ਜਾਂਦੇ ਸੀ ਉਹਨਾਂ ਚੁਣੇ ਹੋਏ ਬੱਚਿਆਂ ਨੂੰ ਪੰਜਾਬ ਲੈਵਲ ਤੇ ਮੁਕਾਬਲਿਆਂ ਲਈ ਲੁਧਿਆਣੇ ਦੇ ਵਿੱਚ ਬੁਲਾਇਆ ਜਾਂਦਾ ਹੈ ਉਹਦੇ ਵਿੱਚ ਪਹਿਲੇ, ਦੂਜੇ ਅਤੇ ਤੀਜੇ ਨੰਬਰ ਤੇ ਆਉਣ ਵਾਲੇ ਬੱਚਿਆਂ ਨੂੰ ਵਧੀਆ ਇਨਾਮ ਦੇ ਕੇ ਅਤੇ ਸਾਰੇ ਹਿੱਸਾ ਲੈਣ ਵਾਲਿਆਂ ਨੂੰ ਮੈਡਲ ਅਤੇ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਜਾਂਦਾ ਹੈ ।ਕਰੋਨਾ ਤੋਂ ਬਾਅਦ ਕੁਝ ਥੋੜੀ ਜਿਹੀ ਖੜੋਤ ਵਾਲੇ ਪਾਸੇ ਨੂੰ ਕੰਮ ਆਇਆ ਪਰ ਇਹਨਾਂ ਮੁਕਾਬਲਿਆਂ ਦੇ ਵਿੱਚ ਉਹੀ ਗਰਮ ਜੋਸ਼ੀ ਰਹੀ ਵੱਧ ਤੋਂ ਵੱਧ ਬੱਚਿਆਂ ਨੇ ਹਿੱਸਾ ਲਿਆ ਤੇ ਫਿਰ ਇਹ ਫੈਸਲਾ ਕੀਤਾ ਗਿਆ ਕਿ ਹੁਣ ਜੋ ਸਾਡਾ ਅਸਲ ਮਕਸਦ ਹੈ ਗੁਰਮਤਿ ਗਿਆਨ ਮਿਸ਼ਨਰੀ ਕਾਲਜ ਲੁਧਿਆਣੇ ਵਾਲਿਆਂ ਦਾ, ਉਧਰ ਨੂੰ ਅਸੀਂ ਉਲਾਂਘ ਪੁੱਟੀ। ਜਿਸ ਕਰਕੇ ਨਿਰੋਈ ਸਿਹਤ ਮੁਕਾਬਲੇ ਸਮੁੱਚੇ ਤੌਰ ਤੇ ਕੇਵਲ ਤੇ ਕੇਵਲ ਸਾਬਤ ਸੂਰਤ ਬੱਚਿਆਂ ਨੂੰ ਹਿੱਸਾ ਲੈਣ ਲਈ ਕਿਹਾ। ਸਾਨੂੰ ਮਹਿਸੂਸ ਹੁੰਦਾ ਸੀ ਕਿ ਸ਼ਾਇਦ ਸਾਬਤ ਸੂਰਤ ਬੱਚੇ ਘੱਟ ਹੋਣਗੇ ਪਰ ਨਹੀਂ ਪਹਿਲੇ ਸਾਲ ਹੀ ਬਹੁਤ ਵੱਡੀ ਗਿਣਤੀ ਵਿੱਚ ਸਾਬਤ ਸੂਰਤ ਬੱਚਿਆਂ ਨੇ ਵੱਧ ਚੜ ਕੇ ਖੇਡਾਂ ਵਿੱਚ ਹਿੱਸਾ ਲਿਆ ਜੋ ਅੱਜ ਨਿਰੰਤਰ ਜਾਰੀ ਹੈ। ਗੁਰਮਤਿ ਮੁਕਾਬਲਿਆਂ ਵਿੱਚ ਅਸੀਂ ਸਿੱਖ ਬੱਚਿਆਂ ਨੂੰ ਛੱਡ ਕੇ ਬਾਕੀ ਜਿਹੜੇ ਧਰਮਾਂ ਦੇ ਬੱਚੇ ਆਏ ਉਹਨਾਂ ਨੂੰ ਵੀ ਮੌਕਾ ਦਿੱਤਾ ਗਿਆ ਹੈ, ਇੱਥੇ ਸਾਬਤ ਸੂਰਤ ਦੀ ਸ਼ਰਤ ਨੂੰ ਲਾਗੂ ਨਹੀਂ ਕੀਤਾ ਤਾਂ ਜੋ ਹੋਰ ਧਰਮਾਂ ਦੇ ਬੱਚੇ ਵੀ ਗੁਰਬਾਣੀ ਅਤੇ ਸਿੱਖ ਇਤਿਹਾਸ ਬਾਰੇ ਜਾਣਕਾਰੀ ਹਾਸਿਲ ਕਰ ਸਕਣ। ਹੁਣ ਇਸ ਸਾਲ ਅਸੀਂ ਹਰ ਸਾਲ ਦੀ ਤਰ੍ਹਾਂ ਪ੍ਰੋਗਰਾਮ ਉਲੀਕਿਆ ਜੋ ਕਿ ਦੁਆਬੇ ਦੇ ਵਿੱਚ ਗੁਜਰਪੁਰਾ ਨਵਾਂ ਸ਼ਹਿਰ ਦੇ ਲਾਗੇ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਗੁਰਮਤਿ ਪ੍ਰਚਾਰ ਕੇਂਦਰ (ਨਵਾਂ ਸ਼ਹਿਰ) ਵਿਖੇ ਸਾਰੇ ਦੁਆਬੇ ਦੇ ਬੱਚਿਆਂ ਵਿੱਚ ਮੁਕਾਬਲੇ ਹੋਏ। ਇਹਨਾਂ ਮੁਕਾਬਲਿਆਂ ਵਿੱਚ ਗੁਰਬਾਣੀ ਕੰਠ, ਸ਼ਬਦ ਵਿਚਾਰ, ਕਵੀਸ਼ਰੀ, ਕਵਿਤਾ, ਭਾਸ਼ਣ, ਦਸਤਾਰ ਮੁਕਾਬਲੇ, ਧਾਰਮਿਕ ਸਵਾਲ ਜਵਾਬ ਅਤੇ ਚਿੱਤਰਕਲਾ ਦੇ ਮੁਕਾਬਲੇ ਵੀ ਰੱਖੇ ਗਏ। ਖੇਡਾਂ ਦੇ ਵਿੱਚ ਲੜਕੀਆਂ ਤੇ ਲੜਕਿਆਂ ਵਾਸਤੇ ਅਲੱਗ ਅਲੱਗ ਮੁਕਾਬਲੇ ਕਰਵਾਏ ਗਏ, ਜਿਵੇਂ ਗੋਲਾ ਸੁੱਟਣਾ, ਲੰਮੀ ਛਾਲ, ਰੱਸੀ ਟੱਪਣਾ, ਤਿੰਨ ਇੱਟਾਂ ਲੈ ਕੇ ਤੁਰਨਾ ਅਤੇ ਰੱਸਾ ਖਿੱਚਣਾ ਜਿਹਨੂੰ ਰੱਸਾ ਕਸ਼ੀ ਵੀ ਕਹਿੰਦੇ ਹਾਂ। ਇਨ੍ਹਾਂ ਮੁਕਾਬਲਿਆਂ ਵਿੱਚ ਇਸ ਸਾਲ ਤੋਂ ਰੱਸਾਕਸ਼ੀ ਮੁਕਾਬਲੇ ਲਈ ਲੜਕੀਆਂ ਨੂੰ ਵੀ ਸ਼ਾਮਿਲ ਕੀਤਾ ਹੈ, ਜੋ ਕਿ ਬਹੁਤ ਹੀ ਵਧੀਆ ਰਿਹਾ। ਹਰ ਖੇਤਰ ਵਿੱਚ ਚਾਰ ਪੰਜ ਟੀਮਾਂ ਨੇ ਹਿੱਸਾ ਲਿਆ। ਦੁਆਬੇ ਦੇ ਮੁਕਾਬਲੇ 5 ਅਕਤੂਬਰ ਨੂੰ ਕਰਵਾਏ ਗਏ ਸਨ, ਉਸ ਤੋਂ ਬਾਅਦ 9 ਅਕਤੂਬਰ ਨੂੰ ਮਾਲਵਾ ਅਤੇ ਲੁਧਿਆਣਾ ਸ਼ਹਿਰੀ ਦੇ ਇਕੱਠੇ ਮੁਕਾਬਲੇ ਲੁਧਿਆਣੇ ਸ਼ਹਿਰ ਵਿੱਚ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਬਸੰਤ ਐਵਨਿਊ ਵਿਖੇ ਕਰਵਾਏ ਗਏ।



ਇਸ ਤੋਂ ਬਾਅਦ 12 ਅਕਤੂਬਰ ਨੂੰ ਪਿੰਡ ਪਰਿੰਗੜੀ ਦੇ ਗੁਰਦੁਆਰਾ ਬਾਬਾ ਹਰਨਾਮ ਸਿੰਘ ਜੀ, ਜਿਲ੍ਹਾ ਤਰਨ ਤਾਰਨ ਵਿਖੇ ਮਾਝੇ ਦੇ ਸਾਰੇ ਕੇਂਦਰਾਂ ਦੇ ਮੁਕਾਬਲੇ ਕਰਵਾਏ ਗਏ। ਇਹਨਾਂ ਤਿੰਨਾਂ ਖੇਤਰਾਂ ਦੇ ਮੁਕਾਬਲਿਆਂ ਵਿੱਚ ਤਕਰੀਬਨ ਹਰ ਖੇਤਰ ਵਿੱਚ 450 ਵਿਦਿਆਰਥੀਆਂ ਨੇ ਹਿੱਸਾ ਲਿਆ। ਇਹਨਾਂ ਤਿੰਨਾਂ ਖੇਤਰਾਂ ਮਾਲਵਾ, ਦੁਆਬਾ ਅਤੇ ਮਾਝੇ ਦੇ ਹੋਏ ਮੁਕਾਬਲਿਆਂ ਵਿੱਚੋਂ 5-5 ਬੱਚੇ ਹਰ ਖੇਤਰ ਤੋਂ ਹਰ ਇੱਕ ਮੁਕਾਬਲੇ ਦੇ ਵਿੱਚ ਚੁਣੇ ਗਏ, ਜਿਨਾਂ ਨੂੰ 9 ਨਵੰਬਰ 2025 ਨੂੰ ਜਗਰਾਉਂ ਲਾਗੇ ਪਿੰਡ ਕੁਲਾਰ, ਜ਼ਿਲ੍ਹਾ ਲੁਧਿਆਣਾ ਵਿਖੇ ਪੰਜਾਬ ਪੱਧਰ ਦੇ ਮੁਕਾਬਲਿਆਂ ਵਾਸਤੇ ਚੁਣਿਆ ਗਿਆ ਹੈ। ਇਹਨਾਂ ਸਾਰੇ ਮੁਕਾਬਲਿਆਂ ਨੂੰ ਕਰਾਉਣ ਵਾਸਤੇ ਪੰਜਾਬ ਭਰ ਦੀਆਂ ਸੰਗਤਾਂ, ਗੁਰਮਤਿ ਪ੍ਰਚਾਰ ਕੇਂਦਰ ਦੇ ਪ੍ਰਚਾਰਕ ਅਤੇ ਪ੍ਰਬੰਧਕ ਵੀਰਾਂ, ਗੁਰਮਤਿ ਗਿਆਨ ਮਿਸ਼ਨਰੀ ਕਾਲਜ ਲੁਧਿਆਣਾ ਦੀ ਸਮੂਹ ਸੰਗਤ ਅਤੇ ਪ੍ਰਬੰਧਕਾਂ ਦਾ ਭਰਵਾਂ ਯੋਗਦਾਨ ਰਹਿੰਦਾ ਹੈ। ਇਸ ਵਾਰੀ ਕੁਲਾਰ ਪਿੰਡ ਦੀ ਸੰਗਤ ਨੇ ਇਹ ਸੇਵਾ ਪੰਜਾਬ ਪੱਧਰ ਦੇ ਮੁਕਾਬਲਿਆਂ ਦੇ ਕਰਾਉਣ ਦੀ ਲਈ ਹੈ। ਜੋ ਕਿ 9 ਨਵੰਬਰ ਨੂੰ ਬੜੀ ਧੂਮਧਾਮ ਨਾਲ ਕਰਵਾਏ ਜਾਣੇ ਹਨ, ਇਹਨਾਂ ਮੁਕਾਬਲਿਆਂ ਵਿੱਚ ਕੇਵਲ ਖੇਤਰ ਪੱਧਰ ਤੋਂ ਚੁਣੇ ਹੀ ਵਿਦਿਆਰਥੀ ਹਿੱਸਾ ਲੈ ਸਕਦੇ ਹਨ। ਸੋ ਇਹ ਸਾਰੇ ਮੁਕਾਬਲਿਆਂ ਦੀ ਸ਼ੁਰੂਆਤ ਤੋਂ ਅੱਜ ਤੱਕ ਇਹਦੇ ਤੇ ਮੈਂ ਆਪਣੇ ਸੰਖੇਪ ਵਿਚਾਰ ਸੰਗਤਾਂ ਦੇ ਸਾਹਮਣੇ ਰੱਖੇ ਆ। ਸੋ ਇੱਕ ਬੇਨਤੀ ਹੈ ਕਿ ਇਹਨਾਂ ਮੁਕਾਬਲਿਆਂ ਵਿੱਚ ਆਪਣੇ ਬੱਚਿਆਂ ਨੂੰ ਵੱਧ ਤੋਂ ਵੱਧ ਭੇਜੋ ਤਾਂ ਕਿ ਉਹ ਸਿੱਖੀ ਦੇ ਨਾਲ ਜੁੜ ਸਕਣ ਜਿੱਥੇ ਉਹ ਖੇਡਾਂ ਖੇਡਦੇ ਹਨ ਉੱਥੇ ਆਪਣੀ ਸਾਬਤ ਸੂਰਤ ਤੇ ਅੰਮ੍ਰਿਤਧਾਰੀ ਹੋ ਕੇ ਕੌਮ ਦੇ ਵਿੱਚ ਇੱਕ ਵੱਖਰਾ ਜੋਸ਼ ਭਰ ਰਹੇ ਹਨ ਕਿ ਅਸੀਂ ਸਾਬਤ ਸੂਰਤ ਰਹਿ ਕੇ ਵੀ ਇਹ ਸਾਰੀਆਂ ਖੇਡਾਂ ਖੇਡ ਸਕਦੇ ਹਾਂ, ਬਹੁਤ ਬੱਚੇ ਅੱਗੇ ਆ ਰਹੇ ਹਨ। ਸੋ ਮੇਰੀ ਆਖਰੀ ਇਹੀ ਬੇਨਤੀ ਹੈ ਕਿ ਆਪਾਂ ਸਾਰੇ ਮਿਲ ਕੇ ਸਿੱਖ ਕੌਮ ਦੇ ਬੱਚਿਆਂ ਨੂੰ ਜਾਂ ਸਿੱਖੀ ਵਿੱਚ ਪ੍ਰਫੁੱਲਤ ਕਰਨ ਵਾਸਤੇ ਹਮਲਾ ਮਾਰੀਏ।

-0-

**ਕਵਿਤਾ:**

# ਸਤਿਗੁਰ ਨਾਨਕ ਆਇਆ

**ਕੁਲਦੀਪ ਸਿੰਘ ਪਰਿੰਗੜੀ**
**# 97810-55848**

ਭਾਗਾਂ ਵਾਲਾ ਦਿਨ ਚੜ੍ਹਿਆ ਸੀ, 1400 ਤੇ 69
ਨਾਨਕੀ ਭੈਣ ਦਾ ਵੀਰ ਪਿਆਰਾ ਮਹਿਤਾ ਜੀ ਦਾ ਪੁੱਤਰ
ਸੂਰਜ ਵਾਂਗੂੰ ਚਿਹਰਾ ਲੱਗਦਾ ਮਾਂ ਤ੍ਰਿਪਤਾ ਦਾ ਜਾਇਆ
ਡੁੱਬਦੀ ਦੁਨੀਆਂ ਤਾਰਨ ਖਾਤਰ, ਸਤਿਗੁਰ ਨਾਨਕ ਆਇਆ
ਪਰਜਾ ਉਪਰ ਜ਼ੁਲਮ ਕਮਾਉਂਦੇ, ਰਾਜੇ ਬਣੇ ਕਸਾਈ
ਵਾੜ ਖੇਤ ਨੂੰ ਖਾਈ ਜਾਂਦੀ, ਡਾਢੀ ਤੰਗ ਲੁਕਾਈ
ਧਰਤੀ ਮਾਂ ਦੀਆਂ ਕੂਕਾਂ ਸੁਣ ਕੇ, ਸੋਹਣਾ ਕਰਮ ਕਮਾਇਆ
ਡੁੱਬਦੀ ਦੁਨੀਆਂ ਤਾਰਨ ਖਾਤਰ, ਸਤਿਗੁਰ ਨਾਨਕ ਆਇਆ
ਮਾੜੇ ਤੇ ਮਜਲੂਮ ਦੇ ਤਾਂਈ ਲੁੱਟਦੇ ਸੀ ਜਰਵਾਣੇ
ਕੂੜ ਬੜਾ ਪ੍ਰਧਾਨ ਹੋ ਗਿਆ ਵਿਗੜ ਗਏ ਸਭ ਤਾਣੇ
ਫੁੱਲਾਂ ਭਰੀ ਬਗੀਚੀ ਅੰਦਰ, ਹਰ ਇਕ ਫੁੱਲ ਮੁਰਝਾਇਆ
ਡੁੱਬਦੀ ਦੁਨੀਆਂ ਤਾਰਨ ਖਾਤਰ, ਸਤਿਗੁਰ ਨਾਨਕ ਆਇਆ
ਪਾਪਾਂ ਵਾਲੀ ਧੁੰਦ ਫੈਲ ਗਈ, ਹੋਇਆ ਘੁੱਪ ਹਨੇਰਾ
ਦੁਨੀਆਂ ਵਾਲੇ ਤਰਸ ਗਏ ਸੀ, ਆਉਣਾਂ ਕਦੋਂ ਸਵੇਰਾ
ਭਾਰਤ ਦੇ ਅਸਮਾਨ ਦੇ ਉਤੇ, ਜ਼ੁਲਮੀਂ ਬੱਦਲ ਛਾਇਆ
ਡੁੱਬਦੀ ਦੁਨੀਆਂ ਤਾਰਨ ਖਾਤਰ, ਸਤਿਗੁਰ ਨਾਨਕ ਆਇਆ
ਭੁੱਖੇ ਬਾਬੇ ਦੇਖੇ ਸੀ ਜਦ, ਵੀਹ ਰੁਪਏ ਖਰਚੇ
ਸੱਚਾ ਸੌਦਾ ਕੀਤਾ ਨਾਨਕ, ਹੋਣ ਲੱਗੇ ਫਿਰ ਚਰਚੇ
ਰਹਿੰਦੀ ਦੁਨੀਆਂ ਤੀਕਰ ਚੱਲੂ, ਐਸਾ ਲੰਗਰ ਲਾਇਆ
ਡੁੱਬਦੀ ਦੁਨੀਆਂ ਤਾਰਨ ਖਾਤਰ, ਸਤਿਗੁਰ ਨਾਨਕ ਆਇਆ
ਬੇਈਮਾਨਾਂ ਦਾ ਜ਼ੋਰ ਪੈ ਗਿਆ, ਵਧਦੀ ਹੇਰਾ ਫੇਰੀ
ਸ਼ਾਹਾਂ ਨੇ ਸੀ ਲੁੱਟ ਮਚਾਈ, ਕਰਦੇ ਮੇਰੀ-ਮੇਰੀ
ਤੇਰਾ ਤੇਰਾ ਕਹਿ ਕੇ ਸਤਿਗੁਰ ਦੁਨੀਆਂ ਨੂੰ ਸਮਝਾਇਆ
ਡੁੱਬਦੀ ਦੁਨੀਆਂ ਤਾਰਨ ਖਾਤਰ, ਸਤਿਗੁਰ ਨਾਨਕ ਆਇਆ
ਪਰਉਪਕਾਰੀ ਨਾਨਕ ਜੀ ਦੀ, ਕੀ-ਕੀ ਸਿਫਤ ਸੁਣਾਵਾਂ
ਹਰ ਧਰਮਾਂ ਦੇ ਸੀ ਰਹਿਬਰ ਕੀ ਆਖ ਸੁਣਾਵਾਂ
ਕੁਲਦੀਪ ਪਰਿੰਗੜੀ ਵਾਲਾ ਕਹਿੰਦਾ, ਜੱਸ ਸਟੇਜੀ ਗਾਇਆ
ਡੁੱਬਦੀ ਦੁਨੀਆਂ ਤਾਰਨ ਖਾਤਰ, ਸਤਿਗੁਰ ਨਾਨਕ ਆਇਆ

**ਸ਼ਬਦ ਵਿਚਾਰ (ਸਫਾ 9 ਦਾ ਬਾਕੀ)**

ਮਿਹਨਤੀ ਵਿਦਿਆਰਥੀ ਅੱਗੇ ਫਿਰ ਕਦੇ ਵੀ *"ਪਰੈ ਨ ਜਮ ਕੀ ਫਾਸ"* ਰੁਕਾਵਟਾਂ ਨਹੀਂ ਆਉਣਗੀਆਂ। ਜਮ ਦੇ ਮਹਾਨ ਕੋਸ਼ ਅਨੁਸਾਰ 8 ਅਰਥ ਆਉਂਦੇ ਹਨ ਉਂਝ ਮੋਟੇ ਤੌਰ 'ਤੇ ਇਹ ਸਮਝਿਆ ਜਾਂਦਾ ਹੈ ਕਿ ਜਦੋਂ ਪ੍ਰਾਣੀ ਮਰ ਜਾਂਦਾ ਹੈ ਤਾਂ ਉਸ ਦੀ ਆਤਮਾ ਨੂੰ ਜਮ ਲੈ ਕੇ ਧਰਮ ਰਾਜ ਕੋਲ ਪੇਸ਼ ਕਰਦੇ ਹਨ। ਜਮ ਮਨੁੱਖ ਨੂੰ ਬਹੁਤ ਤਕਲੀਫ ਦਿੰਦੇ ਹਨ। ਗੁਰਮਤਿ ਅਜਿਹਾ ਫਰਜ਼ੀ ਜਮਾਂ ਨੂੰ ਕੋਈ ਮਾਨਤਾ ਨਹੀਂ ਦਿੰਦੀ। ਇਸ ਦਾ ਭਾਵ ਹੈ ਕਿ ਜਿਉਂਦੇ ਜੀਅ ਵਿਕਾਰਾਂ ਦੇ ਵੱਸ ਨਹੀਂ ਪੈਂਦਾ ਭਾਵ ਵਿਸ਼ੇ-ਵਿਕਾਰਾਂ ਵਾਲੀ ਸੋਚ ਜਨਮ ਨਹੀਂ ਲੈਂਦੀ। ਇਸ ਸਲੋਕ ਵਿਚ ਗੁਰਦੇਵ ਪਿਤਾ ਜੀ ਨੇ ਸਮਾਜ ਵਿੱਚ ਆ ਰਹੀ ਸਮੱਸਿਆ ਦਾ ਉੱਤਰ ਦਿੱਤਾ ਹੈ—੨-

1. ਕਿਉਂ ਵਿਸ਼ੇ ਵਿਕਾਰਾਂ ਵਾਲੇ ਰਸਤੇ ਤੇ ਚੱਲ ਪਿਆ ਏਂ? ਭਾਵ ਹਰ ਵੇਲੇ ਮਨ ਵਿੱਚ ਭੈੜੀ ਸੋਚ ਹੀ ਘੁੰਮਦੀ ਰਹਿੰਦੀ ਹੈ।

2. ਵਿਸ਼ੇ ਵਿਕਾਰ ਐਂਨੇ ਭਾਰੀ ਹੋ ਜਾਂਦੇ ਹਨ ਕਿ ਉਨ੍ਹਾਂ ਵਿਚੋਂ ਪਲ ਪਰ ਲਈ ਵੀ ਛੱਡਣ ਲਈ ਤਿਆਰ ਨਹੀਂ ਹੁੰਦਾ।

3. ਜੇ ਗੁਰ-ਗਿਆਨ ਨੂੰ ਮਨ ਸਮਝ ਲਏ ਤਾਂ ਫਿਰ ਇਹ ਕੋਈ ਰਸਤਾ ਔਖਾ ਨਹੀਂ ਹੁੰਦਾ।

4. ਰੁਕਾਵਟਾਂ ਆਪਣੇ ਆਪ ਹੀ ਖਤਮ ਹੋ ਜਾਂਦੀਆਂ ਹਨ ਜਦੋਂ ਮਨ ਇਮਾਨਦਾਰੀ ਸਤ ਸੰਤੋਖ ਨੂੰ ਆਪਣੀ ਸੋਚ ਦਾ ਹਿੱਸਾ ਬਣਾਉਂਦਾ ਹੈ।

ਇਸ ਸਲੋਕ ਵਿਚ ਗੁਰਦੇਵ ਪਿਤਾ ਜੀ ਨੇ ਸਮਝਾਉਂਦੇ ਹਨ ਠੱਗ ਹੱਥ ਤੇ ਹੱਥ ਮਾਰ ਕੇ ਲੁੱਟ ਲੈਂਦੇ ਹਨ—੨—

*ਰਾਜੁ ਮਾਲੁ ਰੂਪੁ ਜਾਤਿ ਜੋਬਨੁ ਪੰਜੇ ਠਗ॥*
*ਏਨੀ ਠਗੀਂ ਜਗੁ ਠਗਿਆ ਕਿਨੈ ਨ ਰਖੀ ਲਜ॥ (੧੨੮੮)*

**सफा 36 का बाकी**

डराने के लिए, पहले भाई दयाला जी को देग में उबाल कर शहीद किया गया। फिर भाई मति दास जी को उनके सनमुख आरे से चीर कर दो फाड़ कर दिया। भाई सति दास जी की शहीदी दिल्ली चांदनी चौंक में फुहारा चौंक पर की गई। बाद में भाई सति दास जी को शहीद करने के लिए रूईं में लपेट कर और आग लगा कर जला दिया गया। उपरांत गुरू तेग बहादुर जी को 11 नवम्बर संन् 1675 को चांदनी चौंक में जलालूदीन समाणे वाले जल्लाद की तलवार से शहीद करवाया गया। जिस स्थान पर यह षहादत हुई, वहां पर आजकल गुरूद्वारा षीशगंज स्थित है।

भाई जैता जी तथा भाई ऊदा जी ने भाई लक्खी शाह वणजारे, भाई नानूं मल्ल, मक्खण शाह लुबाणा इत्यादि से मशविरा करके गुरू जी का धड़ तथा शीश संभालने के लिए योजना बनायी। भाई लक्खी शाह बैल गाडी लेकर लाल किले में चूना कलि फैंककर चांदनी चौंक से गुजरा। तय प्रोग्राम के अनुसार भाई उदे ने जो मुसलमानी भेस में थे, सतिगुरू जी का धड़, बैल गाडी में रख लिया, पांच किलोमीटर जाकर गांव रकाब गंज में भाई लक्खी शाह ने अपने घर को आग लगाकर संस्कार कर दिया, जहां पर आज कल गुरूद्वारा रकाबगंज है।

उधर भाई जैता जी और भाई नानूं जी शीश की संभाल के लिए तत्पर थे। उन्होंने मौका देखते ही गुरू जी का पवित्र शीश उठाया। भाई जैता जी गुरू साहिब का शीश लेकर अनंदपुर साहिब की तरफ चल पड़े। भाई आझा, भाई ऊदा तथा भाई नानूं जी भी मार्ग में मिल गये। चारों सिख शीश लेकर गुरू गोबिन्द सिंघ जी के पास पहुँचे। गुरू जी ने गले से लगाया तथा भाई जैता जी तथा ऊदा जी को 'रंघरेटे गुर के बेटे' कह कर सम्मानित किया और शेष गुरसिखों को भी आशीशें बखशिश की। जहां पर गुरू तेग बहादर साहिब जी के शीश का संस्कार किया गया, वहां पर आज कल गुरूद्वारा शीशगंज (अनंदपुर साहिब) सुशोवित है।

## 12 ਅਕਤੂਬਰ 2025 ਨੂੰ ਮਾਝਾ ਖੇਤਰ ਵਲੋਂ ਕਰਵਾਏ ਗੁਰਮਤਿ ਅਤੇ ਨਰੋਈ ਸਿਹਤ ਮੁਕਾਬਲੇ ਦੀਆਂ ਝਲਕਾਂ ਤਸਵੀਰਾਂ ਦੀ ਜ਼ੁਬਾਨੀ










RNI No.: PUNMUL/2019/78309 Postal Regd. No.: L-6/PB/LDC/805/2024-26 (31-12-2026) Postal Date: 5th of every month

# 9 ਅਕਤੂਬਰ 2025 ਨੂੰ ਮਾਲਵਾ ਖੇਤਰ ਵਲੋਂ ਕਰਵਾਏ ਗੁਰਮਤਿ ਅਤੇ ਨਰੋਈ ਸਿਹਤ ਮੁਕਾਬਲੇ ਦੀਆਂ ਝਲਕਾਂ ਤਸਵੀਰਾਂ ਦੀ ਜ਼ੁਬਾਨੀ









